INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਿਤ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਪ੍ਰੈਲ 2026



ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਨੰਗੀ ਤਲਵਾਰ ਲੈ ਕੇ ਸੰਗਤਾਂ ਵਿਚੋਂ ਸੀਸ ਦੀ ਮੰਗ ਕਰਦੇ ਹੋਏ।

## ਟਰਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਉਤਰਾਖੰਡ ਵਿਚ ਹੋਏ ਗੁਰਮਤਿ ਸਮਾਗਮਾਂ ਦੌਰਾਨ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।





ਨਾਨਕਪੁਰੀ ਟਾਂਡਾ (ਉਤਰਾਖੰਡ)



ਸਿਤਾਰਗੰਜ (ਉਤਰਾਖੰਡ)






ਬੱਚਿਆਂ ਨੂੰ ਉੱਚ ਵਿਦਿਆ ਗ੍ਰਹਿਣ ਕਰਾਉਣ ਲਈ, ਰਤਵਾੜਾ ਸਾਹਿਬ ਟਰਸਟ ਅਧੀਨ ਚਲ ਰਹੇ, ਬੀ.ਐਡ. ਕਾਲਜ ਅਤੇ ਨਰਸਿੰਗ ਸਕੂਲ ਵਲੋਂ **"ਰਤਵਾੜਾ ਸਾਹਿਬ ਟਰਸਟ ਵਲੋਂ ਵਿਦਿਅਕ ਖੇਤਰ ਵਿਚ ਯੋਗਦਾਨ ਵਿਸ਼ੇ"** ਤੇ ਇਕ ਰੋਜ਼ਾ ਸੈਮੀਨਾਰ 2 ਮਾਰਚ 2026 ਨੂੰ ਕਰਵਾਇਆ ਗਿਆ। ਜਿਸ ਵਿਚ ਵਿਦਵਾਨ ਵਕਤਾ ਦੇ ਤੌਰ ਤੇ ਪ੍ਰੋ: (ਡਾ.) ਸਰਬਜਿੰਦਰ ਸਿੰਘ ਵਾਈਸ ਚਾਂਸਲਰ ਫਿਊਚਿਰਸਟੀਕ ਯੂਨੀਵਰਸਿਟੀ ਸ੍ਰੀ ਅਨੰਦਪੁਰ ਸਾਹਿਬ ਅਤੇ ਪ੍ਰੋ: (ਡਾ.) ਸੁਖਪਾਲ ਸਿੰਘ ਚੇਅਰਪਰਸਨ ਪੰਜਾਬ ਸਟੇਟ ਫਾਰਮਰਸ ਨੇ ਸ਼ਿਰਕਤ ਕੀਤੀ। ਟਰਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਬਚਨ ਕਰਨ ਉਪਰੰਤ, ਵਿਦਵਾਨ ਵਕਤਾ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਆਤਮ ਮਾਰਗ ਦੇ ਮੈਨੇਜਿੰਗ ਐਡੀਟਰ ਅਤੇ ਟਰਸਟੀ ਡਾ. (ਭਾਈ) ਸੁਖਵਿੰਦਰ ਸਿੰਘ ਨੂੰ ਕਾਲਜਾਂ ਦੇ ਡਾਇਰੈਕਟਰ ਨਾਮਜ਼ਦ ਕੀਤਾ ਗਿਆ। ਇਸ ਮੌਕੇ ਸ੍ਰੀ ਮਾਨ ਬਾਬਾ ਕਰਨੈਲ ਸਿੰਘ (ਵਾਈਸ ਚੇਅਰਮੈਨ), ਸ. ਮਨਜੀਤ ਸਿੰਘ ਯੂ.ਐਸ.ਏ (ਵਾਈਸ ਚੇਅਰਮੈਨ), ਭਾਈ ਗੁਰਮੁਖ ਸਿੰਘ, ਭਾਈ ਜਸਵੰਤ ਸਿੰਘ, ਭਾਈ ਜਸਵਿੰਦਰ ਸਿੰਘ, ਹੋਰ ਟਰਸਟ ਮੈਂਬਰ ਅਤੇ ਕਾਲਜਾਂ ਦੇ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਅਪ੍ਰੈਲ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

| **ਚੇਅਰਮੈਨ** | **ਐਡੀਟਰ-ਇਨ-ਚੀਫ** |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |

ਮੈਨੇਜਿੰਗ ਐਡੀਟਰ ਭਾਈ. (ਡਾ.) ਸੁਖਵਿੰਦਰ ਸਿੰਘ ਜੀ

**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

**Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India**

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| **4500/-** | **45000/-** |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**


**Media Broadcast (Ratwara Sahib)**

**Please visit us on internet at :-**

**For Atam Marg Email : atammarg1@yahoo.co.in,**

**Website & Live video -**

**www.ratwarasahib.org**
**www.ratwarasahib.com**
**www.vgrmct.org**

**Apps: RATWARASAHIB TV (for both apple & andriod) (Availeble 24 Hours)**

**Email : sratwarasahib.in@gmail.com**

**Live Programme & Cable Tv Network**

**98728-14385, 94172-14385**

**98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
**001-408-263-1844**

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
**001-604-433-0408**

**ਭਾਈ ਤਰਸੇਮ ਸਿੰਘ ਬੈਂਸ**
**001-604-862-9525**

**ਭਾਈ ਜਸਬੀਰ ਸਿੰਘ ਰਾਣੂ**
**001-778-574-3213**

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
**0044-121-200-2818**

**ਭਾਈ ਅਰਵਿੰਦਰ ਸਿੰਘ (ਰਾਜ)**
**0044-7968734058**

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
**0061-406619858**

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਸਕੂਲ 9814612900
7. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


1. **ਸੰਪਾਦਕੀ** 5

*ਭਾਈ (ਡਾ.) ਸੁਖਵਿੰਦਰ ਸਿੰਘ*

2. **ਬਾਰਹ ਮਾਹਾ** 9

*ਭਾਈ (ਡਾ.) ਸੁਖਵਿੰਦਰ ਸਿੰਘ*

3. **ਵਿਸਾਖੀ** 11

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. **ਚਉਥੈ ਪਹਰਿ ਸਬਾਹ ਕੈ..............॥** 22

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. **ਗੁਰ ਕੀ ਪ੍ਰਤੀਤ** 27

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. **ਵਿਸਾਖੀ** 35

*ਸੰਤ ਬਾਬਾ ਲਖਬੀਰ ਸਿੰਘ ਜੀ*

7. **ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥** 42

*ਸੰਤ ਬਾਬਾ ਹਰਪਾਲ ਸਿੰਘ ਜੀ*

8. **ਗੁਰਬਾਣੀ ਅਰਥ ਭੰਡਾਰ** 46

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. **ਜਨ ਪਰਉਪਕਾਰੀ ਆਏ - ਭਾਗ 4** 49

*ਪ੍ਰੋ. ਗੁਰਦੇਵ ਸਿੰਘ*

10. **ਗੁਰ ਨਾਨਕ ਆਗਮਨ** 53

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

11. **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** 56
**ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,**
**ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ**

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ, 98146-12900*

ਭਾਰਤ ਵਰਸ਼ ਅੰਦਰ ਮਾਰਚ ਮਹੀਨੇ ਵਿਚ ਹੋਲੀ ਦਾ ਤਿਉਹਾਰ ਵੱਖ-ਵੱਖ ਤਰੀਕਿਆਂ ਨਾਲ ਮਨਾਇਆ ਗਿਆ। ਇਸੇ ਹੋਲੀ ਨੂੰ ਨਵੀਨ ਰੂਪ ਵਿਚ ਮਨਾਉਣ ਲਈ ਸਿੱਖ ਕੌਮ ਲਈ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ ਮਹੱਲਾ' ਦੀ ਰਵਾਇਤ ਸ਼ੁਰੂ ਕੀਤੀ। ਹੋਲਾ ਮਹੱਲਾ ਹਰ ਗੁਰਸਿੱਖ ਲਈ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਮਾਰਚ ਮਹੀਨੇ ਦੀ ਸੰਪਾਦਕੀ ਵਿਚ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਸੰਕਲਪ ਦੀ ਵਿਚਾਰ ਕਰਦਿਆਂ ਨਾਮ ਅਤੇ ਚੜ੍ਹਦੀ ਕਲਾ ਬਾਰੇ ਵਿਚਾਰ ਸਾਂਝੇ ਕੀਤੇ ਗਏ ਸਨ। ਹੁਣ ਅਸੀਂ ਅਗਲੇ ਦੋ ਮੁੱਖ ਸਿਧਾਂਤ ਭਾਣੇ ਅਤੇ ਸਰਬੱਤ ਦੇ ਭਲੇ ਦੀ ਵਿਚਾਰ ਸਾਂਝੀ ਕਰਨ ਜਾ ਰਹੇ ਹਾਂ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ (1469 ਈ. ਤੋਂ 1708 ਈ.) ਇਕ ਪੂਰਨ ਮਨੁੱਖ ਦੀ ਸਿਰਜਨਾ ਕਰਨਾ ਸਤਿਗੁਰਾਂ ਦਾ ਪਰਮ ਮਨੋਰਥ ਸੀ। ਸਤਿਗੁਰਾਂ ਨੇ ਪੂਰਨਤਾ ਪ੍ਰਦਾਨ ਕਰਨ ਲਈ ਸਮੇਂ-ਸਮੇਂ ਸਿਰ ਗੁਰਬਾਣੀ ਅਤੇ ਪਵਿੱਤਰ ਉਪਦੇਸ਼ ਦ੍ਰਿੜ੍ਹ ਕਰਵਾਏ। ਇਕ ਪੂਰਨ ਮਨੁੱਖ ਦੀ ਸਿਰਜਨਾ ਹੀ ਵਿਸ਼ਵ ਨੂੰ ਸੁੱਖ-ਸ਼ਾਂਤੀ ਪ੍ਰਦਾਨ ਕਰ ਸਕਦੀ ਸੀ, ਜਿਸ ਵਿਚ ਨਾਮ ਵੀ ਸੰਮਿਲਤ ਹੋਵੇਗਾ, ਉਹ ਚੜ੍ਹਦੀ ਕਲਾ ਵਿਚ ਵਿਚਰਦਾ, ਭਾਣੇ ਅਤੇ ਰਜ਼ਾ ਵਿਚ, ਰਹਿੰਦਾ ਹੋਇਆ ਸਦਾ ਸਰਬੱਤ ਦਾ ਭਲਾ ਮੰਗਦਾ ਹੋਇਆ ਜੀਵਨ ਬਤੀਤ ਕਰੇਗਾ। ਸਤਿਗੁਰਾਂ ਦੇ ਆਗਮਨ ਸਮੇਂ ਸਮਾਜ ਦੇ ਹਰ ਖੇਤਰ ਵਿਚ ਗਿਰਾਵਟ ਆ ਚੁੱਕੀ ਸੀ। ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਆਰਥਿਕ ਤੌਰ ਤੇ ਸਮਾਜ ਖੇਰੂੰ-ਖੇਰੂੰ ਹੋ ਚੁੱਕਾ ਸੀ। ਨੈਤਿਕ ਕਦਰਾਂ ਕੀਮਤਾਂ ਖੰਭ ਲਾ ਕੇ ਉੱਚੇ ਅਸਮਾਨਾਂ 'ਤੇ ਚੜ੍ਹ ਚੁੱਕੀਆਂ ਸਨ। ਧਰਮ ਦੇ ਸਦਗੁਣ, ਦਇਆ, ਧੀਰਜ, ਖਿਮਾ, ਸੰਤੋਖ, ਸਤ, ਸ਼ਹਿਨਸ਼ੀਲਤਾ, ਮਿੱਠਾ ਬੋਲਣਾ, ਅਹਿੰਸਾ, ਆਦਿਕ ਗੁਣ ਡੂੰਘੇ ਪਾਤਾਲਾਂ ਵਿਚ ਅਲੋਪ ਹੋ ਚੁੱਕੇ ਸਨ। ਹਰ ਪਾਸੇ ਹਨ੍ਹੇਰ ਗਰਦੀ ਛਾਈ ਹੋਈ ਸੀ। ਸਮਾਂ ਅਤੇ ਧਰਤੀ ਮੰਗ ਕਰ ਰਹੀ ਸੀ ਕਿ ਕੋਈ ਚਾਨਣ ਮੁਨਾਰਾ ਬਣ ਕੇ ਲੋਕਾਈ ਨੂੰ ਕੁਰੀਤੀਆਂ ਤੋਂ ਰੋਕ ਕੇ ਸਹੀ ਰਾਹ 'ਤੇ ਤੋਰੇ। ਇਸ ਆਸ਼ੇ ਦੀ ਪੂਰਤੀ ਹਿਤ ਪ੍ਰਮੇਸ਼ਰ ਆਪ ਦਸ ਜਾਮਿਆਂ ਵਿਚ ਸਰਗੁਣ ਰੂਪ ਧਾਰਨ ਕਰ ਸਤਿਗੁਰਾਂ ਦੇ ਰੂਪ ਵਿਚ ਪ੍ਰਗਟ ਹੋਏ।

ਗੁਰੂ ਨਾਨਕ ਪਾਤਸ਼ਾਹ ਨੇ ਪੰਜਾਬ ਦੀ ਧਰਤੀ 'ਤੇ ਜਿਸ ਧਰਮੀ ਬੂਟੇ ਦਾ ਬੀਜ ਬੋਇਆ, ਉਸ ਬੂਟੇ ਨੂੰ ਸੰਸਾਰੀ ਧਰਮਾਂ ਦੇ ਇਤਿਹਾਸ ਵਿਚ 'ਸਿੱਖ ਧਰਮ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਧਰਮ ਦੇ ਪਵਿੱਤਰ ਸਿਧਾਤਾਂ 'ਤੇ ਸਿਰਜੀ ਕੌਮੀਅਤ ਨੂੰ 'ਖਾਲਸਾ ਪੰਥ' ਦਾ ਨਾਂ ਦਿਤਾ ਗਿਆ। ਸਿੱਖ ਧਰਮ ਦਾ ਇਤਿਹਾਸਕ ਪ੍ਰਗਟਾਅ 1499 ਈ. ਨੂੰ ਗੁਰੂ ਨਾਨਕ ਪਾਤਸ਼ਾਹ ਦੇ ਵੇਈਂ ਨਦੀ 'ਚ ਪ੍ਰਵੇਸ਼ ਤੋਂ ਬਾਅਦ ਪਹਿਲੇ ਐਲਾਨਨਾਮੇ

*ਨਾ ਕੋ ਹਿੰਦੂ, ਨਾ ਕੋ ਮੁਸਲਮਾਨ।*

ਤੋਂ ਮੰਨਿਆ ਗਿਆ, ਭਾਵ ਸਾਰਿਆਂ ਵਿਚ ਪ੍ਰਮੇਸ਼ਰ ਦੀ ਹੀ ਜੋਤਿ ਹੈ। ਇਹ ਐਲਾਨ ਨਾਮਾ ਸਿੱਖ ਧਰਮ ਦੀ ਬੁਨਿਆਦ ਜਾਂ ਨੀਂਹ ਪ੍ਰਵਾਨ ਕੀਤਾ ਜਾਂਦਾ ਹੈ। ਇਹ ਸਮੂੰਹ ਮਨੁੱਖਤਾ ਦੇ ਧਰਮਾਂ ਦੀ ਏਕਤਾ ਦੀ ਗੱਲ ਕਰਦਾ ਹੈ। ਇਸ ਨੂੰ ਮਾਨਵ ਸਨਮਾਨ ਦੀ ਬਹਾਲੀ ਦੇ ਪ੍ਰਤੀਕ ਵਜੋਂ ਵੀ ਸਵੀਕਾਰ ਕੀਤਾ ਗਿਆ ਹੈ। ਸਿੱਖ ਧਰਮ ਦਾ ਨਿਸ਼ਾਨਾ ਹੀ ਮਨੁੱਖੀ ਸਵੈਮਾਨਤਾ ਦੀ ਬਹਾਲੀ ਹੈ। ਅਜਿਹੇ ਸਮੇਂ ਗੁਰੂ ਨਾਨਕ ਸਾਹਿਬ ਨੇ ਸਤਿ ਦਾ ਪ੍ਰਕਾਸ਼ ਕਰਕੇ ਅਗਿਆਨਤਾ ਦਾ ਹਨ੍ਹੇਰਾ ਦੂਰ ਕੀਤਾ। ਦੂਸਰੇ, ਤੀਸਰੇ ਅਤੇ ਚੌਥੇ ਸਤਿਗੁਰੂ ਵਲੋਂ ਗੁਰੂ ਦੀ ਆਗਿਆ ਅਤੇ ਹੁਕਮ ਵਿਚ ਰਹਿਣ ਦਾ, ਸੇਵਾ ਸਿਮਰਨ ਦਾ, ਸਬਕ ਦ੍ਰਿੜ੍ਹ ਕਰਵਾਇਆ। ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਕਾਇਮ ਕੀਤੀਆਂ। ਕੌਮ ਦਾ ਸੰਗਠਨ ਅਤੇ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਮੁਕਾਮ ਕਾਇਮ ਕੀਤੇ। ਗੁਰੂ ਪੰਜਵੇਂ ਪਾਤਸ਼ਾਹ ਵਲੋਂ ਭਾਣੇ ਵਿਚ ਰਹਿ ਕੇ ਜ਼ੁਲਮ ਅੱਗੇ ਨਾ ਝੁਕਣ ਦਾ ਉਪਦੇਸ਼ ਸ਼ਹੀਦੀ ਪਾ ਕੇ ਦਿਤਾ। ਛੇਵੇਂ ਸਤਿਗੁਰੂ ਗੁਰੂ ਹਰਗੋਬਿੰਦ ਸਾਹਿਬ ਵਲੋਂ ਮੀਰੀ ਅਤੇ ਪੀਰੀ ਦੇ ਸਿਧਾਂਤ 'ਤੇ ਚਲਦਿਆਂ 'ਦੇਗ ਤੇਗ ਜਗ ਮਹਿ ਦੋਊ ਚਲੈ' ਦੇ ਨਵੇਂ ਪੂਰਨੇ ਦ੍ਰਿੜ੍ਹ ਕਰਵਾਏ। ਸੱਤਵੇਂ ਅਤੇ ਅੱਠਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਅਤੇ ਸ੍ਰੀ ਹਰਿਕ੍ਰਿਸ਼ਨ ਜੀ

ਮਹਾਰਾਜ ਵਲੋਂ ਕੋਮਲ ਹਿਰਦਾ ਰਖਦੇ ਹੋਏ ਮਨੁੱਖਤਾ ਦੇ ਦੁਖਾਂ ਨੂੰ ਆਪਣੇ 'ਤੇ ਸਹਾਰ ਕੇ ਹਰ ਇਕ ਨੂੰ ਸੁੱਖ ਪ੍ਰਦਾਨ ਕਰਨ ਦੇ ਮਹਾਨ ਕਾਰਜ ਕਰ ਰਾਜਸੀ, ਧਾਰਮਿਕ ਅਤੇ ਸਮਾਜਿਕ ਜਗਤ ਵਿਚ ਨਿਵੇਕਲੀ ਮਿਸਾਲ ਕਾਇਮ ਕੀਤੀ। ਤਿਲਕ ਜੰਞੂ ਦੀ ਰਾਖੀ ਲਈ ਅਤੇ ਮਾਨਵ ਸੁਤੰਤਰਤਾ ਦਾ ਸਬਕ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਵਿੱਤਰ ਸਰੀਰ ਦਾ ਬਲੀਦਾਨ ਦੇ ਕੇ ਦਿਤਾ। ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਬਰਾਬਰੀ ਦਾ ਅਧਿਕਾਰ, ਮਾਨਵ ਕਲਿਆਣ ਅਤੇ ਸਵੈਮਾਨ ਨਾਲ ਜ਼ਿੰਦਗੀ ਜਿਊਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਕੇ ਧਾਰਮਿਕ ਜਗਤ ਅਤੇ ਪੈਗੰਬਰੀ ਅਜ਼ਮਤ ਵਿਚ ਅਨੋਖੀ ਮਿਸਾਲ ਕਾਇਮ ਕੀਤੀ। ਆਪ ਜੀਆਂ ਨੇ ਸਰੀਰ ਦੀ 42 ਸਾਲ ਦੀ ਉਮਰ ਵਿਚ ਇਕ ਮਨੁੱਖ ਨੂੰ ਜੀਵਨ ਦੇ ਹਰ ਖੇਤਰ ਵਿਚ ਨਿਪੁੰਨ ਕਰਨ ਲਈ, ਪੂਰਨ ਮਨੁੱਖ ਦੀ ਘਾੜਤ ਕਰ ਇਸ ਨੂੰ ਸਿੱਖਰ ਤੇ ਪਹੁੰਚਾਇਆ। ਇਹ ਪੂਰਨ ਮਨੁੱਖ 'ਖਾਲਸੇ ਦੇ ਰੂਪ ਵਿਚ ਪ੍ਰਗਟ ਹੋਇਆ। ਖਾਲਸਾ ਇਕ ਆਦਰਸ਼ ਹੈ। ਖਾਲਸਾ ਆਤਮਿਕ ਪੱਧਰ ਦਾ ਨਾਮ ਹੈ। ਖਾਲਸਾ ਉੱਚ ਪਾਏ ਦੀ ਧਾਰਮਿਕ, ਮਾਨਸਿਕ ਅਤੇ ਸਦਾਚਾਰਕ ਪਵਿੱਤਰ ਬਿਰਤੀ ਦਾ ਨਾਮ ਹੈ।

ਖਾਲਸਾ ਉਸ ਆਦਰਸ਼ ਦਾ ਨਾਮ ਹੈ ਜਿਸ ਵਿਚ ਮੁੱਖ ਤੌਰ 'ਤੇ ਗੁਰੂ ਮਾਨਿਓ ਗ੍ਰੰਥ, ਸੰਤ ਸਿਪਾਹੀ, (ਮੀਰੀ-ਪੀਰੀ) ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਅਤੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਦਾ ਬੋਲਬਾਲਾ ਹੈ। ਇਹ ਉਹ ਆਦਰਸ਼ ਹੈ ਜਿਸ ਦੇ ਅੱਗੇ ਪ੍ਰਾਕ੍ਰਿਤਕ ਸ਼ਕਤੀਆਂ ਅੱਗ, ਪਾਣੀ ਅਤੇ ਹਵਾ ਆਦਿਕ ਦਾ ਜ਼ੋਰ ਨਹੀਂ ਚੱਲ ਸਕਦਾ। ਇਸ ਦੀ ਹਿੰਮਤ ਅੱਗੇ ਪਹਾੜ ਵੀ ਰਸਤਾ ਨਹੀਂ ਰੋਕ ਸਕਦੇ। ਅੱਗ, ਪਾਣੀ ਵੀ ਆਪਣਾ ਸੁਭਾ ਬਦਲ ਕੇ ਪਰਉਪਕਾਰੀ ਹੋ ਨਿਬੜਦੇ ਹਨ। ਇਸ ਦੇ ਪਿਆਰ ਦੀ ਆਬੋ-ਹਵਾ ਅਕਾਸ਼ ਤੱਕ ਗੁੰਜਾਰ ਪਾਉਂਦੀ ਹੈ। ਇਸ ਆਦਰਸ਼ ਵਿਚ ਸਰੀਰਕ ਬਨਾਵਟ ਦੀ ਥਾਂ 'ਤੇ ਉੱਚਾ-ਸੁੱਚਾ ਵਿਹਾਰ ਪ੍ਰਗਟ ਹੁੰਦਾ ਹੈ। ਚੰਚਲਤਾ ਅਤੇ ਬੋਧਿਕਤਾ ਨਹੀਂ ਸਗੋਂ ਆਤਮਿਕ ਬਿਰਤੀ 'ਤੇ ਜ਼ੋਰ ਦਿਤਾ ਗਿਆ ਹੈ। ਤਾਹੀਉਂ ਇਕ-ਇਕ ਖਾਲਸਾ ਸਵਾ ਲੱਖ 'ਤੇ ਭਾਰੂ ਰਿਹਾ ਹੈ। ਪ੍ਰਭੂ ਵਿਚ ਅਭੇਦ ਬਿਰਤੀ ਵਾਲਾ ਇਕ, ਕਰੋੜਾਂ ਵਿਸ਼ਈਆਂ ਅਤੇ ਕੁਕਰਮੀਆਂ ਤੋਂ ਵੱਧ ਬਲਵਾਨ ਰਿਹਾ ਹੈ। 1699 ਈ. ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਆਦਰਸ਼ਕ ਪੂਰਨ ਮਨੁੱਖ ਖਾਲਸੇ ਦੇ ਰੂਪ ਵਿਚ ਸੰਸਾਰ ਨੂੰ ਪ੍ਰਦਾਨ ਕੀਤਾ। ਇਸ ਦੀ ਭਗਤੀ ਤੇ ਸ਼ਕਤੀ ਦੇ ਸੁਮੇਲ ਕਾਰਨ ਇਕ-ਇਕ ਦੀ ਸ਼ਕਤੀ, ਸਵਾ ਲੱਖ ਗੁਣਾ ਜ਼ਿਆਦਾ ਸੀ। ਇਹ ਵੇਖਣ ਨੂੰ ਸਾਧਾਰਨ ਮਨੁੱਖ ਹੀ ਸੀ ਪਰ ਇਸ ਦੇ ਆਦਰਸ਼ ਅਲੱਗ ਸਨ। ਇਹ ੴ ਦਾ ਪੁਜਾਰੀ ਹੈ, ਇਹ ਨਿਰਭਉ ਤੇ ਨਿਰਵੈਰ ਵੀ ਹੈ। ਗੁਰੂ ਦੀ ਕ੍ਰਿਪਾ ਨਾਲ ਇਹ ਸਾਰਿਆਂ ਵਿਚ ਉਸ ਪਰਮ ਸ਼ਕਤੀ ਵਾਹਿਗੁਰੂ ਦੀ ਜੋਤ ਦਾ ਪਸਾਰਾ ਦੇਖਦਾ ਹੈ। ਤਾਹੀਉਂ ਇਤਿਹਾਸ ਵਿਚ ਭਾਈ ਘਨ੍ਹਈਆ ਜੀ ਦੇ ਜੀਵਨ ਵਿਚੋਂ ਇਹ ਨਿਆਰਾ ਆਦਰਸ਼ ਪ੍ਰਤੱਖ ਰੂਪ ਵਿਚ ਝਲਕਾਰੇ ਮਾਰ ਰਿਹਾ ਹੈ। ਇਹ ਖਾਲਸਾ ਤਾਂ ਉਨ੍ਹਾਂ ਸਤਿਪੁਰਸ਼ਾਂ ਦੀ ਬਾਣੀ ਦਾ ਵੀ ਪੁਜਾਰੀ ਹੈ ਜੋ ਗੁਰੂ ਨਾਨਕ ਸਾਹਿਬ ਤੋਂ ਕਈ ਸਦੀਆਂ ਪਹਿਲਾਂ ਆ ਚੁੱਕੇ ਸਨ। ਭਗਤ ਜੈਦੇਵ ਜੀ ਦਾ ਅਵਤਾਰ 1070 ਈ. ਵਿਚ ਹੋਇਆ ਸੀ, ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਬਾਬਾ ਫਰੀਦ ਜੀ ਦਾ ਆਗਮਨ 1172 ਈ. ਵਿਚ ਹੁੰਦਾ ਹੈ। ਉਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਸੇ ਤਰ੍ਹਾਂ ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਰਾਮਾਨੰਦ ਜੀ, ਭਗਤ ਕਬੀਰ ਜੀ, ਇਹ ਸਾਰੇ ਗੁਰੂ ਨਾਨਕ ਸਾਹਿਬ ਦੇ ਪੂਰਬਵਰਤੀ ਹੀ ਸਨ। ਖਾਲਸਾ ਸਾਰੇ ਸੰਸਾਰ ਦੇ ਧਾਰਮਿਕ ਗ੍ਰੰਥਾਂ ਦੀ ਕਦਰ ਕਰਦਾ ਹੈ। ਇਥੇ ਤਾਂ ***'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥'*** ਦੇ ਅਨੁਸਾਰ ਮਨੁੱਖ ਦੀ ਬੰਦ ਖਲਾਸੀ ਦੀ ਕਾਮਨਾ ਹੈ। ਚਾਹੇ ਉਹ ਕਿਸੇ ਵੀ ਮਾਰਗ ਰਾਹੀਂ ਹੋਵੇ। ਖਾਲਸਾ ਉਹ ਆਦਰਸ਼ ਹੈ ਜੇ ਕਿਤੇ ਵੀ ਸੱਚ ਦਾ ਤੇ ਨਿਆਂ ਦਾ ਗਲਾ ਘੁੱਟਦਾ ਹੋਵੇ, ਇਹ ਦੌੜ ਕੇ ਉਥੇ ਪਹੁੰਚਦਾ ਹੈ। ਆਪਣੀ ਸ਼ਹਾਦਤ ਦੇ ਕੇ ਇਹ ਸੱਚ ਨੂੰ ਸਦਾ ਲਈ ਕਾਇਮ ਰੱਖਦਾ ਹੈ। ਖਾਲਸਾ ਸੱਚ ਦਾ ਪੁਜਾਰੀ ਹੈ ਜਿਸ ਵਿਚ ਚੱਕ੍ਰ ਚਿਹਨ, ਬਰਨ-ਜਾਤਿ, ਰੂਪ-ਰੰਗ ਅਤੇ ਰੇਖ-ਭੇਖ ਦਾ ਕੋਈ ਵਿਤਕਰਾ ਨਹੀਂ। ਖਾਲਸਾ ਉਸ ਸੱਚ ਦਾ ਪੁਜਾਰੀ ਹੈ ਜੋ ਅਚੱਲ ਮੂਰਤਿ ਹੈ, ਅਮਿਤੋਜ ਹੈ। ਖਾਲਸਾ ਹਮੇਸ਼ਾ ਪ੍ਰਮਾਤਮਾ ਦੇ ਭੈ ਅਤੇ ਭਉ ਵਿਚ ਰਹਿੰਦਾ ਹੈ। ਖਾਲਸੇ ਦਾ ਜਨਮ ਅੰਮ੍ਰਿਤ ਦੇ ਬਾਟੇ ਵਿਚੋਂ ਹੋਣ ਕਰਕੇ ਇਸਦੇ ਬੋਲਾਂ ਵਿਚ, ਵਿਹਾਰ ਵਿਚ ਹਮੇਸ਼ਾ ਮਿਠਾਸ ਹੀ ਰਹਿੰਦੀ ਹੈ। ***'ਖੰਡੇ 'ਚੋਂ***

***ਪੈਦਾ ਹੋਏ ਖੰਡੇ ਵਾਂਗ ਤਿੱਖੇ ਹਾਂ, ਪਾਏ ਸੀ ਵਿਚ ਪਤਾਸੇ ਤਾਹੀਉਂ ਤਾਂ ਮਿੱਠੇ ਹਾਂ।'*** ਬਾਟੇ ਦੇ ਜਲ ਵਾਂਗੂੰ ਇਹਦੇ ਸੁਭਾ ਵਿਚ ਵੀ ਸੀਤਲਤਾ ਦਾ ਹੋਣਾ ਸੁਭਾਵਿਕ ਹੀ ਹੈ। ਅੰਮ੍ਰਿਤ ਦਾ ਬਾਟਾ ਖੰਡੇ ਦੀ ਹਰਕਤ ਵਿਚੋਂ ਉਪਜਿਆ ਹੋਣ ਕਰਕੇ ਇਸ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਉਸ ਦਾ ਕਛਹਿਰਾ ਜਤ-ਸਤ ਦੀ ਨਿਸ਼ਾਨੀ ਹੈ। ਖਾਲਸੇ ਦੇ ਕੇਸ ਅਤੇ ਦਾੜ੍ਹਾ ਗੈਰਤ ਅਤੇ ਸ਼ਾਨ ਦੇ ਲਖਾਇਕ ਹਨ। ਉਸ ਦੇ ਕੜਾ ਤੇ ਕ੍ਰਿਪਾਨ, ਸਰਬ ਲੋਹ ਦੇ ਚਿੰਨ੍ਹ ਹਨ। ਰੰਗ ਬਰੰਗੇ ਫੁੱਲਾਂ ਦੇ ਗੁਲਦਸਤੇ ਵਾਂਗੂੰ ਖਾਲਸਾ, ਉਸ ਆਦਰਸ਼ ਦਾ ਮਾਲਕ ਹੈ, ਜੋ ਸਭ ਨੂੰ ਖੁਸ਼ਬੋਆਂ ਹੀ ਵੰਡਦਾ ਹੈ -

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ਅੰਗ - ੯੭*

ਇਹੀ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਦਾ ਲਕਸ਼ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਅਤੇ ਇਤਿਹਾਸ ਦੀ ਰੋਸ਼ਨੀ ਵਿਚ ਇਸ ਜਲਦੇ-ਬਲਦੇ ਅਸ਼ਾਂਤ ਸੰਸਾਰ ਨੂੰ ਆਤਮ ਗਿਆਨ ਦ੍ਰਿੜ੍ਹ ਕਰਾ ਕੇ 'ਆਤਮ ਮਾਰਗ' ਤੇ ਤੋਰਨਾ ਹੀ ਮਹਾਂਪੁਰਸ਼ਾਂ ਦਾ ਪ੍ਰਮੁੱਖ ਕਾਰਜ ਰਿਹਾ ਹੈ। ਇਸ ਸੰਕਲਪ ਦੀ ਪੂਰਤੀ ਉਨ੍ਹਾਂ ਵਲੋਂ ਚਲਾਏ ਅਨੇਕਾਂ ਪਰਉਪਕਾਰੀ ਕਾਰਜਾਂ ਵਿਚੋਂ ਸਹਿਜੇ ਹੀ ਹੋ ਰਹੀ ਹੈ। ਸਕੂਲਾਂ ਅਤੇ ਕਾਲਜਾਂ ਰਾਹੀਂ ਉਚ ਪਾਏ ਦੀ ਮਿਆਰੀ ਵਿਦਿਆ ਦੇ ਕੇ ਬੱਚਿਆਂ ਦੇ ਭਵਿੱਖ ਨੂੰ ਸੁਨਿਹਰੀ ਬਣਾਉਣਾ ਵੀ ਇਕ ਵੱਡਮੁੱਲਾ ਕਾਰਜ ਹੈ। ਇਸ ਤੋਂ ਇਲਾਵਾ ਫਰੀ ਸਿਲਾਈ ਸੈਂਟਰ, ਫਰੀ ਹਸਪਤਾਲ ਅਤੇ ਫਰੀ ਬਿਰਧ ਆਸ਼ਰਮ ਰਾਹੀਂ ਤਾਂ ਪਰਉਪਕਾਰ ਦੀ ਝਲਕ ਸਾਫ ਨਜ਼ਰ ਆਉਂਦੀ ਹੈ। ਆਪ ਜੀ ਨੂੰ ਇਹ ਵੀ ਵਿਦਿਤ ਹੈ ਕਿ 'ਆਤਮ ਮਾਰਗ' ਮੈਗਜ਼ੀਨ ਅਤੇ ਅਨੇਕਾਂ ਰੂਹਾਨੀ ਪੁਸਤਕਾਂ ਰਾਹੀਂ ਪਿਆਰੇ ਮਹਾਂਪੁਰਸ਼ਾਂ ਨੇ ਆਤਮ ਗਿਆਨ ਦੇ ਭੰਡਾਰੇ ਵੰਡੇ ਹਨ। ਹੁਣ ਲੋੜ ਹੈ ਇਨ੍ਹਾਂ ਭੰਡਾਰਿਆਂ ਨੂੰ ਭੁੰਚਣ ਦੀ ਅਤੇ ਇਨ੍ਹਾਂ ਦਰਸਾਏ ਨਕਸ਼ਿਆਂ 'ਤੇ ਚੱਲਣ ਦੀ। ਆਤਮ ਮਾਰਗ ਹਰ ਮਹੀਨੇ ਆਪ ਜੀ ਨੂੰ ਨਵੇਂ ਅੰਮ੍ਰਿਤਮਈ ਬਚਨ ਲੈ ਕੇ ਹਾਜ਼ਰ ਹੁੰਦਾ ਹੈ। ਇਸ ਅੰਕ ਦੀ ਪ੍ਰਕਾਸ਼ਨਾ ਨਾਲ ਇਹ 32ਵੇਂ ਸਾਲ 'ਚ ਪ੍ਰਵੇਸ਼ ਕਰ ਰਿਹਾ ਹੈ। ਅਪ੍ਰੈਲ ਮਹੀਨੇ ਦਾ ਇਹ ਅੰਕ ਆਪ ਜੀ ਲਈ ਵੰਨ-ਸੁਵੰਨੇ ਅੰਮ੍ਰਿਤ ਮਈ ਬਚਨਾਂ ਨਾਲ ਭਰਪੂਰ ਲੇਖ ਲੈ ਕੇ ਹਾਜ਼ਰ ਹੋ ਰਿਹਾ ਹੈ। ਆਸ ਹੈ ਕਿ ਆਪ ਜੀ ਇਨ੍ਹਾਂ ਬਚਨਾਂ ਨੂੰ ਪੜ੍ਹ ਕੇ, ਖਾਲਸੇ ਦੇ ਆਦਰਸ਼ਾਂ 'ਤੇ ਚੱਲ ਕੇ, ਨਵਾਂ ਉਤਸ਼ਾਹ ਪ੍ਰਾਪਤ ਕਰੋਗੇ।

ਖਾਲਸਾ ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ ਤੋਂ ਉਠ ਕੇ ਬੇਗਮਪੁਰੇ ਦਾ ਵਾਸੀ ਬਣਦਾ ਹੈ ਜਿਥੇ ਕੋਈ ਦੁਖ, ਅੰਦੇਸ਼ਾ, ਕਲਾ-ਕਲੇਸ਼ ਨਹੀਂ ਹੈ। ਉਹ ਹਉਮੈ ਖਤਮ ਕਰਕੇ ਜਿਉਂਦੇ-ਜੀਅ ਅਭੇਦ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਉਸ ਦੀ ਸਾਰੀ ਕਿਰਿਆ ਹੁਕਮ ਦੇ ਅਧੀਨ ਚਲਦੀ ਹੈ।

ਮੈਗਜ਼ੀਨ ਵਿਚ ਪ੍ਰਾਪਤ ਸਮੂਹ ਸਮੱਗਰੀ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਅਮੋਲਕ ਵਿਚਾਰ ਪ੍ਰਗਟ ਕਰਦੀ ਹੈ ਜੋ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ। ਆਪ ਅਨੰਦ ਮਾਣੋ ਅਤੇ ਹੋਰਨਾਂ ਨੂੰ ਪੜ੍ਹਨ ਦੀ ਪ੍ਰੇਰਨਾ ਦੇ ਕੇ ਲੋਕ-ਪਰਲੋਕ ਸੁਖੀ ਸੁਹੇਲਾ ਕਰੋ ਜੀ।

ਸੰਤ ਮਹਾਰਾਜ ਜੀ ਦੇ ਅਨੁਭਵ ਵਿਚੋਂ ਆਏ ਪ੍ਰਵਚਨਾਂ ਦੀ ਲੜੀ ਵਿਚੋਂ, ਵਿਸਾਖੀ ਦੇ ਸਬੰਧ ਵਿਚ ਲੇਖ ਅੰਦਰ ਪੂਰਨ ਜਾਣਕਾਰੀ ਅਤੇ ਗਿਆਨ ਨਾਲ ਭਰਪੂਰ ਬਚਨ ਹਨ। ਪਿਆਰੇ ਮਹਾਂਪੁਰਸ਼ਾਂ ਨੇ ਪੰਜ ਹਜ਼ਾਰ ਸਮੇਂ ਪਹਿਲਾਂ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਵਰਗਾਂ ਦਾ ਪ੍ਰਤੱਖ ਨਕਸ਼ਾ ਖਿਚਦਿਆਂ ਉਸ ਵੇਲੇ ਦੇ ਹਾਲਾਤਾਂ ਦਾ ਵਰਨਣ ਕਰਕੇ ਦੂਰ ਪੁਰਬ ਕਾਲ ਨੂੰ ਸਾਡੇ ਸਾਮ੍ਹਣੇ ਪੇਸ਼ ਕੀਤਾ ਹੈ। ਭਾਰਤ ਵਰਸ਼ ਵਿਚ ਉਸ ਸਮੇਂ ਤੋਂ ਲੈ ਕੇ ਗੁਰੂ ਕਾਲ ਤੱਕ ਹੋਏ ਰਾਜੇ ਮਹਾਰਾਜਿਆਂ ਦੀ ਅਧੋਗਤੀ ਦੀ ਸਥਿਤੀ, ਮਾਰ ਧਾੜ, ਜ਼ੋਰ ਜ਼ੁਲਮ ਦੀ ਬੇਇਨਸਾਫੀ ਨੂੰ ਪ੍ਰਗਟ ਕੀਤਾ ਹੈ। ਸਮਾਜਿਕ ਤੌਰ 'ਤੇ ਜਨ ਸਮੂੰਹ ਦੀ ਹਾਲਤ ਗੁਲਾਮੀ ਭਰਪੂਰ ਸੀ। ਵਰਣ ਆਸ਼ਰਮ ਦੀ ਵੰਡ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰਕੇ ਖੰਡਿਤ ਕੀਤਾ ਹੋਇਆ ਸੀ। ਦਿਨ ਪ੍ਰਤੀ ਦਿਨ ਆਮ ਮਨੁੱਖ ਦੀ ਜ਼ਿੰਦਗੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਸੀ। ਧਾਰਮਿਕ ਵਰਗ ਆਪਣੇ ਅਸਲੀ ਸਤਿ ਧਰਮ ਦੇ ਅਸੂਲਾਂ ਅਤੇ ਫਰਜ਼ਾਂ ਨੂੰ ਭੁੱਲ ਕੇ ਕਰਮਕਾਂਡ ਅਤੇ ਅਨੈਤਿਕਤਾ ਦਾ ਜੀਵਨ ਬਸਰ ਕਰ ਰਿਹਾ ਸੀ। ਧਰਮ ਦੇ ਆਗੂ ਆਪ ਅਗਿਆਨ ਦੇ ਹਨ੍ਹੇਰੇ ਵਿਚ ਗੁਆਚੇ ਹੋਏ ਜਨ ਸਮੂੰਹ ਨੂੰ ਵੀ ਉਸੇ ਹੀ ਹਨ੍ਹੇਰਗਰਦੀ ਵਿਚ ਫਸਾ ਕੇ ਆਪਣਾ ਉੱਲੂ ਸਿੱਧਾ ਕਰਨ 'ਤੇ ਲੱਗੇ ਹੋਏ ਸਨ। ਐਸੇ ਘੋਰ ਅੰਧਕਾਰ ਦੇ ਸਮੇਂ ਸਤਿਗੁਰਾਂ ਨੇ

ਪ੍ਰਕਾਸ਼ਮਾਨ ਹੋ ਕੇ ਸਮਾਜ ਦੇ ਇਨ੍ਹਾਂ ਸਾਰੇ ਵਰਗਾਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਇਆ। ਰਾਜਿਆਂ, ਧਾਰਮਿਕ ਆਗੂਆਂ ਅਤੇ ਆਮ ਜਨਤਾ ਨੂੰ ਸਤਿਗੁਰਾਂ ਨੇ ਵੱਖ-ਵੱਖ ਉਦਾਸੀਆਂ ਰਾਹੀਂ ਪ੍ਰਕਾਸ਼ਮਈ ਬਚਨਾਂ ਦਾ ਉਪਦੇਸ਼ ਦ੍ਰਿੜ੍ਹ ਕਰਵਾ ਕੇ ਹਰ ਇਕ ਵਰਗ ਨੂੰ ਜੀਵਨ ਦਾ ਸਹੀ ਰਸਤਾ ਅਪਨਾਉਣ ਦਾ ਮਾਰਗ ਦਰਸ਼ਨ ਕੀਤਾ। ਸਤਿ ਅਤੇ ਅਸਤਿ ਦੀ ਸੋਝੀ ਬਖਸ਼ ਕੇ ਸੇਵਾ, ਸਿਮਰਨ, ਨਾਮ ਮਾਰਗ ਦ੍ਰਿੜ੍ਹ ਕਰਵਾਇਆ। ਨਾਮ ਜਪਣਾ, ਧਰਮ ਦੀ ਕਿਰਤ ਕਰਨਾ ਅਤੇ ਵੰਡ ਛਕਣ ਵਾਲੇ ਇਕ ਪੂਰਨ ਮਨੁੱਖ ਦੀ ਘਾੜਤ ਘੜੀ ਜਿਸਨੇ ਗੁਰ ਉਪਦੇਸ਼ ਨੂੰ ਕਮਾਉਂਦਿਆਂ ਸੰਸਾਰ ਨੂੰ ਸੁੱਖ-ਸ਼ਾਂਤੀ ਪ੍ਰਦਾਨ ਕਰਨੀ ਹੈ। ਇਹ ਉਹ ਹਸਤੀ ਸੀ ਜੋ ਜਾਤ-ਪਾਤ, ਊਚ-ਨੀਚ, ਭੇਖ-ਭਰਮ ਆਦਿ ਤੋਂ ਉਪਰ ਉਠ ਕੇ ਸਭਨਾਂ ਵਿਚ ਇਕੋ ਵਾਹਿਗੁਰੂ ਦੀ ਜੋਤਿ ਦੇਖ ਸਕਦਾ ਸੀ। ਸਭ ਨੂੰ ਪਿਆਰ ਕਰਨ ਵਾਲਾ ਅਤੇ ਅਣਖ, ਸਵੈਮਾਨ ਅਤੇ ਸਵੈ-ਵਿਸ਼ਵਾਸ਼ ਵਿਚ ਜੀਵਨ ਜਿਉਂ ਕੇ, ਸਭਨਾਂ ਲਈ ਚਾਨਣ-ਮੁਨਾਰਾ ਬਣ ਕੇ, ਸੁਖ ਪ੍ਰਦਾਨ ਕਰਨਾ, ਇਸ ਦਾ ਮੁੱਖ ਲਕਸ਼ ਹੈ। ਇਹ ਹੈ ਪੂਰਨ ਮਨੁੱਖ ਖਾਲਸਾ। ਇਹ ਪਵਿੱਤਰ ਆਦਰਸ਼, ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸ ਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ 1699 ਈ. ਦੀ ਵਿਸਾਖੀ ਨੂੰ ਪਰਗਟ ਕੀਤਾ। ਇਕ ਮਹਾਨ ਸ਼ਕਤੀ ਦੀ ਰੂਪਮਾਨਤਾ ਕੀਤੀ। ਇਹ ਇਕ ਅਨੋਖੀ ਕਰਾਮਾਤ ਸੀ ਜਿਸ ਅਨੁਸਾਰ 84 ਲੱਖ ਜੂਨਾਂ ਵਿਚ ਗੇੜੇ ਖਾਣ ਵਾਲੇ ਆਮ ਮਨੁੱਖ ਨੂੰ ਨਾਮ ਅੰਮ੍ਰਿਤ ਦ੍ਰਿੜ੍ਹ ਕਰਵਾ ਕੇ ਪ੍ਰਮੇਸ਼ਰ ਦਾ ਰੂਪ ਬਣਾ ਦੇਣਾ, ਇਹ ਕਰਾਮਾਤਿ ਕੇਵਲ ਤੇ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰਕੇ, ਖਾਲਸੇ ਨੂੰ ਸਦਾ ਲਈ ਅਮਰ ਕਰ ਦਿਤਾ।

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮਹਿ ਹੌਂ ਕਰੌਂ ਨਿਵਾਸ।*

ਖਾਲਸੇ ਦੀ ਅਮਰਤਾ ਦਾ ਬੋਲਬਾਲਾ ਸਦਾ ਲਈ ਬਖਸ਼ਿਸ਼ ਕਰ ਦਿਤਾ -

*ਵਾਹਿਗੁਰੂ ਜੀ ਕਾ ਖਾਲਸਾ,*
*ਵਾਹਿਗੁਰੂ ਜੀ ਕੀ ਫਤਹਿ।*

ਆਉ, ਸਾਰੇ ਸੁਹਿਰਦ ਪਾਠਕ, ਇਨ੍ਹਾਂ ਪਵਿੱਤਰ ਅੰਮ੍ਰਿਤਮਈ ਬਚਨਾਂ ਨੂੰ ਪੜ੍ਹ ਕੇ, ਜੀਵਨ ਦੇ ਅੰਦਰ ਢਾਲ ਕੇ ਜਦੋਂ ਕਮਾਈ ਕਰਨ ਲਈ ਯਤਨਸ਼ੀਲ ਹੋਣਗੇ ਤਾਂ ਪਿਆਰੇ ਮਹਾਂਪੁਰਸ਼ਾਂ ਦੇ ਉਸ ਆਸ਼ੇ ਮੁਤਾਬਿਕ ਵਧਾਈ ਦੇ ਪਾਤਰ ਹੋਣਗੇ। 'ਆਪਿ ਜਪਹ ਅਵਰਹ ਨਾਮ ਜਪਾਵਹੁ' -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* ਅੰਗ - ੧੨

ਸਾਰੀ ਸੰਗਤ ਅਤੇ ਪਾਠਕ ਜਨਾਂ ਨੂੰ ਵਿਸਾਖੀ ਪੁਰਬ ਦੀ ਲੱਖ-ਲੱਖ ਵਧਾਈ ਹੋਵੇ। ਆਉ, ਆਪਾਂ ਸਾਰੇ ਹੰਭਲਾ ਮਾਰੀਏ 'ਆਤਮ ਮਾਰਗ' ਨੂੰ ਘਰ-ਘਰ ਪਹੁੰਚਾਉਣ ਹਿਤ 10-10 ਹੋਰ ਨਵੇਂ ਮੈਂਬਰ ਬਣਾ ਕੇ ਵਧਾਈ ਦੇ ਪਾਤਰ ਬਣੀਏ। ਗੁਰੂ ਕ੍ਰਿਪਾ ਕਰਨ, ਇਹ ਵਿਸ਼ੇਸ਼ ਸੇਵਾ, ਸਾਰਿਆਂ ਨੂੰ ਬਖਸ਼ਿਸ਼ ਕਰਨ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਵੈਸਾਖਿ
# ਸੰਗਰਾਂਦ - ਅਪ੍ਰੈਲ 14 (ਦਿਨ ਮੰਗਲਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

*ਅੰਗ - ੧੩੩*

ਦਸੰਬਰ ਅਤੇ ਜਨਵਰੀ ਅਤਿ ਦੀ ਸਰਦੀ ਦੇ ਮਹੀਨੇ ਹਨ। ਫਰਵਰੀ ਅਤੇ ਮਾਰਚ, ਬਸੰਤ ਰੁੱਤ ਦੇ ਮਹੀਨੇ ਮੰਨੇ ਜਾਂਦੇ ਹਨ। ਬਸੰਤ ਦੀ ਰੁੱਤ ਹਰਿਆਵਲ ਦਾ ਪ੍ਰਤੀਕ ਹੈ, ਖੇੜੇ, ਵਿਗਾਸ ਦਾ ਪ੍ਰਤੀਕ ਹੈ। ਹਰ ਪਾਸੇ ਖੇੜਾ, ਵਿਗਾਸ, ਸਰਦੀ ਤੇ ਗਰਮੀ ਦੇ ਸੁਮੇਲ ਦੀ ਸਹਿਜ ਅਵਸਥਾ ਹੈ। ਸਰਦੀ ਦਾ ਜਾਣਾ ਅਤੇ ਗਰਮੀ ਦੇ ਆਗਮਨ ਦਾ ਸੂਚਕ ਹੈ। ਇਸ ਰੁੱਤ ਵਿਚ ਫੁੱਲ ਖਿੜਦੇ ਹਨ, ਹਰਿਆਵਲ ਪੈਦਾ ਹੁੰਦੀ ਹੈ। ਨਵੇਂ ਪੱਤੇ, ਨਵੀਆਂ ਕਲੀਆਂ ਫੁੱਟਦੀਆਂ ਹਨ -

*ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥*
*ਚਰਨ ਕਮਲ ਪਾਗੇ ॥ ਤੁਮ ਮਿਲਹੁ ਪ੍ਰਭ ਸਭਾਗੇ ॥*
*ਹਰਿ ਚੇਤਿ ਮਨ ਮੇਰੇ ॥ ਰਹਾਉ ॥ ਸਘਨ ਬਾਸੁ ਕੂਲੇ ॥*
*ਇਕਿ ਰਹੇ ਸੂਕਿ ਕਠੂਲੇ ॥ ਬਸੰਤ ਰੁਤਿ ਆਈ ॥*
*ਪਰਫੂਲਤਾ ਰਹੇ ॥* *ਅੰਗ - ੧੧੮੫*

ਪਰ ਇਸ ਰੁੱਤ ਵਿਚ ਵੀ ਕਈ ਦਰਖਤ ਦੇਖੇ ਜਾਂਦੇ ਹਨ ਜੋ ਕਿ ਸੁੱਕੇ ਕਾਠ ਰਹਿ ਜਾਂਦੇ ਹਨ। ਕਾਰਨ ਕੀ ਹੈ? ਜਦੋਂ ਕਿ ਹਰ ਪਾਸੇ ਹਰਿਆਵਲ ਵਧ ਰਹੀ ਹੈ। ਚੇਤਿ ਮਹੀਨੇ ਦੀ ਇਹ ਹੀ ਦੇਣ ਹੈ ਕਿ ਉਹ ਹਰਿਆਵਲ ਛੱਡ ਕੇ ਜਾਂਦਾ ਹੈ।

ਤੁਖਾਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਬਖਸ਼ਿਸ਼ ਬਾਰਹ ਮਾਹਾ ਵਿਚ ਅੰਕਿਤ ਹੈ - ***ਵੈਸਾਖੁ ਭਲਾ ਸਾਖਾ ਵੇਸ ਕਰੇ॥ (ਅੰਗ-੧੧੦੮)*** ਵਿਚੋਂ ਸਪੱਸ਼ਟ ਹੋ ਰਿਹਾ ਹੈ ਕਿ ਵੈਸਾਖ ਦੋ ਸ਼ਬਦਾਂ ਦਾ ਸੁਮੇਲ ਹੈ। ਆਮ ਤੌਰ 'ਤੇ ਸ਼ਬਦ ਨੂੰ ਸੰਧੀ ਭੇਦ ਕਰਨ ਨਾਲ ਅਰਥ ਸਪੱਸ਼ਟ ਹੋ ਜਾਂਦੇ ਹਨ। ਵੈਸਾਖ ਦੋ ਸ਼ਬਦਾਂ ਦਾ ਸੁਮੇਲ ਵੇਸ+ਸਾਖ। ਦੋਨਾਂ ਸ਼ਬਦਾਂ ਦੇ ਅਰਥਾਂ ਤੇ ਨਜ਼ਰਸਾਨੀ ਕੀਤਿਆਂ ਅਰਥ ਆਪ-ਮੁਹਾਰੇ ਸਪੱਸ਼ਟ ਹੋ ਜਾਂਦੇ ਹਨ। ਵੇਸ ਦਾ ਅਰਥ ਹੈ ਪਹਿਰਾਵਾ ਅਤੇ ਸਾਖ ਦਾ ਅਰਥ ਹੈ ਟਾਹਣੀ ਜਾਂ ਸ਼ਾਖ। ਭਾਵ ਟਾਹਣੀਆਂ ਨੇ ਪੱਤਿਆਂ ਦਾ, ਹਰਿਆਵਲ ਦਾ, ਵੇਸ ਧਾਰਨ ਕਰ ਲਿਆ ਹੈ। ਹਰ ਦਰਖਤ ਦੀ ਪਛਾਣ ਅਕਸਰ ਉਸ ਦੇ ਪੱਤਿਆਂ ਤੋਂ ਹੁੰਦੀ ਹੈ। ਪੱਤੇ ਨੂੰ ਦੇਖ ਕੇ ਹੀ ਪਤਾ ਲਗਦਾ ਹੈ ਕਿ ਅਮਰੂਦ, ਸ਼ਹਿਤੂਤ, ਅੰਬ ਜਾਂ ਕੇਲਾ ਆਦਿ ਦਾ ਦਰਖਤ ਹੈ। ਵੈਸਾਖਿ ਦੇ ਮਹੀਨੇ ਵਿਚ ਪੱਤੇ ਆਉਣੇ ਜਾਂ ਹਰਿਆਵਲ ਛਾ ਜਾਣੀ, ਇਸ ਵਾਸਤੇ ਸ਼ਰਤ ਹੈ ਕਿ ਉਹ ਆਪਣੇ ਮੂਲ ਨਾਲ ਜੁੜੇ ਹੋਣ। ਇਸ ਦੇ ਵਿਪਰੀਤ ਜੇ ਸ਼ਾਖਾ ਨੂੰ ਦਰਖਤ ਨਾਲੋਂ ਕੱਟ ਦਿਤਾ ਜਾਵੇ ਤਾਂ ਕਦਾਚਿਤ ਵੀ ਉਹ ਹਰੀ ਭਰੀ ਨਹੀਂ ਰਹਿ ਸਕਦੀ। ਭਾਵੇਂ ਪੱਤਝੜ ਰੁੱਤ ਵਿਚ ਬਾਹਰੋਂ ਪੱਤੇ ਸੁੱਕ ਜਾਂਦੇ ਹਨ ਪਰ ਅੰਦਰ ਟਾਹਣੀ ਦੇ ਰਸ ਹੁੰਦਾ ਹੈ। ਤਾਂ ਹੀ ਸਮਾਂ ਆਉਣ 'ਤੇ ਉਹ ਫਿਰ ਹਰੀਆਂ ਭਰੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਸਮੁੱਚਾ ਸੰਸਾਰ ਸਾਖਾਵਾਂ ਦੀ ਤਰ੍ਹਾਂ ਹੈ ਤੇ ਪ੍ਰਮੇਸ਼ਰ ਸਭਨਾਂ ਦੀ ਜਿੰਦ ਜਾਨ ਦਰਖਤ ਰੂਪੀ ਹੈ -

*ਤੂੰ ਪੇਡੁ ਸਾਖ ਤੇਰੀ ਫੂਲੀ ॥*

*ਤੂੰ ਸੁਖਮੁ ਹੋਆ ਅਸਥੂਲੀ ॥* *ਅੰਗ - ੧੦੨*

ਭਾਵ -

*ਸੂਛਮ ਤੇ ਸੂਛਮ ਕਰ ਚੀਨੇ*
*ਬ੍ਰਿੱਧਨ ਬ੍ਰਿੱਧ ਬਤਾਏ॥* *ਦਸਮ ਗ੍ਰੰਥ*

ਜੋ ਸ਼ਾਖਾਵਾਂ ਭਾਵ ਜੀਵ ਆਤਮਾਵਾਂ ਪ੍ਰਮੇਸ਼ਰ ਨਾਲ ਜੁੜੀਆਂ ਰਹਿੰਦੀਆਂ ਹਨ ਉਹ ਹਰੀਆਂ-ਭਰੀਆਂ ਖੇੜੇ-ਵਿਗਾਸ ਵਿਚ ਰਹਿੰਦੀਆਂ ਹਨ। ਜੋ ਆਪਣੇ ਮੂਲ ਪ੍ਰਮਾਤਮਾ ਤੋਂ ਟੁੱਟ ਜਾਂਦੀਆਂ ਹਨ ਉਥੇ ਖੁਸ਼ਕੀ ਛਾ ਜਾਂਦੀ ਹੈ -

*ਹਰਿ ਬਿਸਰਤ ਸਦਾ ਖੁਆਰੀ ॥* *ਅੰਗ - ੭੧੧*

ਜੋ ਉਸ ਪ੍ਰਮੇਸ਼ਰ ਨਾਲ ਜੁੜੇ ਹਨ ਉਹ ਸਦਾ ਹੀ ਤਰ ਹਨ। ਕਦੇ ਵੀ ਹਰਿਆਵਲ ਖਤਮ ਨਹੀਂ ਹੁੰਦੀ। ਸੂਰਜ ਦੀ ਭਾਵ ਵੈਸਾਖ ਦੀ ਤਪਸ਼ ਅਸਰ ਨਹੀਂ ਕਰਦੀ। ਇਸੇ ਵੀਚਾਰ ਨੂੰ ਮੁਖ ਰਖਦੇ ਹੋਏ ਸੱਚੇ ਪਾਤਸ਼ਾਹ ਪੰਜਵੇਂ ਸਤਿਗੁਰੂ ਨੇ 'ਵੈਸਾਖਿ' ਮਹੀਨੇ ਦੀ ਆਰੰਭਤਾ ਵਿਚ ਬਖਸ਼ਿਸ਼ ਕੀਤੀ ਹੈ -

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥

ਆਪਣੇ ਮੂਲ ਨਾਲੋਂ ਟੁੱਟ ਕੇ ਸਾਖਾਵਾਂ ਅੰਦਰੋਂ ਵੀ ਖੁਸ਼ਕ ਤੇ ਬਾਹਰੋਂ ਵੀ ਹਰਿਆਵਲ ਖਤਮ ਹੋ ਜਾਣ ਤੇ ਕਿਵੇਂ ਤਰ ਹੋ ਸਕਦੀਆਂ ਹਨ ਭਾਵ ਕਿਵੇਂ ਧੀਰਜ ਧਾਰਨ ਕਰ ਸਕਦੀਆਂ ਹਨ। ਹੁਣ ਤੜਫਦੀਆਂ ਹਨ ਤੇ ਮਹਿਸੂਸ ਕਰਦੀਆਂ ਹਨ ਕਿ ਮਾਇਆ ਨੇ ਅੰਦਰ ਦਾ ਰਸ ਖਤਮ ਕਰ ਦਿਤਾ ਤੇ ਫਿਰ ਆਪਣੇ ਮੂਲ ਨਾਲ ਜੁੜ ਕੇ ਕਿਵੇਂ ਰਸ ਪ੍ਰਾਪਤ ਹੋਵੇ -

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥

ਇਹੋ ਜਿਹੇ ਸਮੇਂ ਸੰਸਾਰਿਕ ਮੋਹ ਮਾਇਆ ਰੂਪੀ ਰਿਸ਼ਤੇ ਸਾਥ ਨਹੀਂ ਦੇ ਸਕਦੇ ਭਾਵ ਮਨ ਨੂੰ ਸ਼ਾਂਤੀ ਤੇ ਤ੍ਰਿਪਤੀ ਦੇਣ ਦੇ ਸਾਜ਼ਗਰ ਨਹੀਂ ਹਨ। ਐਸੇ ਸਮੇਂ ਕੇਵਲ ਪ੍ਰਮੇਸ਼ਰ ਪ੍ਰੀਤਮ ਹੀ ਹੈ ਜੋ ਸਾਥ ਨਿਭਦਾ ਹੈ, ਬਸ਼ਰਤੇ ਉਸ ਦੇ ਨਾਲ ਜੁੜੇ ਰਹੀਏ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥

ਸੰਸਾਰ ਵਿਚ ਰਹਿ ਕੇ ਸੰਸਾਰਿਕ ਬਣ ਕੇ, ਝੂਠੇ ਮੋਹ ਵਿਚ ਫਸ ਕੇ ਬਹੁਤਾਤ ਜੀਵ ਟੁੱਟ ਰਹੇ ਹਨ-

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥*
*ਅੰਗ - ੭੨੬*

ਇਕ ਨਹੀਂ ਅਣਗਿਣਤ ਜਨਮ ਏਸ ਮੋਹ ਮਾਇਆ ਵਿਚ ਫਸ ਕੇ ਅਜਾਈਂ ਗਵਾ ਦਿਤੇ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੯*

ਇਕ ਸੇਵਾ ਸਿਮਰਨ ਹੀ ਹੈ ਜੋ ਨਾਲ ਨਿਭਣਾ ਹੈ। ਗੁਰੂ ਦੀ ਪ੍ਰੀਤ ਹੀ ਹੈ ਜੋ ਜੀਵ ਦਾ ਤੋਸਾ ਬਣ ਸਹਾਈ ਹੁੰਦੀ ਹੈ। ਭਾਵ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥* *ਅੰਗ - ੨੬੪*

ਇਕ ਨਾਮ ਹੈ ਜੋ ਰੂਹ ਦੀ ਖੁਰਾਕ ਵੀ ਹੈ ਤੇ ਰੂਹ ਦੇ ਨਾਲ ਨਿਭਦੀ ਵੀ ਹੈ। ਇਹ ਐਸਾ ਧਨ ਹੈ ਜੋ ਨਾ ਖੋਹਿਆ ਜਾਂਦਾ ਹੈ, ਨਾ ਹੀ ਲੁੱਟਿਆ ਜਾਂਦਾ ਹੈ-

*ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥*
*ਪੂਰੈ ਸਤਿਗੁਰਿ ਦੀਆ ਦਿਖਾਇ ॥* *ਅੰਗ - ੬੬੩*

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ*
*ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥*
*ਅੰਗ - ੭੩੪*

ਤਾਹੀਂ ਅੰਤਿਮ ਅਰਦਾਸ ਵੇਲੇ ਭਾਈ ਸਾਹਿਬ ਗ੍ਰੰਥੀ ਸਾਹਿਬਾਨ ਅਰਦਾਸ-ਬੇਨਤੀ ਕਰਦੇ ਹਨ ਕਿ ਸੱਚੇ ਪਾਤਸ਼ਾਹ! ਜੀਵ ਦੇ ਨਮਿੱਤ ਆਪ ਜੀ ਦੀ ਬਾਣੀ ਦੇ ਪਾਠ ਹੋਏ ਹਨ, ਪਵਿੱਤਰ ਬਾਣੀ ਦੇ ਕੀਰਤਨ ਹੋਏ ਹਨ, ਗੁਰੂ ਕੇ ਲੰਗਰ ਚਲੇ ਹਨ ਸਭਨਾਂ ਦਾ ਮਹੱਤਵ ਵਿਛੜੀ ਹੋਈ ਰੂਹ ਨੂੰ ਪਹੁੰਚਾਉਣਾ। ਉਥੇ ਇਹ ਕਦੇ ਨਹੀਂ ਕਿਹਾ ਜਾਂਦਾ ਕਿ ਜੋ ਧਨ ਦੌਲਤ, ਜਮੀਨ, ਜਾਇਦਾਦ, ਕਾਰੋਬਾਰ ਵਧਾਏ ਹਨ ਉਨ੍ਹਾਂ ਦਾ ਮਹੱਤਵ ਵਿਛੜੀ ਹੋਈ ਰੂਹ ਨੂੰ ਜਾਵੇ। ਇਹ ਸਭਨਾਂ ਨੂੰ ਪਤਾ ਹੈ ਕਿ ਦੁਨਿਆਵੀ ਪਦਾਰਥਾਂ ਤੋਂ ਕੁਝ ਵੀ ਰੂਹ ਦੇ ਨਾਲ ਨਹੀਂ ਜਾ ਸਕਦਾ। ਤਾਂ ਹੀ ਸਤਿਗੁਰੂ ਜੀ ਨੇ ਤਾਗੀਦ ਕੀਤੀ ਹੈ ਕਿ ਐਸੇ ਸਮੇਂ ਸਿਰਫ ਕਥਾ ਕੀਰਤਨ ਹੀ ਫਲਦਾਇਕ ਤੇ ਸਹਾਇਕ ਹੈ -

*ਅੰਤੇ ਸਤਿਗੁਰੁ ਬੋਲਿਆ ਮੈ ਪਿਛੈ*
*ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥*
*ਕੇਸੋ ਗੋਪਾਲ ਪੰਡਿਤ ਸਦਿਅਹੁ*
*ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥* *ਅੰਗ - ੯੨੩*

ਮਹਾਰਾਜ ਬਖਸ਼ਿਸ਼ ਕਰਦੇ ਹਨ ਕਿ -

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*

*(ਬਾਕੀ ਪੰਨਾ 48 'ਤੇ)*

# ਵਿਸਾਖੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

*ਧਾਰਨਾ - ਚਕ੍ਰ ਚਿਹਨ ਬਰਨ ਰੂਪ ਤੇਰਾ,*
*ਲਖਿਆ ਨਾ ਜਾਏ ਮਾਲਕਾ।*

*ਚੱਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ*
*ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ*
*ਅਮਿਤੋਜ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ*
*ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ*
*ਕਵਨ ਕਰਮ ਨਾਮ ਬਰਣਤ ਸੁਮਤਿ॥ ਜਾਪੁ ਸਾਹਿਬ*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ।ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਸ਼ੁੱਭ ਦਿਹਾੜਾ ਵਿਸਾਖੀ ਦਾ ਹੈ ਜਿਸਨੂੰ ਖਾਲਸੇ ਪੰਥ ਦਾ ਪ੍ਰਕਾਸ਼ ਉਤਸਵ ਆਖਿਆ ਜਾਂਦਾ ਹੈ। ਸਾਰੀ ਦੁਨੀਆਂ ਆਪਣੇ-ਆਪਣੇ ਜਨਮ ਦਿਨ ਮਨਾਉਂਦੀ ਹੈ, ਬਹੁਤ ਧੂਮ-ਧਾਮ ਨਾਲ ਮਨਾਉਂਦੇ ਨੇ, ਹਜ਼ਾਰਾਂ ਰੁਪਏ ਖਰਚ ਦਿੰਦੇ ਨੇ। ਰਿਸ਼ਤੇਦਾਰਾਂ ਨੂੰ ਬੁਲਾਉਂਦੇ ਨੇ, ਸੁਭ-ਚਿੰਤਕਾਂ ਨੂੰ ਬੁਲਾਉਂਦੇ ਨੇ, ਤੋਹਫੇ ਲੈ-ਲੈ ਕੇ ਆਉਂਦੇ ਨੇ। ਬਹੁਤ ਖੁਸ਼ੀਆਂ ਕੀਤੀਆਂ ਜਾਂਦੀਆਂ ਨੇ। ਪ੍ਰੋਗਰਾਮ ਬਣਾਏ ਜਾਂਦੇ ਨੇ। ਵੱਡੇ-ਵੱਡੇ ਆਦਮੀ ਲੱਖਾਂ ਰੁਪਏ ਖਰਚ ਕਰ ਦਿੰਦੇ ਨੇ। ਇਸ ਤਰ੍ਹਾਂ ਦੇ ਨਾਲ ਇਕ ਕੌਮ ਦਾ ਜਨਮ ਦਿਨ ਜਿਸ ਨੂੰ ਆਖਦੇ ਨੇ, ਜਿਸ ਦਿਨ ਤੋਂ ਖਾਲਸਾ ਪੰਥ ਪ੍ਰਗਟ ਹੋਇਆ ਹੈ, ਉਹ ਅੱਜ ਦਾ ਦਿਨ ਸੀ। ਜੋ ਖਾਲਸੇ ਦਾ ਜਨਮਦਿਨ ਹੈ ਉਸਨੂੰ 327 ਸਾਲ ਹੋ ਗਏ। ਅੱਜ ਦਾ ਦਿਨ ਜੋ ਹੈ ਇਤਿਹਾਸ ਦੇ ਪੰਨਿਆਂ ਦੇ ਉੱਤੇ ਬੜੀ ਮਹੱਤਤਾ ਵਾਲਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਧਿਆਨ ਧਰ ਕੇ ਦੇਖਿਆ, ਕੀ ਦੇਖਦੇ ਨੇ ਕਿ ਸਾਰੀ ਪ੍ਰਿਥਵੀ ਦੇ ਵਿੱਚ ਹਨ੍ਹੇਰ ਮਚਿਆ ਪਿਆ ਹੈ। ਕਿਤੇ ਚਾਨਣੇ ਦੀ ਲਿਸ਼ਕ ਨਹੀਂ ਦਿੱਸ ਰਹੀ। ਅੰਧੇਰਾ ਹੀ ਅੰਧੇਰਾ ਛਾਇਆ ਪਿਆ ਹੈ।

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫*

ਧਰਮ ਨਾਮ ਦੀ ਚੀਜ਼ ਸੰਸਾਰ 'ਚੋਂ ਚਲੀ ਗਈ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਸੱਚ ਦਾ ਚੰਦਰਮਾ, ਝੂਠ ਦੀ ਮੱਸਿਆ ਨੇ, ਛੁਪਾ ਲਿਆ।

*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥ ਅੰਗ - ੧੪੫*

ਅੱਜ ਦੇ ਦਿਨ ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਕਾਰੋਬਾਰ ਛੱਡਦੇ ਹੋਏ, ਬਾਲ-ਬੱਚਿਆਂ ਦੀ ਪ੍ਰਵਾਹ ਨਾ ਕਰਦੇ ਹੋਏ, ਮਾਂ-ਬਾਪ ਦੀ ਪਰਵਾਹ ਨਾ ਕਰਦੇ ਹੋਏ, ਦੁਖੀ ਸੰਸਾਰ ਨੂੰ ਸੁੱਖ ਦੇਣ ਵਾਸਤੇ, ਪਹਿਲਾ ਕਦਮ ਸੁਲਤਾਨਪੁਰ ਤੋਂ ਪੁੱਟਿਆ। ਮਰਦਾਨਾ ਕਹਿੰਦਾ ਹੈ, ਮਹਾਰਾਜ! ਕਿੱਥੇ ਜਾ ਰਹੇ ਓਂ? ਭਾਈ ਬਾਲਾ ਰਜ਼ਾ ਵਿੱਚ ਰਾਜ਼ੀ ਹੈ। ਮਹਾਰਾਜ ਕਹਿੰਦੇ, ਮਰਦਾਨਿਆ! ਹੁਣ ਬੈਠਣ ਦਾ ਸਮਾਂ ਨਹੀਂ ਹੈ, ਹੁਣ ਚੱਲੀਏ। ਸੰਸਾਰ ਬਹੁਤ ਦੁਖੀ ਹੈ।

ਪਾਤਸ਼ਾਹ! ਕਿੱਥੇ ਜਾਓਂਗੇ?

ਆਪ ਨੇ ਕਿਹਾ ਕਿ ਜਿੱਥੇ ਨਿਰੰਕਾਰ ਲੈ ਜਾਏਗਾ। ਸੋ ਅੱਜ ਦੇ ਦਿਨ ਗੁਰੂ ਨਾਨਕ ਪਾਤਸ਼ਾਹ ਨੇ ਸੁਲਤਾਨਪੁਰ ਤੋਂ ਅੱਜ ਦੇ ਦਿਨ ਚੜ੍ਹਾਈ ਆਰੰਭ ਕਰੀ ਸੰਸਾਰ ਦੇ ਉਧਾਰ ਵਾਸਤੇ। ਜਿਵੇਂ ਫੌਜਾਂ ਚੜ੍ਹਾਈ ਕਰਦੀਆਂ ਨੇ, ਐਉਂ ਧਰਤ ਲੁਕਾਈ ਨੂੰ ਸੋਧਣ ਵਾਸਤੇ ਗੁਰੂ ਨਾਨਕ ਨੇ ਅੱਜ ਦੇ ਦਿਨ ਚੜ੍ਹਾਈ ਕਰੀ। ਦੋਹਾਂ ਬੱਚਿਆਂ ਨੇ ਗੁਰੂ ਮਹਾਰਾਜ ਦੀ ਇੱਕ-ਇੱਕ ਲੱਤ ਦੇ ਨਾਲ, ਜੱਫੀ ਪਾਈ ਹੋਈ ਹੈ। ਪਤਾ ਹੈ ਉਨ੍ਹਾਂ ਨੂੰ ਕਿ ਹੁਣ ਚਲੇ ਜਾਣਾ ਹੈ। ਮਾਤਾ ਜੀ ਹੱਥ ਬੰਨ੍ਹੀ ਖੜ੍ਹੇ ਨੇ ਕਿ ਅਸਾਡਾ ਵੀ ਕੁਝ ਬਣੇਗਾ? ਇਹ ਤਾਂ

ਮਾਸੂਮ ਨੇ, ਕਿੱਡਾ ਵੱਡਾ ਕਾਰੋਬਾਰ ਤੁਸੀਂ ਛੱਡ ਰਹੇ ਓਂ। ਗੁਰੂ ਨਾਨਕ ਦੇ ਕੋਲ ਮੋਦੀ ਦਾ ਅਹੁਦਾ ਸੀਗਾ। ਮੋਦੀ ਉਸ ਵੇਲੇ ਵਜ਼ੀਰ ਹੋਇਆ ਕਰਦਾ ਸੀ, ਉਨ੍ਹਾਂ ਦਿਨਾਂ 'ਚ। ਅੱਠਵਾਂ ਵਜ਼ੀਰ ਸੀ ਇਹ ਜਿਹਦੇ ਕੋਲ ਸਾਰੀ ਸਪਲਾਈ ਹੋਇਆ ਕਰਦੀ ਸੀ। ਗਰੀਬ-ਗਰੁਬਿਆਂ ਨੂੰ ਸੰਭਾਲਣਾ, ਲੋੜਵੰਦਾਂ ਨੂੰ ਦੇਣਾ। ਸਾਰਾ ਕੁਛ ਛੱਡ ਕੇ, ਬੱਚਿਆਂ ਨੂੰ ਰੋਂਦਿਆਂ ਨੂੰ, ਮਾਤਾ ਜੀ ਨੂੰ ਸਿਸਕੀਆਂ ਲੈਂਦਿਆਂ ਨੂੰ, ਛੱਡ ਕੇ ਆਪ ਸੰਸਾਰ ਦੇ ਉਧਾਰ ਵਾਸਤੇ ਚੱਲੇ ਤੇ ਅੱਜ ਦਾ ਹੀ ਦਿਨ ਮਹੱਤਤਾ ਰਖਦਾ ਹੈ। ਗੋਇੰਦਵਾਲ ਸਾਹਿਬ ਬਉਲੀ ਸਾਹਿਬ ਦਾ ਕੜ ਨਹੀਂ ਸੀ ਟੁੱਟਦਾ। ਬਹੁਤ ਯਤਨ ਕੀਤਾ, ਲੇਕਿਨ ਉਹ ਟੁੱਟਦਾ ਨਹੀਂ ਸੀ, ਐਡਾ ਸਖਤ ਪੱਥਰ ਆਇਆ ਹੋਇਆ ਸੀ, ਅੱਜ ਦੇ ਦਿਨ ਉਹ ਕੜ ਟੁੱਟਿਆ। ਇਸੇ ਤਰ੍ਹਾਂ ਦੇ ਨਾਲ ਅੱਜ ਦਾ ਦਿਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਦੇ ਬਾਰੇ ਸ਼ੱਕ ਸੀ ਸਾਰਿਆਂ ਦੇ ਮਨਾਂ 'ਚ, ਪੂਰੀ ਤਰ੍ਹਾਂ ਪ੍ਰਗਟ ਨਹੀਂ ਸੀ ਹੋ ਰਿਹਾ, ਲੇਕਿਨ ਅੱਜ ਕੌਤਕ ਵਰਤਿਆ। ਪਿੰਗਲੇ ਦੀ ਖਾਰੀ ਲਿਆ ਕੇ ਕੰਢੇ 'ਤੇ ਰੱਖ ਦਿੱਤੀ। ਬੀਬੀ ਪ੍ਰਸ਼ਾਦਾ ਲਿਆਉਣ ਵਾਸਤੇ ਅਤੇ ਸੇਵਾ ਕਰਨ ਵਾਸਤੇ ਗੁਰੂ ਕੇ ਲੰਗਰਾਂ 'ਚ ਜਾਂਦੀ ਹੈ, ਉਹ ਕੀ ਦੇਖਦਾ ਹੈ ਕਿ ਕਾਉਂ ਆ ਕੇ ਚੁੱਭੀ ਮਾਰਦੇ ਨੇ ਤੇ ਚਿੱਟੇ ਹੋ ਕੇ ਨਿਕਲ ਜਾਂਦੇ ਨੇ। ਇਸਨੇ ਵੀ ਖਾਰੇ ਤੋਂ ਰਿੜ੍ਹ-ਰਿੜ੍ਹ ਕੇ, ਉਹਦੇ ਵਿੱਚ ਆ ਕੇ ਜਲ ਦੇ ਚੁੱਭੀ ਮਾਰੀ ਤੇ ਨਵਾਂ ਨਰੋਆ ਹੋ ਗਿਆ ਤੇ ਅੰਮ੍ਰਿਤਸਰ ਸਾਹਿਬ ਦਾ ਜੋ ਪਰਮ ਪਵਿੱਤਰ ਤੀਰਥ ਹੈ, ਅੱਜ ਦੇ ਦਿਨ ਪ੍ਰਗਟ ਹੋ ਗਿਆ। ਅੱਜ ਦੇ ਦਿਨ ਹੀ ਗੁਰੂ ਅੱਠਵੇਂ ਪਾਤਸ਼ਾਹ ਨੇ ਆਦੇਸ਼ ਦਿੱਤਾ, ਪਾਤਸ਼ਾਹ! ਕੀਹਦੇ ਲੜ ਲਾ ਕੇ ਜਾ ਰਹੇ ਓਂ, ਕਹਿਣ ਲੱਗੇ, ਬਾਬਾ ਬਕਾਲੇ। ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਿਆਈ ਦਾ ਸੰਕੇਤ ਦਿੱਤਾ ਤੇ ਅੱਜ ਦੇ ਦਿਨ ਹੀ ਗੁਰੂ ਦਸ਼ਮੇਸ਼ ਪਿਤਾ ਨੇ ਇੱਕ ਆਦਰਸ਼ਕ ਮਨੁੱਖ ਪ੍ਰਗਟ ਕੀਤਾ, ਜੋ ਬਹੁਤ ਉੱਚਾ ਸੀ, ਜਿਸਦੀ ਪਦਵੀ ਖਾਲਸੇ ਦੀ ਪਦਵੀ ਹੋਈ, ਅੱਜ ਇਸ ਘਟਨਾ ਨੂੰ 327 ਸਾਲ ਪੂਰੇ ਹੋ ਚੁੱਕੇ ਨੇ ਤੇ ਅੱਜ ਦੇ ਦਿਨ ਸਾਲ ਸ਼ੁਰੂ ਹੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੇ 206 ਸਾਲ ਗੁਰੂ ਅੰਗਦ ਦੇ ਸਰੂਪ 'ਚ, ਗੁਰੂ ਅਮਰਦਾਸ ਜੀ ਦੇ ਸਰੂਪ ਵਿੱਚ, ਗੁਰੂ ਰਾਮਦਾਸ ਜੀ ਦੇ ਸਰੂਪ ਵਿੱਚ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਮਹਾਰਾਜ, ਗੁਰੂ ਤੇਗ ਬਹਾਦਰ ਸਾਹਿਬ ਦੇ ਸਰੂਪਾਂ 'ਚੋਂ ਹੋ ਕੇ ਕੰਮ ਕੀਤਾ ਤੇ ਜੋ ਮਨੁੱਖ ਸਦੀਆਂ ਦਾ ਗੁਲਾਮ ਹੋਇਆ ਹੋਇਆ ਸੀ, ਪੰਜ ਹਜ਼ਾਰ ਸਾਲ ਕਲਜੁਗ ਨੂੰ ਹੋ ਚੁੱਕੇ ਸਨ ਤੇ ਬੰਦਾ ਐਨਾ ਨਿਮਾਣਾ, ਨਿਤਾਣਾ ਤੇ ਹੀਣਾ ਹੋ ਚੁੱਕਿਆ ਸੀ ਕਿ ਓਸ ਨੂੰ ਪ੍ਰਮੇਸ਼ਰ ਦੀ ਸਮਝ ਬਿਲਕੁਲ ਭੁੱਲ ਗਈ, ਆਪਣਾ ਅਹਿਸਾਸ ਹੀ ਭੁੱਲ ਗਿਆ, ਕੋਈ ਪਤਾ ਨਹੀਂ ਰਿਹਾ ਕਿ ਮੇਰਾ ਨਿੱਜ ਦਾ ਧਰਮ ਕੀ ਹੈ। ਬੇਮੁੱਖ ਹੋ ਗਿਆ, ਹੀਣਤਾ ਆ ਗਈ, ਬਾਹਰਲੇ ਪ੍ਰਦੇਸੀਆਂ ਨੇ ਆ ਕੇ ਗੁਲਾਮ ਬਣਾ ਲਿਆ, ਧਰਮ ਦੀ ਮਨਾਹੀ ਕਰ ਦਿੱਤੀ ਗਈ, ਅਜ਼ਾਦੀ ਜਾਂਦੀ ਰਹੀ। ਨਾ ਧਾਰਮਿਕ ਅਜ਼ਾਦੀ, ਨਾ ਆਰਥਿਕ ਅਜ਼ਾਦੀ, ਨਾ ਸਮਾਜਿਕ ਅਜ਼ਾਦੀ; ਆਰਥਿਕ ਤੌਰ 'ਤੇ ਪਾਬੰਦੀਆਂ ਲਾ ਦਿੱਤੀਆਂ ਕਿ ਭਾਰਤ ਵਰਸ਼ ਦਾ ਜੋ ਹਿੰਦੂ ਵਰਗ ਹੈ, ਉਹ ਛੇ ਮਹੀਨੇ ਤੋਂ ਵੱਧ ਖਾਣ ਲਈ ਦਾਣੇ ਆਪਣੇ ਘਰ ਨਹੀਂ ਰੱਖ ਸਕਦਾ। ਬਾਕੀ ਸਰਕਾਰ ਚੁੱਕ ਲੈਂਦੀ ਸੀ। ਇਹ ਘੋੜੇ 'ਤੇ ਨਹੀਂ ਚੜ੍ਹ ਸਕਦਾ, ਖੱਚਰ 'ਤੇ ਚੜ੍ਹ ਸਕਦਾ ਹੈ, ਘੋੜਾ ਰੱਖਣਾ ਮਨ੍ਹਾ ਕਰ ਦਿੱਤਾ ਸੀ। ਇਹ ਦਸਤਾਰ ਨਹੀਂ ਬੰਨ੍ਹ ਸਕਦਾ, ਨੰਗੇ ਸਿਰ ਰਹਿ ਸਕਦਾ ਹੈ। ਦਸਤਾਰ ਜੋ ਚਿੰਨ੍ਹ ਸੀ ਸਰਦਾਰੀ ਦਾ, ਉਹ ਖੋਹ ਲਿਆ, ਇਹ ਗਿੱਟੇ ਉੱਚੇ ਕਰਕੇ ਪਜਾਮਾ ਪਾ ਸਕਦਾ ਹੈ। ਗਿੱਟੇ ਨਹੀਂ ਢਕ ਸਕਦਾ, ਖਾਣ ਦੇ ਉੱਤੇ, ਪਹਿਨਣ ਦੇ ਉੱਤੇ, ਚੱਲਣ ਫਿਰਨ ਦੇ ਉੱਤੇ, ਪਾਬੰਦੀਆਂ ਹੀ ਪਾਬੰਦੀਆਂ ਲਾ ਦਿਤੀਆਂ। ਜੇ ਹਿੰਦੂ ਦਾ ਘਰ ਨੇੜੇ ਤੇੜੇ ਇਸਲਾਮ ਵਾਲੇ ਦਾ ਘਰ ਹੈ, ਘਰ ਵਿੱਚ ਗਲੀ ਪੈ ਗਈ ਤੇ ਪਾਣੀ ਉੱਤੋਂ ਟਪਕਣਾ ਸ਼ੁਰੂ ਹੋਇਆ, ਉਹ ਕੋਠੇ 'ਤੇ ਨਹੀਂ ਸੀ ਚੜ੍ਹ ਸਕਦਾ, ਪਹਿਲਾਂ ਆਪਣੇ ਪੜੌਸੀ ਨੂੰ ਆਵਾਜ਼ ਮਾਰਦਾ ਸੀ ਕਿ ਕ੍ਰਿਪਾ ਕਰ ਮੇਰੇ ਕੋਠੇ ਦੇ ਉੱਤੇ ਗਲੀ ਪੈ ਗਈ ਹੈ ਤੇ ਤੂੰ ਬੰਦ ਕਰ ਦੇ। ਜੇ ਉਹਨੇ ਇਜਾਜ਼ਤ ਦੇ ਦਿੱਤੀ ਕਿ ਚੰਗਾ ਬਈ ਤੂੰ ਆਪ ਚੜ੍ਹ ਜਾ, ਤਾਂ ਫੇਰ ਚੜ੍ਹ ਜਾਣਾ ਹੈ, ਨਹੀਂ ਤਾਂ ਨਹੀਂ ਚੜ੍ਹਨਾ। ਇਸੇ ਤਰ੍ਹਾਂ ਦੇ ਨਾਲ ਸੰਖ ਨਹੀਂ ਸੀ ਵੱਜ ਸਕਦਾ। ਘੜਿਆਲ ਨਹੀਂ ਸੀ ਵੱਜ ਸਕਦੀ। ਕੋਈ ਨਵਾਂ ਮੰਦਰ ਨਹੀਂ ਸੀ ਬਣ ਸਕਦਾ। ਠਾਕੁਰ ਦੁਆਰਾ ਨਹੀਂ ਸੀ ਬਣ ਸਕਦਾ, ਦੇਹੁਰਾ ਨਹੀਂ ਸੀ ਬਣ ਸਕਦਾ। ਮਨੁੱਖ ਦੇ ਉੱਤੇ ਪਾਬੰਦੀਆਂ ਹੀ ਪਾਬੰਦੀਆਂ ਲਗ ਗਈਆਂ। ਭਜਨ ਕਰਨ ਦੀ ਵੀ ਪਾਬੰਦੀ ਲਗ ਗਈ। ਖਾਣ ਪੀਣ ਦੀਆਂ ਪਾਬੰਦੀਆਂ ਲਗ ਗਈਆਂ। ਜੇ ਕਿਸੇ ਦਾ ਜੀਅ ਮਾਸ ਖਾਣ ਨੂੰ ਕਰਦਾ ਹੈ, ਉਹ ਖਾ ਨਹੀਂ ਸੀ ਸਕਦਾ, ਮੁੱਲਾਂ ਦੇ ਕੋਲ ਜਾਣਾ ਪੈਂਦਾ ਸੀ, ਉਹ ਕਲਮਾਂ ਪੜ੍ਹ ਕੇ ਉਹਨੂੰ ਹਲਾਲ ਕਰਕੇ ਦਿੰਦਾ ਤਾਂ ਖਾ ਸਕਦਾ ਸੀ। ਯਾਨਿ ਹਰ ਪਾਸੇ ਪਾਬੰਦੀਆਂ ਹੀ ਪਾਬੰਦੀਆਂ ਸੀ। ਇਹ ਸਦੀਆਂ ਦੀ ਗੁਲਾਮੀ ਨੇ ਮਨੁੱਖੀ ਮਨ 'ਤੇ ਐਨਾ ਅਸਰ ਕੀਤਾ

ਕਿ ਇੱਕ ਤਰ੍ਹਾਂ ਨਾਲ ਉਹ ਮੁਰਦਾ ਹੀ ਹੋ ਗਿਆ। ਮੁਰਦੇ ਨੂੰ ਜੀਵਾਉਣ ਵਾਸਤੇ ਬੜਾ ਸਮਾਂ ਲੱਗਿਆ ਕਿਉਂਕਿ ਗੁਰੂ ਮਹਾਰਾਜ ਨੇ ਏਸ ਮੁਰਦੇ ਵਾਸਤੇ ਇੱਕ ਅੰਮ੍ਰਿਤ ਦਿੱਤਾ ਜਿਸ ਨੂੰ ਨਾਮ ਕਹਿੰਦੇ ਨੇ। ਉਹਦੇ ਨਾਲ ਇਹ ਹੌਲੀ-ਹੌਲੀ ਉਠਿਆ ਲੇਕਿਨ ਬਹੁਤ ਕੁਰੀਤੀਆਂ ਸੀ। ਜਿਸ ਥਾਂ ਦੇ ਉੱਤੇ ਬ੍ਰਾਹਮਣ ਬੈਠ ਜਾਂਦਾ, ਜੇ ਸ਼ੂਦਰ ਕੋਲ ਦੀ ਲੰਘ ਗਿਆ, ਕੰਮ ਕਰਨ ਵਾਲਾ, ਉਹ ਖਾਣਾ ਨਹੀਂ ਸੀ ਖਾਂਦਾ, ਉਹ ਕਹਿੰਦੇ ਸੀ ਕਿ ਭਿੱਟ ਦਿੱਤਾ।

*ਮਤੁ ਭਿਟੈ ਵੇ ਮਤੁ ਭਿਟੈ ॥*
*ਇਹੁ ਅੰਨੁ ਅਸਾਡਾ ਫਿਟੈ ॥* *ਅੰਗ - ੪੭੨*

ਮਹਾਰਾਜ ਕਹਿੰਦੇ ਕਮਾਲ ਦੀਆਂ ਗੱਲਾਂ ਨੇ ਆਪ ਫਿੱਟੇ ਹੋਏ, ਆਪ ਮੈਲੇ, ਆਪ ਜੂਠੇ ਹੋ ਕੇ ਚਉਂਕੇ 'ਤੇ ਚੜ੍ਹਦੇ ਨੇ ਤੇ ਦੂਸਰਿਆਂ ਨੂੰ ਗਾਲ੍ਹਾਂ ਕੱਢਦੇ ਨੇ। ਸੋ ਸਮਾਜ ਦੀਆਂ ਸਾਰੀਆ ਬੁਰਿਆਈਆਂ ਦੇ ਨਾਲ ਬੰਦਾ ਬਿਲਕੁਲ ਹੇਠਾਂ ਆ ਗਿਆ, ਕੋਈ ਆਸ ਨਹੀਂ ਸੀ ਕਿ ਮੁੜ ਕੇ ਇਹ ਆਰੀਅਨ ਸਭਿਅਤਾ ਜਿਉਂਦੀ ਹੋ ਜਾਏਗੀ। ਬਹੁਤ ਵੱਡਾ ਕੰਮ ਸੀ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਬੜੀ ਦੀਰਘ ਨਿਗ੍ਹਾਂ ਦੌੜਾਈ। ਇਹ ਬੰਦਾ ਚਾਰ ਆਸ਼ਰਮਾਂ 'ਚ ਵੰਡਿਆ ਹੋਇਆ ਸੀ। ਚਾਰ ਵਰਨਾਂ 'ਚ, ਬੰਦੇ ਦੀ ਜ਼ਿੰਦਗੀ ਵੰਡੀ ਹੋਈ ਸੀ। ਚਾਰ ਆਸ਼ਰਮ - ਪੱਚੀ ਸਾਲ ਤੋਂ ਪਹਿਲਾਂ ਵਿਆਹ ਨਹੀਂ ਸੀ ਕਰਾ ਸਕਦਾ, ਪੱਚੀ ਸਾਲ ਗ੍ਰਹਿਸਤ 'ਚ ਰਹਿ ਸਕਦਾ ਹੈ, ਪੰਜਾਹ ਤੋਂ ਬਾਅਦ ਇਹਨੂੰ ਘਰ-ਬਾਰ ਛੱਡਣਾ ਪੈਂਦਾ ਸੀ, ਪਝੱਤਰ ਸਾਲ ਦੀ ਉਮਰ ਤੋਂ ਬਾਅਦ ਇਹਨੂੰ ਰਮਣ ਕਰਨਾ ਪੈਂਦਾ, ਰਟਣ ਕਰਨਾ ਪੈਂਦਾ। ਇਸੇ ਤਰ੍ਹਾਂ ਜੋ ਆਦਮੀ ਦਾ ਕਿੱਤਾ ਸੀ, ਕਿੱਤੇ ਦੇ ਮੁਤਾਬਿਕ ਵੰਡਾਂ ਕੀਤੀਆਂ ਗਈਆਂ ਸੀ। ਜਿਸ ਕਿੱਤੇ ਨੂੰ ਕੋਈ ਅਪਨਾਉਣਾ ਚਾਹੁੰਦਾ ਹੈ, ਉਹਨੂੰ ਉਹ ਅਪਣਾਅ ਸਕਦਾ ਸੀ। ਨਹੀਂ ਅਪਨਾਉਣਾ ਤਾਂ ਦੂਸਰੇ 'ਚ ਆ ਸਕਦੇ ਸੀ। ਸੋ ਚਾਰ ਵੰਡਾਂ ਕੀਤੀਆਂ ਗਈਆਂ, ਇੱਕ ਪੜ੍ਹਨ ਲਿਖਣ ਵਾਲੇ, ਖੋਜ ਕਰਨ ਵਾਲੇ ਬੰਦਿਆਂ ਦੀਆਂ। ਜਿਨ੍ਹਾਂ ਦੇ ਜ਼ਿੰਮੇ ਧਾਰਮਿਕ ਕਾਰਜ ਕਰਾਉਣੇ, ਵਿਆਹ, ਸ਼ਾਦੀਆਂ, ਜੰਮਣ-ਮਰਨ, ਹੋਰ ਅਨੇਕਾਂ ਕੰਮ, ਉਨ੍ਹਾਂ ਨੂੰ ਬ੍ਰਾਹਮਣ ਵਰਗ ਆਖਿਆ ਗਿਆ। ਦੂਸਰਾ ਵਰਗ ਸੀ ਜਿਨ੍ਹਾਂ ਨੇ ਸੀਸ ਤਲੀ 'ਤੇ ਧਰੇ ਹੋਏ ਸੀ, ਉਨ੍ਹਾਂ ਦੇ ਨਿਯਮ ਸੀ, ਉਹ ਕਸ਼ਤਰੀ ਕਹਾਉਂਦੇ ਸੀ, ਦੇਸ਼ ਦੀ ਰਾਖੀ ਵਾਸਤੇ ਮਰ ਮਿਟਦੇ ਸੀ। ਤੀਸਰੇ ਵਪਾਰ ਵਿੱਚ ਪੂਰਾ ਧਿਆਨ ਦਿੰਦੇ ਸੀ, ਉਨ੍ਹਾਂ ਨੂੰ ਵੈਸ਼ ਆਖਿਆ ਜਾਂਦਾ ਸੀ। ਚੌਥੇ ਸਾਰੇ ਸਮਾਜ ਦੀ ਸੇਵਾ ਕਰਦੇ ਸੀ, ਹਰ ਥਾਂ ਦੇ ਉੱਤੇ ਕੰਮ ਕਰਦੇ ਸੀ। ਉਨ੍ਹਾਂ ਨੂੰ ਸ਼ੂਦਰ ਆਖਿਆ ਜਾਂਦਾ ਸੀ। ਵੰਡ ਐਸੀ ਹੋਈ ਕਿ ਹੌਲੀ-ਹੌਲੀ ਜਾਤਾਂ ਬਣ ਗਈਆਂ ਇਹ। ਇੱਕ ਜਾਤ ਦਾ ਬੰਦਾ ਓਸੇ ਜਾਤ 'ਚ ਬ੍ਰਾਹਮਣ ਕਹਾਉਣ ਲਗ ਗਿਆ। ਉਸੇ 'ਚ ਸ਼ੂਦਰ ਕਹਾਉਣ ਲਗ ਗਿਆ। efficiency ਜਾਂਦੀ ਰਹੀ ਸਮਾਜ ਦੀ, ਤੇ ਉਹ ਐਨਾ ਪੱਕ ਗਈ ਕਿ ਵਹਿਮ ਪ੍ਰਸਤੀ ਦੇ ਦਰਜੇ ਨੂੰ ਵੀ ਲੰਘ ਗਈ, ਕੋਈ ਇਲਾਜ ਨਹੀਂ ਸੀ ਨਜ਼ਰ ਆਉਂਦਾ। ਇੱਕ ਦੂਜੇ ਦੀ ਭਿੱਟ ਲੱਗਣ ਲਗ ਗਈ। ਆਪਸ ਵਿੱਚ ਵਰਤ ਵਿਹਾਰ ਬੰਦ ਹੋ ਗਿਆ, ਸ਼ਾਦੀਆਂ ਬੰਦ ਹੋ ਗਈਆਂ, ਸਮਾਜ ਖੇਰੂੰ-ਖੇਰੂੰ ਹੋ ਗਿਆ। ਇਲਾਜ ਕੋਈ ਨਹੀਂ ਸੀ ਇਸਦਾ ਨਜ਼ਰ ਆਉਂਦਾ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਐਸੀ ਕਰਾਮਾਤ ਕੀਤੀ ਕਿ ਇੱਕੋ ਬੰਦਾ ਉਹਦੇ ਵਿਚ ਚਾਰੋ ਹੀ ਵਰਨ 'ਤੇ ਚਾਰੋਂ ਹੀ ਜਾਤਾਂ, ਜੋ ਕਿੱਤੇ ਸੀ, ਚਾਰੇ ਹੀ ਆਸ਼ਰਮ; ਇੱਕੋ ਬੰਦੇ ਵਿੱਚ ਲਿਆ ਦਿੱਤੇ ਕਿ ਪਹਿਲਾਂ ਉਹ ਵਿਦਿਆ ਪੜ੍ਹੇ, ਧਰਮ ਦੀ ਵਿਚਾਰ ਕਰੇ, ਵਿਦਿਆ 'ਚ ਨਿਪੁੰਨ ਹੋ ਕੇ ਫੇਰ ਗ੍ਰਹਿਸਤ ਆਸ਼ਰਮ 'ਚ ਆਵੇ। ਗ੍ਰਹਿਸਤੀ ਹੁੰਦਾ ਹੋਇਆ, ਬ੍ਰਾਹਮਣ ਦਾ ਵੀ ਕੰਮ ਕਰੇ, ਸ਼ੂਦਰ ਦਾ ਵੀ ਕੰਮ ਕਰੇ, ਸੇਵਾ ਕਰੇ, ਖੇਤੀ ਬਾੜੀ ਕਰੇ, ਹੋਰ ਮਿਹਨਤਾਂ ਮੁਸ਼ੱਕਤਾਂ ਕਰੇ ਤੇ ਓਹੀ ਬੰਦਾ ਵਪਾਰ ਕਰੇ। ਓਹੀ ਬੰਦਾ ਧਰਮ ਦਾ ਪ੍ਰਚਾਰ ਕਰੇ। ਬ੍ਰਾਹਮਣ ਦਾ ਕੰਮ ਕਰੇ। ਸੋ ਇੱਕੋ ਬੰਦੇ ਦੇ ਵਿੱਚ ਚਾਰੋ ਚੀਜ਼ਾਂ ਲਿਆ ਦਿੱਤੀਆਂ, ਗੁਰੂ ਦਸ਼ਮੇਸ਼ ਪਿਤਾ ਨੇ। ਉਹ ਜਿਹੜੀ ਵੰਡ ਸੀ ਉਹ ਹਟਾ ਦਿੱਤੀ, ਨਾ ਕੋਈ ਬ੍ਰਾਹਮਣ ਰਹਿਣ ਦਿੱਤਾ, ਨਾ ਖੱਤਰੀ, ਨਾ ਕੋਈ ਵੈਸ, ਨਾ ਕੋਈ ਸ਼ੂਦਰ। ਅੰਮ੍ਰਿਤ ਦਾ ਬਾਟਾ ਸਾਰਿਆਂ ਨੂੰ ਸਾਂਝਾ ਕਰਕੇ ਪਿਲਾ ਦਿੱਤਾ। ਕਰਮ ਨਾਸ਼ ਕਰ ਦਿੱਤੇ, ਜ਼ਾਤ ਨਾਸ਼ ਕਰ ਦਿੱਤੀ, ਧਰਮ ਨਾਸ਼ ਕਰ ਦਿੱਤਾ। ਇੱਕ ਸੋਹਣਾ, ਸੁਲਝਿਆ ਹੋਇਆ ਮਨੁੱਖ ਪੈਦਾ ਕਰ ਦਿੱਤਾ। ਜੋ ਅੰਦਰੋਂ ਵੀ ਜਾਗਦਾ ਸੀ ਤੇ ਬਾਹਰੋਂ ਵੀ ਖਬਰਦਾਰ ਸੀ ਤੇ ਉਹਨੂੰ ਉਪਾਧੀ ਦਿੱਤੀ, ਖਾਲਸੇ ਦੀ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਬੁਨਿਆਦ ਰੱਖੀ ਤੁਰੀ ਆ ਰਹੀ ਸੀ। ਬ੍ਰਹਮਗਿਆਨ ਦੀ ਅਵਸਥਾ ਤੱਕ ਬੇਅੰਤ ਗੁਰਸਿੱਖ ਪਹੁੰਚ ਚੁੱਕੇ ਸਨ। ਗੁਰੂ ਮਹਾਰਾਜ ਨੇ ਸਾਰੇ ਨਿਰਾਰਥਕ ਕਰਮਾਂ ਨੂੰ ਹਟਾ ਕੇ, ਭਰਮਾਂ ਨੂੰ ਹਟਾ ਕੇ, ਜੋ ਬੇਅੰਤ ਹੀ ਸਨ, ਸਮਾਜ ਦੇ ਅੰਦਰ, ਇੱਕ ਨਾਅਰਾ ਦਿੱਤਾ ਕਿ ਪਿਆਰਿਓ! ਇਹ ਜਿਹੜਾ ਸਰੀਰ ਹੈ ਇਹ ਮਿਲਿਆ ਤਾਂ ਹੈ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਲੇਕਿਨ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਤੁਹਾਨੂੰ ਖਪਣ ਦੀ ਲੋੜ ਨਹੀਂ, ਦੌੜਨ ਦੀ ਲੋੜ ਨਹੀਂ, ਘਰ ਬਾਰ ਛੱਡਣ ਦੀ ਲੋੜ ਨਹੀਂ, ਕੇਵਲ ਉਸ ਪ੍ਰਭੂ ਦੇ ਨਾਲ ਪਿਆਰ ਕਰਨ ਦੀ ਲੋੜ ਹੈ। ਉਹ ਪਿਆਰ, ਜਿੰਨੀ ਦੇਰ ਤੱਕ ਗੁਰੂ

ਨਾਲ ਨਹੀਂ ਨਾ ਕਰਦੇ, ਓਨੀਂ ਦੇਰ ਤੱਕ ਨਿਰਗੁਣ ਦਾ ਪਿਆਰ ਤੁਹਾਡੇ ਹਿਰਦੇ 'ਚ ਨਹੀਂ ਵਸਣਾ। ਕਿਉਂਕਿ ਗੁਰੂ ਉਹਦਾ ਰੂਪ ਹੈ ਸੋ ਪਿਆਰ ਦਾ ਆਪ ਨੇ ਨਾਅਰਾ ਦਿੱਤਾ ਤੇ ਥਿਊਰੀ ਲਿਆਂਦੀ–

*ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ,*
*ਤਿਨ ਹੀ ਪ੍ਰਭ ਪਾਇਓ।*

ਸਿਰਫ ਪਿਆਰ ਕਰਨ ਵਾਲੇ ਨੂੰ ਪ੍ਰਮੇਸ਼ਰ ਮਿਲ ਸਕਦਾ ਹੈ, ਨਫਰਤ ਜਿਹਦੇ ਹਿਰਦੇ 'ਚ ਹੈ, ਉਹਨੂੰ ਨਹੀਂ ਮਿਲਦਾ। ਸੋ ਪਿਆਰ ਦੇ ਬਾਰੇ ਵੀ ਦਸ ਦਿੱਤਾ ਕਿ ਗੁਰੂ ਦਾ ਪਿਆਰ ਜੋ ਹੁੰਦਾ ਹੈ, ਉਹ ਐਨਾ ਡੂੰਘਾ ਹੁੰਦਾ ਹੈ ਕਿ ਆਪਣਾ ਕੁਛ ਵੀ ਨਹੀਂ ਹੁੰਦਾ, ਪਿਆਰ ਦਾ ਤਾਂ ਅਨੁਭਵ ਸਾਰਿਆਂ ਨੂੰ ਹੈ ਪਰ ਉਹ ਪਿਆਰ ਅਸਲੀ ਪਿਆਰ ਨਹੀਂ। ਵਿਸ਼ੇ ਵਿਕਾਰਾਂ ਦਾ ਪਿਆਰ ਹੈ, ਗਰਜ ਦਾ ਪਿਆਰ ਹੈ, ਗੁਰੂ ਦਾ ਜੋ ਪਿਆਰ ਹੈ, ਉਹ ਨਿਸ਼ਕਾਮ ਪਿਆਰ ਹੁੰਦਾ ਹੈ, ਜਿਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ –

*ਧਾਰਨਾ – ਸਿਰ ਧਰ ਕੇ ਤਲੀ 'ਤੇ ਆਜਾ,*
*ਲੰਘਣਾ ਪ੍ਰੇਮ ਦੀ ਗਲੀ ਪਿਆਰਿਆ।*
*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ– ੧੪੧੨*

ਪਿਆਰ ਦੀ ਪਛਾਣ, ਪਿਆਰ ਵਾਸਤੇ ਕੁਰਬਾਨੀ। ਕਹਿੰਦੇ, ਪਹਿਲਾਂ ਮਰਨਾ ਕਬੂਲ ਕਰਨਾ ਪੈਂਦਾ ਹੈ, ਆਪਣਾ ਆਪਾ ਜੋ ਹੈ, ਉਹ ਗਵਾਉਣਾ ਪੈਂਦਾ ਹੈ। ਆਦਮੀ ਜੀਉਂਦਾ ਕਾਹਦੇ ਨਾਲ ਹੈ? ਆਦਮੀ ਦੇ ਅੰਦਰ ਇੱਕ ਤੱਤ ਹੈ, ਜਿਸਨੂੰ ਹਉਮੈ ਕਹਿੰਦੇ ਨੇ, ਇਹ ਹਉਮੈ ਕਰਕੇ ਵੱਖਰਾ ਹੋ ਕੇ ਜੀਉਂਦਾ ਹੈ। ਗੁਰੂ ਨਾਲੋਂ ਵਿਛੜ ਜਾਂਦਾ ਹੈ, ਪ੍ਰਮੇਸ਼ਰ ਦੇ ਨਾਲੋਂ ਵਿਛੜ ਜਾਂਦਾ ਹੈ ਤੇ ਵਖਰਾ ਹੋ ਕੇ ਦੁਨੀਆਂ ਰਚਦਾ ਹੈ, ਵਖਰੇ ਇਹਦੇ ਖਿਆਲ ਹੁੰਦੇ ਨੇ। ਮਹਾਰਾਜ ਕਹਿੰਦੇ, ਪਿਆਰਿਆ! ਦੋ ਤਾਂ ਇੱਕ ਥਾਂ ਨਹੀਂ ਰਹਿਣੇ, ਇੱਕੋ ਹੀ ਰਹੇਗਾ, ਦੋ ਦਾ ਤਾਂ ਪਿਆਰ ਹੀ ਨਹੀਂ ਹੁੰਦਾ। ਕਿਉਂਕਿ ਪਿਆਰ ਦੇ ਵਿੱਚ ਖਿੱਚ ਹੁੰਦੀ ਹੈ। ਮਹਾਰਾਜ ਨੇ ਮਿਸਾਲਾਂ ਦਿੱਤੀਆਂ ਨੇ ਪਿਆਰ ਦੀਆਂ ਕੁਛ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ – ੭੦੮*

ਚਾਰ–ਪੰਜ ਮਿਸਾਲਾਂ ਦਿੱਤੀਆਂ ਨੇ ਮਹਾਰਾਜ ਨੇ ਬਾਣੀ ਦੇ ਅੰਦਰ ਕਿ ਪਿਆਰ ਨੂੰ ਸਮਝਣ ਦਾ ਯਤਨ ਕਰੋ। ਪਿਆਰ ਕਬਜ਼ਾ ਨਹੀਂ ਹੁੰਦਾ, ਪਿਆਰ ਕੁਰਬਾਨੀ ਹੁੰਦੀ ਹੈ, ਪਿਆਰ ਵਾਲਾ ਆਪਣਾ ਬਾਕੀ ਕੁਛ ਨਹੀਂ ਰੱਖਣਾ ਚਾਹੁੰਦਾ। ਉਹ ਮਿਟਣਾ ਚਾਹੁੰਦਾ ਹੈ, ਬਕਾਇਆ ਨਹੀਂ ਰਖਦਾ, ਹਉਮੈ ਵਾਲਾ ਆਪਣਾ ਆਪ ਬਚਾਅ ਕੇ ਰਖਣਾ ਚਾਹੁੰਦਾ ਹੈ। ਸੋ ਦੋਵੇਂ ਵਿਪਰੀਤ ਨੇ, ਪਿਆਰ ਤੇ ਹਉਮੈ ਇਕੱਠੇ ਨਹੀਂ ਹੋ ਸਕਦੇ। ਸੋ ਮਹਾਰਾਜ ਕਹਿੰਦੇ ਮਛਲੀ ਦਾ ਪਾਣੀ ਦੇ ਨਾਲ ਐਨਾ ਗਾੜ੍ਹਾ ਸਬੰਧ ਹੈ ਕਿ ਇੱਕ ਸਾਹ ਵੀ ਬਾਹਰ ਨਹੀਂ ਲੈਂਦੀ ਉਸੇ ਵੇਲੇ ਤੜਫ ਕੇ ਮਰ ਜਾਂਦੀ ਹੈ ਤੇ ਚਾਤ੍ਰਿਕ ਜਿਹੜਾ ਹੈ ਉਹ ਬੂੰਦ ਤੋਂ ਬਗੈਰ ਪ੍ਰਿਹੁ–ਪ੍ਰਿਹੁ ਲਾਉਂਦਾ ਹੈ, ਉਹ ਵੀ ਤੜਫ ਕੇ ਮਰ ਜਾਂਦਾ ਹੈ। ਭਾਵੇਂ ਸਮੁੰਦਰ ਵਰਸਦਾ ਹੈ, ਸਵਾਂਤੀ ਬੂੰਦ ਤੋਂ ਬਿਨਾਂ ਉਹਨੂੰ ਤ੍ਰਿਪਤੀ ਨਹੀਂ ਆਉਂਦੀ। ਹਰਨ ਜਿਹੜਾ ਹੈ ਘੰਢੇਹੇੜੇ ਦੀ ਆਵਾਜ਼ ਜਿਸ ਵਕਤ ਉਹਦੇ ਕੰਨਾਂ 'ਚ ਸੁਣਦੀ ਹੈ, ਉਸ ਵੇਲੇ ਲਿਟਣਾ ਸ਼ੁਰੂ ਕਰ ਦਿੰਦਾ ਹੈ, ਮਸਤ ਹੋ ਜਾਂਦਾ ਹੈ, ਸ਼ਿਕਾਰੀ ਆ ਕੇ ਗਲ 'ਚ ਰੱਸਾ ਪਾ ਲੈਂਦਾ ਹੈ ਤੇ ਭਵਰ ਜਦੋਂ ਫੁੱਲ ਦੇ ਵਿੱਚ ਬੈਠ ਜਾਂਦਾ ਹੈ, ਐਨਾ ਮਸਤ ਹੋ ਜਾਂਦਾ ਹੈ ਕਿ ਉਹਨੂੰ ਛੱਡਦਾ ਨਹੀਂ, ਫੁੱਲ ਬੰਦ ਹੋ ਜਾਂਦਾ ਹੈ ਰਾਤ ਨੂੰ, ਉਹ ਮਰ ਜਾਂਦਾ ਹੈ। ਕਹਿੰਦੇ, ਪਿਆਰ ਤਾਂ ਇਹ ਹੋਇਆ ਕਰਦਾ ਹੈ, ਇਹੋ ਜਿਹਾ ਹੀ ਪਿਆਰ, ਗੁਰੂ ਦੇ ਨਾਲ ਹੁੰਦਾ ਹੈ।

*ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ*
*ਮਨ ਐਸਾ ਨੇਹੁ ਕਰੇਹੁ ॥* *ਅੰਗ – ੪੫੫*

ਜੇ ਪਿਆਰ ਕਰਨਾ ਹੈ ਗੁਰੂ ਦੇ ਨਾਲ ਤਾਂ ਉਹ ਮਨਾ! ਐਹੋ ਜਿਹਾ ਕਰ, ਜਿਹੋ ਜਿਹਾ ਮੱਛੀ ਪਾਣੀ ਨਾਲ ਕਰਦੀ ਹੈ। ਤੂੰ ਤਾਂ ਸਾਰਾ ਦਿਨ ਭੁੱਲਿਆ ਰਹਿੰਦਾ ਹੈਂ। ਗੁਰੂ ਤੇਰੀ ਯਾਦ ਵਿੱਚ ਹੀ ਨਹੀਂ ਵਸਦਾ। ਵਾਧੂ ਚੀਜ਼ ਬਣ ਜਾਂਦੀ ਹੈ। ਗੁਰੂ ਕਿਤੇ ਸਤਿਸੰਗ 'ਚ ਗਿਆ, ਬਚਨ ਸੁਣੇ ਤਾਂ ਧਿਆਨ ਆ ਗਿਆ, ਪਿਆਰ ਨਹੀਂ ਗੁਰੂ ਦੇ ਨਾਲ ਪਿਆ। ਪਿਆਰ ਵਾਲਾ ਜਿਹੜਾ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ*

*ਸੋ ਚਾਲ ਪਏ ਨਿਤ ਰਹਿੰਦੇ।           (ਭਾਈ ਵੀਰ ਸਿੰਘ ਜੀ)*

ਖਿੱਚ ਬਣ ਜਾਂਦੀ ਹੈ, ਖਿੱਚ ਵਾਲਾ ਬੰਦਾ ਰੁਕਿਆ ਨਹੀਂ ਕਰਦਾ। ਉਹਦੇ ਮੂਹਰੇ ਪਿਆਰ ਪ੍ਰਧਾਨ ਹੋਇਆ ਕਰਦਾ ਹੈ, ਚਾਹੇ ਜਾਨ ਜਾਂਦੀ ਰਹੇ।

ਦੁਨਿਆਵੀ ਪਿਆਰ ਦੀ ਕਹਾਣੀ ਹੈ ਕਿ ਇੱਕ ਲੜਕੀ ਸੀ ਜਿਸ ਦਾ ਨਾਂ ਸੱਸੀ ਸੀ ਤੇ ਇੱਕ ਲੜਕਾ ਸੀ ਪੁਨੂੰ ਜਿਨ੍ਹਾਂ ਦਾ ਪਿਆਰ ਪੈ ਗਿਆ। ਉਹ ਦਰਿਆ ਦੇ ਪਾਰ ਰਹਿੰਦਾ ਸੀ, ਉਹ ਉਰਾਰ ਰਹਿੰਦੀ ਸੀ। ਉਹਨੂੰ ਮਿਲਣ ਜਾਣ ਵਾਸਤੇ ਘੜਾ, ਝਨਾਬ ਦਰਿਆ ਦੇ ਵਿੱਚ ਠੇਲ੍ਹ ਲੈਣਾ ਤੇ ਪਾਰ ਲੰਘ ਜਾਣਾ ਤੇ ਉਹਦੀ ਥਾਂ 'ਤੇ ਘੜਾ ਰੱਖ ਦਿੱਤਾ ਕੱਚਾ। ਟਣਕਾਇਆ, ਘੜਾ ਕੱਚਾ ਸੀ। ਮਨ 'ਚ ਨਹੀਂ ਆਇਆ ਕਿ ਘੜਾ ਕੱਚਾ ਹੈ, ਇਹਨੇ ਭਿੱਜ ਜਾਣਾ ਹੈ, ਟੁੱਟ ਜਾਣਾ ਹੈ, ਦਰਿਆ ਛੱਲਾਂ ਦਿੰਦਾ ਹੈ, ਕੋਈ ਪ੍ਰਵਾਹ ਨਹੀਂ ਕੀਤੀ, ਠਿੱਲ੍ਹ ਗਈ। ਰਸਤੇ ਦੇ ਵਿੱਚ ਵਿਚਾਲੇ ਘੜਾ ਟੁੱਟ ਜਾਂਦਾ ਹੈ ਤੇ ਡੁੱਬ ਕੇ ਮਰ ਗਈ। ਉਹ ਵੀ ਜਿਹੜਾ ਸੀ ਉਹ ਵੀ ਨੱਠ ਕੇ ਆ ਕੇ ਨਾਲ ਹੀ ਮਰ ਗਿਆ। ਮਿਸਾਲਾਂ ਨੇ, ਭਾਈ ਗੁਰਦਾਸ ਜੀ ਨੇ ਦਿੱਤੀਆਂ ਨੇ, ਇਹ ਸਮਝਣ ਵਾਸਤੇ ਕਿ ਗੁਰੂ ਦਾ ਪਿਆਰ ਕਿੰਨਾਂ ਹੁੰਦਾ।

ਪਿਆਰ-ਪਿਆਰ ਤਾਂ ਸਾਰੀ ਦੁਨੀਆਂ ਕਰੀ ਜਾਂਦੀ ਹੈ, ਪਿਆਰ ਤਾਂ total ਕੁਰਬਾਨੀ ਹੁੰਦੀ ਹੈ।ਆਪਣੀ ਮਤ ਨਹੀਂ ਹੋਇਆ ਕਰਦੀ, ਨਾ ਆਪਣਾ ਮਨ ਹੁੰਦਾ ਹੈ। ਮਹਾਰਾਜ ਕਹਿੰਦੇ-

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥           ਅੰਗ - ੨੮੬*

ਮਨ ਵੇਚਣਾ ਪੈਂਦਾ ਹੈ, ਮਨ ਦੇ ਵਿਚ ਹੀ ਹਉਮੈ ਰਹਿੰਦੀ ਹੈ, ਹਉਮੈ ਵੀ ਨਾਲ ਹੀ ਵੇਚਣੀ ਪੈਂਦੀ ਹੈ। ਆਪਣਾ ਆਪ ਸਮਰਪਣ ਕਰਨਾ ਪੈਂਦਾ ਹੈ। ਦੇਹ ਵੀ ਉਹਦੀ, ਤਨ ਵੀ ਉਹਦਾ, ਮਨ ਵੀ ਉਹਦਾ, ਧਨ ਵੀ ਉਹਦਾ ਤਾਂ ਸੌਦਾ ਗੁਰੂ ਨਾਲ ਨਿਭਦਾ ਹੈ ਨਹੀਂ ਤਾਂ ਨਹੀਂ ਨਿਭਦਾ। ਜੇ ਗੁਰੂ ਤੋਂ ਲੈਣਾ ਹੈ ਕੁਛ ਤਾਂ ਤਿੰਨੋਂ ਚੀਜ਼ਾਂ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ........॥*
*ਅੰਗ - ੯੧੮*

ਫੇਰ ਅੱਗੇ ਕੀ ਕਰੀਏ? ਮਹਾਰਾਜ ਕਹਿੰਦੇ -

*...........ਹੁਕਮਿ ਮੰਨਿਐ ਪਾਈਐ ॥       ਅੰਗ - ੯੧੮*

ਫੇਰ ਗੁਰੂ ਜੋ ਹੁਕਮ ਦਿੰਦਾ ਹੈ ਉਹਨੂੰ ਮੰਨੋ। ਫੇਰ ਪ੍ਰਾਪਤੀ ਹੋ ਜਾਏਗੀ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਜੇ ਪਿਆਰ ਕਰਨਾ ਹੈ ਜਿਵੇਂ ਮਛਲੀ ਪਾਣੀ ਬਿਨਾਂ ਇਕ ਖਿਨ ਵੀ ਧੀਰਜ ਨਹੀਂ ਕਰਦੀ, ਤੜਫਣ ਲਗ ਜਾਂਦੀ ਹੈ। ਜੇ ਪਿਆਰ ਕਰਨਾ ਤਾਂ ਐਹੋ ਜਿਹਾ ਕਰ ਲੈ -

*ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ*
*ਬਰਸੁ ਸੁਹਾਵੇ ਮੇਹੁ ॥     ਅੰਗ - ੪੫੫*

ਜੇ ਤਾਂ ਮੀਂਹ ਪੈ ਗਿਆ, ਫੇਰ ਤਾਂ ਸੁਹਾਵਾ ਹੋ ਗਿਆ ਨਹੀਂ ਤਾਂ ਫੇਰ ਤੜਫਦਾ ਹੀ ਰਹਿੰਦਾ ਹੈ।

*ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ*
*ਅਤਿ ਲਾਈਐ ਚਿਤੁ ਮੁਰਾਰੀ ॥           ਅੰਗ- ੪੫੫*

ਮਨ ਨੂੰ ਦੇ ਦੇਵੇ, ਆਖਰੀ ਹੱਦ ਤੱਕ। ਚਿੱਤ ਜਿਹੜਾ ਹੈ ਕਿਸੇ ਵਸਤੂ ਨਾਲ ਨਾ ਲੱਗੇ -

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥           ਅੰਗ - ੪੫੫*

ਪੁੱਤਰਾਂ ਨਾਲ ਮਨ ਲਗ ਗਿਆ, ਘਰ ਨਾਲ ਮਨ ਲਗ ਗਿਆ, ਆਪਣੇ ਸਰੀਰ ਨਾਲ ਮਨ ਲਗ ਗਿਆ। ਪਰਿਵਾਰ ਨਾਲ ਮਨ ਲਗ ਗਿਆ, ਵਿਸ਼ੇ ਵਿਕਾਰਾਂ ਨਾਲ ਮਨ ਲਗ ਗਿਆ, ਖਾਣ ਪੀਣ ਨਾਲ ਮਨ ਲਗ ਗਿਆ। ਕਹਿੰਦੇ, ਪਿਆਰ ਕਿੱਥੋਂ ਭਾਲਦਾ ਹੈਂ ਪਿਆਰਿਆ! ਤੇਰਾ ਸਾਰਾ ਮਨ ਗੁਰੂ ਨਾਲ ਲਗਣਾ ਚਾਹੀਦਾ ਹੈ। ਚਕਵੀ ਦੀ ਮਿਸਾਲ ਦਿੰਦੇ ਨੇ, ਸੂਰਜ ਛਿਪ ਜਾਂਦਾ ਹੈ ਅੱਡ ਹੋ ਜਾਂਦੇ ਨੇ, ਦੋਵੇਂ ਇਕੱਠੇ ਨਹੀਂ ਰਹਿੰਦੇ। ਸੂਰਜ ਚੜ੍ਹ ਜਾਂਦਾ ਹੈ, ਮੁੜ ਕੇ ਫੇਰ ਇੱਕਠੇ ਹੋ ਜਾਂਦੇ ਨੇ। ਇਸੇ ਤਰ੍ਹਾਂ ਚਕੋਰ ਹੈ, ਚਕੋਰ ਸਾਰੀ ਰਾਤ ਚੰਦਰਮਾ ਵਲ ਦੇਖਦਾ ਰਹਿੰਦਾ ਹੈ। ਕੋਇਲ ਦੀ ਅੰਬ ਨਾਲ ਪ੍ਰੀਤ ਹੈ, ਜਲ ਦੀ ਦੁੱਧ ਨਾਲ ਪ੍ਰੀਤ ਹੈ। ਪਾਣੀ ਪਾ ਕੇ ਦੁੱਧ ਕੜ੍ਹਨਾ ਧਰ ਦਿਓ। ਜਲਦਾ ਕੌਣ ਹੈ? ਦੁੱਧ ਨੂੰ ਨਹੀਂ ਜਲਣ ਦਿੰਦਾ ਆਪ ਜਲ ਜਾਂਦਾ ਹੈ, ਸਾਰਾ ਹੀ। ਉਬਾਲੇ ਸਹਿੰਦਾ ਹੈ, ਆਪ ਖਤਮ ਹੁੰਦਾ ਹੈ ਲੇਕਿਨ ਦੁੱਧ ਨੂੰ ਬਚਾ ਦਿੰਦਾ ਹੈ, ਉਹਨੂੰ ਖੋਆ ਬਣਾ ਦਿੰਦਾ ਹੈ, ਉਹਨੂੰ ਨਹੀਂ ਜਲਣ ਦਿੰਦਾ। ਕਮਲ ਦਾ, ਪਾਣੀ ਨਾਲ ਪਿਆਰ ਹੈ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜੋ ਪਿਆਰ ਹੁੰਦਾ ਹੈ ਉਹ ਚੀਜ਼ ਹੁੰਦੀ ਹੈ, ਕੁਰਬਾਨੀ।

*ਸੰਮਨ ਜਉ ਇਸ ਪ੍ਰੇਮ ਕੀ*
*ਦਮ ਕ੍ਹਿਹੁ ਹੋਤੀ ਸਾਟ॥           ਅੰਗ - ੧੩੬੩*

ਮਹਾਰਾਜ ਕਹਿੰਦੇ, ਪਿਆਰਿਓ! ਜੇ ਪਿਆਰ ਦਾ ਸੌਦਾ ਪੈਸਿਆਂ ਨਾਲ ਮਿਲਦਾ ਹੁੰਦਾ ਤਾਂ ਰਾਵਣ ਨੇ ਸ਼ਿਵ ਜੀ ਮਹਾਰਾਜ ਨੂੰ ਪ੍ਰਸੰਨ ਕਰਨ ਵਾਸਤੇ

ਤਪੱਸਿਆ ਆਰੰਭ ਦਿਤੀ। ਹਰ ਵਾਰੀ ਉਹਨੂੰ ਸਿਰ ਕੱਟ ਕੇ ਦਿੰਦਾ ਰਿਹਾ। ਗਿਆਰ੍ਹਾਂ ਵਾਰੀ ਸੀਸ ਭੇਟ ਕਰਿਆ ਉਹਦੇ। ਹਰ ਵਾਰੀ ਜਨਮ ਲੈ ਕੇ ਫੇਰ ਤਪਸਿਆ ਕਰੇ, ਫੇਰ ਜਨਮ ਲੈ ਕੇ, ਫੇਰ ਤਪੱਸਿਆ ਕਰੇ। ਗਿਆਰ੍ਹਾਂ ਵਾਰੀ ਸੀਸ ਅਰਪਣ ਕੀਤਾ। ਕਹਿੰਦੇ ਕਰ ਦਿਓਂਗੇ? ਹੈ ਤੁਹਾਡੇ 'ਚ ਹਿੰਮਤ ਐਨੀ? ਕਹਿੰਦੇ ਓਂ ਮੇਰਾ ਗੁਰੂ ਨਾਲ ਪਿਆਰ ਹੈ। ਕਹਿੰਦੇ, ਇਹ ਤਾਂ ਪੈਸੇ ਟਕੇ, ਗੱਲਾਂ ਬਾਤਾਂ ਨਾਲ ਨਹੀਂ ਕੋਈ ਮੁੱਲ ਹੁੰਦਾ।

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥*
*ਰਾਵਨ ਹੁਤੇ ਸੁ ਰੰਕ ਨਹਿ*
*ਜਿਨਿ ਸਿਰ ਦੀਨੇ ਕਾਟਿ ॥* ਅੰਗ - ੧੩੬੩

ਸਿੱਖ ਗੁਰੂ ਨਾਲ ਪਿਆਰ ਕਰਦੇ ਸੀ। ਗੁਰੂ ਨਾਨਕ ਨੇ ਪਰਖ ਕੀਤੀ ਬਾਕੀ ਥਿੜਕ ਗਏ, ਦੋ ਨਿਬੜੇ, ਇੱਕ ਨੂੰ ਗੁਰੂ ਮਹਾਰਾਜ ਨੇ ਆਪਣਾ ਰੂਪ ਬਣਾ ਲਿਆ, ਦੂਸਰੇ ਨੂੰ ਕਿਹਾ ਕਿ ਇਹ ਰਸਮ ਤਾਂ ਪੂਰੀ ਹੋਏਗੀ ਜੇ ਤੁਸੀਂ ਟਿੱਕਾ ਲਾਵੋਂਗੇ, ਦੋਹਾਂ ਨੂੰ ਵਡਿਆਈ ਦੇ ਦਿੱਤੀ। ਗੁਰੂ ਦੂਸਰੇ ਪਾਤਸ਼ਾਹ ਨੇ ਪਿਆਰ ਦੀ ਪਰਖ ਕਰੀ ਕੇਵਲ ਗੁਰੂ ਅਮਰਦਾਸ ਮਹਾਰਾਜ ਨਿੱਤਰੇ। ਉਨ੍ਹਾਂ ਨੇ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਪਾਸ ਕਰਿਆ। ਗੁਰੂ ਰਾਮਦਾਸ ਮਹਾਰਾਜ ਨੇ ਗੁਰੂ ਅਰਜਨ ਸਾਹਿਬ ਨੂੰ। ਇਸੇ ਤਰ੍ਹਾਂ ਹੁੰਦੇ-ਹੁੰਦੇ ਗੁਰੂ ਦਸ਼ਮੇਸ਼ ਪਿਤਾ ਅੱਜ ਗੁਰਸਿੱਖੀ ਦੀ ਪਰਖ ਕਰਨ ਲਗ ਗਏ। ਗਿਆਰ੍ਹਾਂ ਮਹੀਨੇ ਦਾ ਸਮਾਂ ਆਪ ਨੇ ਇਕਾਂਤ ਵਾਸ ਵਿਚ ਲਾਇਆ। ਕਈ ਗ੍ਰੰਥ ਲਿਖੇ, ਕਈ ਖਿਆਲ ਨੇ ਇਤਿਹਾਸ ਦੇ ਵਿਚ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ, ਕੋਈ ਕਹਿੰਦਾ ਹੈ ਤਪਸਿਆ ਕਰਦੇ ਸੀ ਮਹਾਰਾਜ। ਮਹਾਰਾਜ ਨੂੰ ਤਪਸਿਆ ਕਰਨ ਦੀ ਕੀ ਲੋੜ ਪਈ ਸੀ। ਉਹ ਤਾਂ ਕਰਕੇ ਆਏ ਸੀ -

*ਇਹ ਬਿਧ ਕਰਤ ਤਪਸਿਆ ਭਯੋ॥*
*ਦ੍ਵੈ ਤੇ ਏਕ ਰੂਪ ਹੋਇ ਗਯੋ॥*

ਉਨ੍ਹਾਂ ਦੀ ਗੱਲ ਓਹੀ ਜਾਣਦੇ ਨੇ ਕਿ ਕਿਉਂ ਗਿਆਰ੍ਹਾਂ ਮਹੀਨੇ ਲਾਂਭੇ ਬੈਠੇ ਰਹੇ, ਫੇਰ ਇਤਿਹਾਸ ਵਿੱਚ ਲਿਖਦੇ ਨੇ ਕਿ ਕਿੰਨਾ ਜਲਾਲ ਵਧ ਗਿਆ ਗੁਰੂ ਸਾਹਿਬ ਦਾ ਕਿ ਕੋਈ ਦੇਖ ਨਾ ਸਕੇ। ਇਹ ਵੀ ਕੱਚੀ ਗੱਲ ਹੈ। ਗੁਰੂ ਸਾਹਿਬ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਉਹ ਤਾਂ ਪੂਰਨ ਸੀਗੇ। ਜਿਹੜਾ ਪੂਰਨ ਹੁੰਦਾ ਹੈ ਉਹਨੂੰ ਲੋੜ ਨਹੀਂ ਹੋਇਆ ਕਰਦੀ। ਜਿਹੜਾ ਅਧੂਰਾ ਹੁੰਦਾ ਹੈ ਉਹਨੂੰ ਲੋੜ ਹੋਇਆ ਕਰਦੀ ਹੈ ਤਪ ਤਪਸਿਆ ਦੀ। ਐਸੇ ਖਿਆਲ ਕਿਉਂ ਪੈਦਾ ਹੁੰਦੇ ਨੇ ਕਿਉਂਕਿ ਅੰਦਰਲੀ ਅੱਖ ਨਹੀਂ ਖੁੱਲ੍ਹੀ ਹੋਈ। ਤੋਲ ਨਹੀਂ ਸਕਦੇ, ਨਿਰਣਾ ਨਹੀਂ ਕਰ ਸਕਦੇ। ਨਿਰਣਾ ਨਾ ਕਰਨ ਕਰਕੇ ਆਪ ਵੀ ਡੋਲਦੇ ਨੇ ਤੇ ਪੜ੍ਹਨ ਵਾਲਿਆਂ ਨੂੰ ਵੀ ਡੋਲਾਂਦੇ ਨੇ, ਲੈਕਚਰ ਦਿੰਦੇ ਨੇ, ਸਾਰੇ ਸੁਣ ਕੇ ਡੋਲ ਜਾਂਦੇ ਨੇ। ਗੁਰੂ ਮਹਾਰਾਜ ਦੇ ਸਾਮ੍ਹਣੇ ਆਦਰਸ਼ ਬੜਾ ਜ਼ਬਰਦਸਤ ਸੀ।

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*

*ਅਕਾਲ ਪੁਰਖ ਬਾਚ॥ ਚੌਪਈ॥*

ਹੁਕਮ ਹੋਇਆ ਪ੍ਰਮੇਸ਼ਰ ਦੀ ਆਪਣੀ ਜੋਤ, ਆਪਣੇ ਦੇ ਵਿੱਚ ਐਨੀ ਚੁੱਭੀ ਹੋਈ ਸੀ -

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।*

ਉਥੇ ਦੋ ਨਹੀਂ ਸੀਗੇ।

*ਇਹ ਬਿਧਿ ਕਰਤ ਤਪਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ।*

ਜਿਹੜਾ ਦੋ ਸੀ, ਦ੍ਵੈਤ ਮਿਟਾ ਕੇ, ਇੱਕ ਬਣ ਗਏ। ਜਿਵੇਂ ਪਾਣੀ 'ਚ ਪਾਣੀ ਰਲ ਜਾਂਦਾ ਹੈ, ਜੋਤੀ 'ਚ ਜੋਤ ਰਲ ਜਾਂਦੀ ਹੈ, ਇਸ ਤਰ੍ਹਾਂ ਦੇ ਨਾਲ ਇੱਕ ਹੋਏ-ਹੋਏ ਸੀ। ਉਸੇ ਜੋਤ ਨੂੰ ਪ੍ਰਮੇਸ਼ਰ ਨੇ ਆਪਣੇ ਤੋਂ, ਆਪਣੀ ਕਿਸੇ ਕ੍ਰਿਆ ਦੇ ਨਾਲ, ਫੇਰ ਵਖਰਾ ਕਰ ਦਿੱਤਾ। ਮਹਾਰਾਜ ਕਹਿੰਦੇ, ਸਾਡੀ ਸੁਰਤ ਐਨੀ ਚੁਭੀ ਹੋਈ ਸੀ, ਆਪਣਾ ਆਪਾ ਲੀਨ ਸੀ, ਸਾਡਾ ਕੁਛ ਵੀ ਨਹੀਂ ਸੀ ਬਾਕੀ ਬਚਦਾ। ਲੇਕਿਨ ਅਕਾਲ ਪੁਰਖ ਨੇ ਫੇਰ ਵਖਰਾ ਕਰਕੇ ਸਾਨੂੰ ਹੁਕਮ ਦੇ ਦਿਤਾ ਕਿ ਤੁਸੀਂ ਜਾ ਕੇ ਇੱਕ ਐਸਾ ਰਸਤਾ ਸੰਸਾਰ ਨੂੰ ਦਿਓ, ਘੋਰ ਕਲਜੁਗ ਦਾ ਵਾਸਾ ਹੋ ਗਿਆ, ਆਦਮੀ ਪ੍ਰਮੇਸ਼ਰ ਨੂੰ ਭੁੱਲ ਗਿਆ, ਰਸਤਾ ਉਹਨੂੰ ਲੱਭਦਾ ਨਹੀਂ ਹੈ ਤੇ ਕਬੁੱਧੀ ਦੇ ਵਿੱਚ ਪੈ ਕੇ ਕੋਈ ਕੁਛ ਕਰਦਾ ਹੈ, ਕੋਈ ਕੁਛ ਕਰਦਾ ਹੈ। ਬੇਅੰਤ ਕਿਸਮ ਦੀਆਂ ਭਾਵਨਾਵਾਂ ਹੋ ਗਈਆਂ, ਬੇਅੰਤ ਕਿਸਮ ਦੀਆਂ ਮਨੌਤਾਂ ਹੋ ਗਈਆਂ। ਉਨ੍ਹਾਂ ਨੂੰ ਬੁੱਧੀ ਬਖਸ਼ੋ ਕਿ ਸਾਰੇ, ਮੇਰੀ ਜੋਤ ਪਰੀਪੂਰਨ ਹੈ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਬਾਢ ਹੈ ਨ ਘਾਟਿ ਬਾਢਿ ਹੋਤ ਹੈ।*

*ਅਕਾਲ ਉਸਤਤਿ*

ਕੋਈ ਦਰਖਤਾਂ ਨੂੰ ਮੱਥੇ ਟੇਕੀ ਜਾਂਦਾ ਹੈ, ਕੋਈ ਪੱਥਰਾਂ ਨੂੰ, ਕੋਈ ਸੂਰਜ ਨੂੰ, ਕੋਈ ਚੰਦਰਮਾ ਨੂੰ, ਕੋਈ ਦਰਿਆਵਾਂ ਨੂੰ, ਕੋਈ ਪਹਾੜਾਂ ਨੂੰ। ਕੋਈ ਪੱਥਰ

ਚੁੱਕ ਕੇ ਪੱਥਰਾਂ ਨੂੰ ਮੱਥਾ ਟੇਕੀ ਜਾਂਦਾ ਹੈ, ਕਿਸੇ ਨੇ ਪੱਥਰਾਂ ਨੂੰ ਸ਼ਕਲ ਦੇ ਦਿੱਤੀ ਓਸਨੂੰ ਮੇਰਾ ਰੂਪ ਬਣਾ ਦਿੱਤਾ, ਉਹਨੂੰ ਮੰਨੀ ਜਾਂਦੇ ਨੇ। ਕਹਿਣ ਲੱਗੇ, ਤੁਸੀਂ ਜਾਓ ਮੈਂ ਤੁਹਾਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਬਲ ਦਿੰਦਾ ਹਾਂ ਸਾਰਾ, ਜੋ ਮੇਰੇ ਵਿੱਚ ਹੈ ਤੇ ਤੁਹਾਡੇ ਵਿੱਚ ਹੈ। ਤੁਸੀਂ ਜਾ ਕੇ ਕਬੁੱਧੀ ਨੂੰ ਹਟਾਓ, ਜੋ ਕਬੁੱਧੀ ਲੋਕ ਕਰ ਰਹੇ ਨੇ। ਗਲਤ ਧਾਰਨਾਵਾਂ ਦੇ ਵਿੱਚ ਪੈ ਗਏ, ਗਲਤ ਖਿਆਲ ਪੈਦਾ ਹੋ ਗਏ। ਇਨ੍ਹਾਂ ਨੂੰ ਸ਼ੁੱਧ ਗਿਆਨ ਦਿਓ। ਇਨ੍ਹਾਂ ਨੂੰ ਫਰਜ਼ਾਂ ਤੋਂ ਜਾਣੂ ਕਰਾਓ। ਸੰਸਾਰ ਦਾ ਕੰਮ ਜਿਹਦੇ ਨਾਲ ਸਹੀ ਚਲਦਾ ਰਹੇ, ਉਹ ਜਾ ਕੇ ਤੁਸੀਂ ਆਦਰਸ਼, ਸੰਸਾਰ ਦੇ ਵਿਚ ਪ੍ਰਗਟ ਕਰੋ। ਅੱਜ ਗੁਰੂ ਮਹਾਰਾਜ ਨੇ ਓਸ ਆਦਰਸ਼ ਨੂੰ ਪ੍ਰਗਟ ਕਰਨ ਵਾਸਤੇ ਬਹੁਤ ਵੱਡਾ ਦੀਵਾਨ ਲੱਗਿਆ ਹੋਇਆ ਹੈ, ਪਹਿਲਾਂ ਹੀ ਮਹਾਰਾਜ ਨੇ ਲਿਖ ਦਿੱਤਾ ਸੀ ਕਿਉਂਕਿ ਆਪ ਇਕਾਂਤ ਵਾਸ ਕਰਦੇ ਸੀ, ਸੰਗਤਾਂ ਦਰਸ਼ਨ ਕਰਨਾ ਚਾਹੁੰਦੀਆਂ ਸੀ। ਹੁਕਮ ਹੋ ਗਿਆ ਕਿ ਵਿਸਾਖੀ ਦੇ ਉੱਤੇ ਦਰਸ਼ਨ ਹੋਣਗੇ ਤੇ ਖਿੱਚ ਕਿੰਨੀ ਪਈ ਜ਼ਬਰਦਸਤ, ਅੰਦਾਜ਼ਾ ਲਾਓ ਆਪ ਹੀ। ਕਿੰਨੀ ਖਿੱਚ, ਨਾ ਕੋਈ ਸਵਾਰੀ, ਨਾ ਤੁਰਨ-ਫਿਰਨ ਦੀ ਕੋਈ ਸਕਿਊਰਟੀ, ਕਿੱਥੋਂ ਚੱਲੇ, ਲੰਕਾ ਤੋਂ ਚੱਲੇ, ਆਸਾਮ ਤੋਂ ਚੱਲੇ, ਸਾਰਾ ਹਿੰਦੋਸਤਾਨ ਉਲਟ ਪਿਆ ਆਨੰਦਪੁਰ ਸਾਹਿਬ ਨੂੰ ਤੇ ਓਸ ਵੇਲੇ ਜਦੋਂ ਸਾਰਿਆਂ ਸੂਬਿਆਂ ਦੇ ਵੱਖ-ਵੱਖ ਬੋਲੀਆਂ ਬੋਲਣ ਵਾਲੇ ਬੰਦੇ, ਵੱਖ-ਵੱਖ ਪੁਸ਼ਾਕਾਂ ਪਹਿਨਣ ਵਾਲੇ ਬੰਦੇ, ਵੱਖ-ਵੱਖ ਰਹੁ-ਰੀਤਾਂ ਨੂੰ ਮੰਨਣ ਵਾਲੇ ਬੰਦੇ, ਸੰਗਤ ਦੇ ਰੂਪ ਵਿੱਚ ਇਕੱਠੇ ਹੋਏ ਤਾਂ ਇੱਕ ਗੱਲ ਸਾਂਝੀ ਸੀ ਕਿ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਦੇ ਆਦਰਸ਼ਾਂ ਨੂੰ, ਬਾਣੀ ਨੂੰ, ਗੁਰੂ ਦਸ਼ਮੇਸ਼ ਪਿਤਾ ਨੂੰ ਪਿਆਰ ਕਰਦੇ ਸੀ, ਇਕ ਸਾਂਝ ਸੀ ਉਨ੍ਹਾਂ ਸਾਰਿਆਂ 'ਚ। ਬਾਕੀ ਵਖਰੇ-ਵਖਰੇ ਕਿਸੇ ਦਾ ਧਰਮ ਕੋਈ, ਕਿਸੇ ਦਾ ਕੋਈ, ਕਿਸੇ ਦਾ ਸੂਬਾ ਕੋਈ, ਕਿਸੇ ਦੀ ਬੋਲੀ ਕੋਈ। ਦੂਰ-ਦਰਾਜ਼ ਤੋਂ ਆਉਂਦੇ ਨੇ, ਭਾਈ ਦਇਆ ਸਿੰਘ ਜੀ, ਦਇਆ ਰਾਮ, ਜਿਨ੍ਹਾਂ ਦਾ ਨਾਮ ਸੀ, ਲਾਹੌਰ ਤੋਂ ਆਉਂਦੇ ਨੇ, ਭਾਈ ਧਰਮ ਚੰਦ ਜੀ ਹਸਤਨਾਪੁਰ ਤੋਂ ਆਏ। ਭਾਈ ਹਿੰਮਤ ਰਾਏ ਜੀ ਜਗਨਨਾਥਪੁਰੀ ਤੋਂ ਆਏ। ਕਿੱਡੀ ਦੂਰ ਹੈ, ਬਾਰ੍ਹਾਂ ਤੇਰ੍ਹਾ ਸੌ ਮੀਲ ਹੈ, ਇਸੇ ਤਰ੍ਹਾਂ ਭਾਈ ਮੋਹਕਮ ਚੰਦ ਜੀ ਦੁਆਰਕਾ ਤੋਂ ਆਏ। ਅੱਜ ਸਿੱਖੀ ਦਾ ਇਮਤਿਹਾਨ ਕਰਨਾ ਸੀ ਕਿ ਸਿੱਖ ਨੂੰ ਗੁਰੂ ਦਾ ਰੂਪ ਕਿਵੇਂ ਦਿੱਤਾ ਜਾ ਸਕਦਾ ਹੈ। ਸਿੱਖ ਨੂੰ ਐਨਾ ਉੱਚਾ ਚੁੱਕ ਦਿਤਾ ਜਾਵੇ ਕਿ ਇਹ ਸਤਿਗੁਰੂ ਦਾ ਕੰਮ ਕਰੇ। ਇਹ ਆਪ ਗੁਰੂ ਦੇ ਬਰਾਬਰ ਹੋ ਜਾਏ। ਇਹ ਜਿਹੜਾ ਭੇਦ ਹੈ ਗੁਰੂ ਤੇ ਸਿੱਖ ਦਾ, ਇਹਨੂੰ ਮਿਟਾ ਦੇਈਏ। ਅੱਗੇ ਸਮਾਂ ਦੇਖ ਲਿਆ ਸੀ ਕਿ ਸਮਾਂ ਬੜਾ ਗਲਤ ਆ ਰਿਹਾ ਹੈ ਤੇ ਸਿੱਖ ਦੀ ਐਨੀ ਤਰੱਕੀ ਹੋਣੀ ਚਾਹੀਦੀ ਹੈ ਕਿ -

*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥* *ਅੰਗ - ੧੩੬੯*

ਉਹ ਪ੍ਰਮੇਸ਼ਰ ਦਾ ਰੂਪ ਬਣ ਜਾਵੇ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - ੨੭੩*

ਕਿਉਂਕਿ ਪ੍ਰਮੇਸ਼ਰ ਬਣ ਗਿਆ ਉਹ। ਐਡਾ ਉੱਚਾ ਆਦਰਸ਼ ਗੁਰੂ ਮਹਾਰਾਜ ਦਾ ਸੀ ਕਿ ਸਿੱਖ ਗੁਰੂ ਦਾ ਰੂਪ ਬਣ ਜਾਏ ਤੇ ਹੁਣ ਇਮਤਿਹਾਨ ਸ਼ੁਰੂ ਕਰ ਦਿੱਤਾ। ਜਦੋਂ ਇਮਤਿਹਾਨ ਸ਼ੁਰੂ ਹੋ ਜਾਏ ਫੇਰ ਵਿਰਲਾ ਹੀ ਪਾਸ ਹੋਇਆ ਕਰਦਾ ਹੈ।

*ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ।*

*ਕਬੀਰ ਕਸਉਟੀ ਰਾਮ ਕੀ*
*ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*
*ਅੰਗ - ੯੪੮*

ਗੁਰੂ ਦੀ ਲਾਈ ਹੋਈ ਕਸਵੱਟੀ, ਪ੍ਰਮੇਸ਼ਰ ਦੀ ਲਾਈ ਹੋਈ ਕਸਵੱਟੀ, ਜਿਹਨੂੰ ਇਮਤਿਹਾਨ ਕਹਿੰਦੇ ਨੇ, ਇਹਦੇ ਵਿਚੋਂ ਸਿਰਫ ਓਹੀ ਪਾਰ ਹੁੰਦਾ ਹੈ ਜਿਹੜਾ ਮਰ ਕੇ ਜੀਉਂਦਾ ਹੋਇਆ ਹੁੰਦਾ ਹੈ। ਜਿਹੜੇ ਅਜੇ ਮਰੇ ਨਹੀਂ ਹਨ, ਉਹ ਨਹੀਂ ਪਾਸ ਹੋਇਆ ਕਰਦੇ, ਕਿਉਂਕਿ ਦੂਰ ਹੈ ਇਹ ਖੇਲ੍ਹ, ਜਿਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਡੇਰਾ ਨੀਂ ਜਿੰਦੇ*
*ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

ਸਰੀਰ ਤੋਂ, ਮਨ ਤੋਂ, ਬੁੱਧੀ ਤੋਂ ਸਾਰਿਆਂ ਤੋਂ ਪਰ੍ਹੇ ਹੈ, ਮਾਮੂਲੀ ਗੱਲ ਨਹੀਂ ਹੈ, ਸਭ ਤੋਂ ਪਾਰ ਲੰਘਣਾ ਪੈਂਦਾ ਹੈ। ਬਾਬਾ ਫਰੀਦ ਨੇ 12 ਸਾਲ ਤਪਸਿਆ ਪਹਿਲਾਂ ਕੀਤੀ, 12 ਫੇਰ ਕੀਤੀ, ਪ੍ਰਮੇਸ਼ਰ ਦੀ ਪ੍ਰਾਪਤੀ ਨਾ ਹੋਈ। ਆਵਾਜ਼ ਆਈ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਉਹ ਤਾਂ ਹਿਰਦੇ 'ਚ ਵਸਦਾ ਹੈ ਜਿਹਨੂੰ ਤੂੰ ਭਾਲਦਾ ਫਿਰਦਾ ਹੈਂ, ਜਾਹ ਮੁਰਸ਼ਦ-ਏ-ਕਾਮਲ ਦੀ

ਸ਼ਰਨ ਵਿੱਚ, ਉਹਨੂੰ ਮਨਾ ਲੈ। ਜੇ ਉਹ ਮੰਨ ਗਿਆ ਤੈਨੂੰ ਪ੍ਰਾਪਤੀ ਹੋ ਜਾਏਗੀ। ਕਿਉਂਕਿ ਉਸ ਤੋਂ ਬਿਨਾਂ ਨਹੀਂ ਪ੍ਰਾਪਤੀ ਹੁੰਦੀ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥* *ਅੰਗ - ੨੦੫*

ਜਦੋਂ ਤਕ ਪੂਰੇ ਸਤਿਗੁਰੂ ਦੀ ਸ਼ਰਨ ਨਹੀਂ ਜਾਂਦਾ ਓਨਾਂ ਚਿਰ ਨਹੀਂ ਮਿਲਦਾ। ਬੁਖਤਿਆਰ ਕਾਕੀ ਦੇ ਕੋਲ ਜਾ ਕੇ ਸੇਵਾ ਕਰਨ ਲਗ ਗਿਆ, ਮੁਰਸ਼ਦ ਧਾਰ ਲਿਆ ਤੇ ਦਿਨ ਰਾਤ ਸੇਵਾ ਕਰਦਾ ਹੈ ਤੇ ਮੁਰਦੇ ਵਾਂਗਣ ਸੇਵਾ ਕਰਦਾ ਹੈ। ਨਾ ਕੋਈ ਮਾਣ ਹੈ, ਨਾ ਕੋਈ ਅਪਮਾਨ ਦੀ ਪ੍ਰਵਾਹ ਹੈ, ਨਾ ਕਿਸੇ ਪ੍ਰਾਪਤੀ ਦੀ ਇੱਛਿਆ ਹੈ, ਨਾ ਕੁਛ ਛੱਡਣ ਦਾ ਦੁੱਖ ਹੈ। ਸੇਵਾ ਕਰ ਰਿਹਾ ਹੈ-

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ ॥* *ਅੰਗ - ੫੨੮*

ਦੋਹਾਂ ਗੱਲਾਂ ਤੋਂ ਬਾਹਰ ਲੰਘ ਗਿਆ, ਮੁਰਸ਼ਦ ਨੇ ਇਮਤਿਹਾਨ ਲੈ ਲਿਆ। ਜਿੱਥੇ ਅੱਗ ਰਖਦਾ ਹੁੰਦਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਾਉਂਦਾ ਸੀ, ਐਡੇ ਜ਼ੋਰ ਦੀ ਬਾਰਿਸ਼ ਹੋਈ, ਪੋਹ ਦਾ ਮਹੀਨਾ ਹੈ, ਠੰਢ ਪੈਂਦੀ ਹੈ, ਬੇਅੰਤ ਠੰਢ ਹੈ ਤੇ ਬਹੁਤ ਤੇਜ਼ ਹਵਾ ਚੱਲ ਰਹੀ ਹੈ। ਝਾਂਜਾ ਚੱਲ ਰਿਹਾ ਹੈ, ਐਡੀ ਬੁਛਾੜ ਆਈ ਕਿ ਅੱਗ ਦਾ ਜੋ ਭੰਡਾਰ ਸੀ ਉਹਦੇ ਉਤੇ ਪੈ ਕੇ ਸਾਰੀ ਅੱਗ ਬੁਝ ਗਈ। ਅੰਮ੍ਰਿਤ ਵੇਲੇ ਜਾਗਦਾ ਹੈ, ਜਾਗ ਕੇ ਦੇਖਦਾ ਹੈ ਕਿ ਇਹ ਤਾਂ ਚੌਵੀ ਸਾਲ ਦੀ ਤਪਸਿਆ, 38 ਸਾਲ ਦੀ ਕੀਤੀ ਹੋਈ ਸੇਵਾ ਜੇ ਅੱਜ ਮੈਂ ਫੇਲ੍ਹ ਹੋ ਗਿਆ ਤਾਂ ਇਹ ਜ਼ੀਰੋ ਬਣ ਜਾਣੀ ਹੈ। ਕਿਉਂਕਿ ਬਹੁਤ ਔਖੀ ਹੈ ਗੁਰੂ ਤੇ ਪੀਰਾਂ ਦੀ ਚਾਕਰੀ। ਸ਼ਹਿਰ ਨੂੰ ਚਲਿਆ ਜਾਂਦਾ ਹੈ ਜਾ ਕੇ ਇੱਕ ਘਰ 'ਚ ਦੀਵਾ ਜਲਦਾ ਦੇਖ ਕੇ ਦਸਤਕ ਦਿਤੀ। ਅਵਾਜ਼ ਆਈ, ਕੌਣ? ਕਹਿਣ ਲੱਗਿਆ, ਮੈਂ ਫਰੀਦ। ਕੋਣ ਫਰੀਦ? ਕਹਿਣ ਲੱਗਿਆ ਮੈਂ ਮੁਰਸ਼ਦ ਬੁਖਤਿਆਰ ਕਾਕੀ ਜੀ ਦੇ ਤਕੀਏ 'ਤੇ ਰਹਿੰਦਾ ਹਾਂ।

ਕੀ ਲੋੜ ਪੈ ਗਈ, ਫਰੀਦਾ? ਇਹ ਤਾਂ ਵੇਸਵਾ ਦਾ ਘਰ ਹੈ, ਜਿਥੇ ਨਰਕਾਂ ਦਾ ਟਿਕਟ ਮਿਲਦਾ ਹੈ। ਇਹ ਪੀਰਾਂ-ਫਕੀਰਾਂ ਦਾ ਥਾਉਂ ਨਹੀਂ ਆਉਣ ਦਾ।

ਕਹਿਣ ਲੱਗੇ, ਬੀਬਾ! ਮੈਨੂੰ ਤੇਰੇ ਤਕ ਕੰਮ ਹੈ। ਮੈਨੂੰ ਅੱਗ ਚਾਹੀਦੀ ਹੈ, ਅੱਗ ਬੁਝ ਗਈ। ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਆਇਆ। ਕ੍ਰਿਪਾ ਕਰ ਮੇਰੇ ਉੱਤੇ।

ਕਹਿਣ ਲੱਗੀ, ਫਰੀਦਾ! ਕਦੇ ਮੁਫਤ ਵੀ ਚੀਜ਼ਾਂ ਮਿਲਦੀਆਂ ਹੁੰਦੀਆਂ ਨੇ?

ਕਹਿਣ ਲੱਗੇ ਕਿ ਬੀਬਾ! ਵੱਡੀ ਤੋਂ ਵੱਡੀ ਚੀਜ਼ ਜਿਹੜੀ ਤੂੰ ਕਹੇਂ, ਮੈਂ ਦੇਣ ਨੂੰ ਤਿਆਰ ਹਾਂ। ਤਨ ਕੀ ਹੈ?-

*ਸਿਰ ਬਿੱਖ ਦੀ ਹੈ ਤੂੰਬੜੀ,*
*ਤੂੰ ਅੰਮ੍ਰਿਤ ਦੀ ਖਾਨ, ਰੀਝੈਂ ਜੇ ਸਿਰ ਦਿਤਿਆਂ,*
*ਲੈ ਮੇਰੇ ਸੁਲਤਾਨ।*

ਕਿਉਂਕਿ ਦੇਹ-ਅਧਿਆਸ ਜਿਹੜਾ ਹੈ ਇਹੀ ਰੁਕਾਵਟ ਪਾਉਂਦਾ ਹੈ, ਗੁਰੂ ਤੇ ਸਿੱਖ ਦੇ ਮਿਲਾਪ ਵਿੱਚ। ਅੱਗ ਲੈ ਆਉਂਦਾ ਹੈ, ਮੁਰਸ਼ਦ ਪ੍ਰਸੰਨ ਹੋ ਗਿਆ। ਬ੍ਰਹਮਗਿਆਨ ਦੀ ਦਾਤ ਦੇ ਦਿੱਤੀ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥* *ਅੰਗ - ੨੦੬*

ਉਹਨੂੰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਸੁਣਾਉਂਦਾ ਹੈ, ਜਿਹਦੇ ਉੱਤੇ ਅਤੀ ਪ੍ਰਸੰਨ ਹੋ ਜਾਵੇ।

ਇਸੇ ਤਰ੍ਹਾਂ ਦੇ ਨਾਲ ਇਮਤਿਹਾਨ ਸ਼ੁਰੂ ਹੋ ਗਿਆ। ਗੁਰੂ ਮਹਾਰਾਜ ਅਚਾਨਕ ਸਿੰਘਾਸ਼ਨ 'ਤੇ ਖੜ੍ਹੇ ਹੋ ਜਾਂਦੇ ਨੇ, ਆਵਾਜ਼ ਦਿੱਤੀ ਕਿ ਇੱਕ ਸੀਸ ਦੀ ਲੋੜ ਹੈ, ਸਾਡੇ ਸ੍ਰੀ ਸਾਹਿਬ ਨੂੰ। ਆਜ਼ਾਦੀ ਦੀ ਦੇਵੀ ਨੂੰ ਮਨਾਉਣਾ ਹੈ, ਉਠੋ! ਕੋਈ ਪਿਆਰਾ ਆਪਣਾ ਸੀਸ ਭੇਟ ਕਰੋ। ਇੱਥੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਮਹਾਰਾਜ ਸਾਰੇ ਦੀਵਾਨ ਵੱਲ ਦੇਖਦੇ ਨੇ, ਕੋਈ ਨਾ ਉਠਿਆ। ਕਾਫੀ ਦੇਰ ਲੱਗ ਗਈ, ਦੁਬਾਰਾ ਫੇਰ ਮਹਾਰਾਜ ਨੇ ਆਵਾਜ਼ ਦਿੱਤੀ, ਓ ਪਿਆਰਿਓ! ਕੋਈ ਤਾਂ ਉੱਠੋ। ਉੱਠੋ! ਕੋਈ ਆਪਣਾ ਸੀਸ ਭੇਟ ਕਰੋ। ਕਹਿੰਦੇ ਫੇਰ ਵੀ ਨਾ ਕੋਈ ਉੱਠਿਆ, ਨੀਵੀਆਂ ਪਾ ਲਈਆਂ। ਤੀਸਰੀ ਵਾਰੀ ਆਵਾਜ਼ ਦਿੱਤੀ, ਕਹਿੰਦੇ ਫੇਰ ਉੱਠਿਆ। ਇਹ ਤਾਂ ਹੈਗਾ ਇਤਿਹਾਸਕ ਪੱਖ। ਮੈਂ ਇਹਦੇ ਨਾਲ ਸਹਿਮਤ ਨਹੀਂ ਹਾਂ। ਕਿਉਂ ਨਹੀਂ ਹਾਂ? ਇਸ ਕਰਕੇ ਕਿ ਕੋਈ ਵੀ ਗੁਰਸਿੱਖ ਐਸਾ ਨਹੀਂ ਸੀ, ਐਡੀ ਵੱਡੀ ਸੰਗਤ 'ਚ? ਗੁਰੂ ਦਸ਼ਮੇਸ਼ ਪਿਤਾ ਦਾ ਸਮਾਂ ਹੋਵੇ, ਗੁਰੂ ਨਾਨਕ ਤੋਂ ਸਿੱਖੀ ਚਲਦੀ ਆ ਰਹੀ ਹੋਵੇ, ਕੀ ਇੱਕ ਵੀ ਸਿੱਖ ਨਹੀਂ ਸੀ, ਜਿਹਦਾ ਦੇਹ-ਅਧਿਆਸ ਟੁੱਟਿਆ ਹੋਵੇ? ਸਾਰੇ ਦੀਵਾਨ 'ਚ ਇੱਕ ਵੀ ਨਹੀਂ ਸੀ ਕੀ ਕੋਈ ਪਿਆਰ ਵਾਲਾ? ਇਹ ਬੜਾ ਭੁਲੇਖਾ ਹੈ ਸਾਧਸੰਗਤ ਜੀ! ਸਿੱਖੀ ਐਨੀ ਕਮਜ਼ੋਰ ਤਾਂ ਨਹੀਂ ਸੀ। ਸਿੱਖੀ ਦੀ ਪਰਖ ਤਾਂ ਅਜੇ ਹੋ ਕੇ ਹਟੀ ਸੀ, ਗੁਰੂ ਨੌਵੇਂ ਪਾਤਸ਼ਾਹ ਦੇ ਵੇਲੇ, ਭਾਈ ਮਤੀ ਦਾਸ ਦੇ ਸੀਸ 'ਤੇ ਆਰਾ ਚੱਲਣ ਲੱਗਿਆ, ਅੱਖਾਂ ਦੇ ਵਿੱਚ ਚਮਕ

ਆ ਗਈ। ਮੂੰਹ ਦੇ ਉੱਤੇ ਲਾਲੀ ਆ ਗਈ। ਜਲਾਦ ਠਹਿਰ ਗਿਆ, ਕਹਿਣ ਲੱਗਿਆ, ਮਤੀਦਾਸਾ! ਮੈਂ ਤਾਂ ਮਰੇ ਹੋਏ ਹੀ ਚੀਰੇ ਨੇ, ਲੇਕਿਨ ਅੱਜ ਮੈਨੂੰ ਐਉਂ ਲੱਗਿਆ ਕਿ ਮੇਰੇ ਆਰੇ ਦੇ ਥੱਲੇ ਕੋਈ ਜੀਉਂਦਾ ਬੰਦਾ ਆ ਗਿਆ। ਤੂੰ ਦਸ ਸਕਦਾ ਹੈਂ ਕਿ ਤੇਰੇ ਨੇਤਰਾਂ 'ਚ ਕਿਉਂ ਚਮਕ ਆਈ? ਤੇਰੇ ਚਿਹਰੇ ਦੇ ਉੱਤੇ ਮੁਸਕਰਾਹਟ ਕਿਉਂ ਆਈ? ਆਹ ਲਾਲ ਰੰਗ ਚਿਹਰੇ 'ਤੇ ਕਿੱਥੋਂ ਆ ਗਿਆ? ਇਹ ਤਾਂ ਸੂਹਾ ਰੰਗ ਚੜ੍ਹ ਗਿਆ? ਇਹਨੂੰ ਦੱਸ ਸਕਦਾ ਹੈ ਕੀ ਤੂੰ?

ਕਹਿਣ ਲੱਗੇ, ਜਲਾਦ! ਹੁਣ ਤਾਂ ਸਮਾਂ ਨਹੀਂ ਹੈ?

ਕਹਿੰਦਾ, ਮਤੀਦਾਸਾ! ਮੌਤ ਤੋਂ ਤਾਂ ਵੱਡੇ-ਵੱਡੇ ਡਰ ਜਾਂਦੇ ਨੇ, ਤੂੰ ਨਹੀਂ ਡਰਿਆ? ਤੈਨੂੰ ਡਰ ਨਹੀਂ ਲੱਗਿਆ? ਕਹਿੰਦੇ, ਨਾ ਮੈਂ ਤਾਂ ਆਪਣੇ ਘਰ ਨੂੰ ਜਾ ਰਿਹਾ ਹਾਂ। ਮੈਨੂੰ ਤਾਂ ਸਗੋਂ ਖੁਸ਼ੀਆਂ ਚੜ੍ਹ ਰਹੀਆਂ ਨੇ।

*ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਮੇਰੇ ਮਨ ਆਨੰਦ ਹੈ ਪਿਆਰਿਓ!*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ - ੧੩੬੫*

ਕਹਿਣ ਲੱਗੇ, ਜਲਾਦ! ਮੌਤ ਜਿਸਨੂੰ ਆਖਦੇ ਨੇ, ਇਹ ਕੇਵਲ ਅਗਿਆਨੀ ਪੁਰਸ਼ ਨੂੰ ਆਇਆ ਕਰਦੀ ਹੈ, ਗਿਆਨਵਾਨ ਪੁਰਸ਼ ਨੂੰ ਤਾਂ ਮੌਤ ਛੋਹ ਵੀ ਨਹੀਂ ਸਕਦੀ, ਕਿਉਂਕਿ ਉਸਨੇ ਪਹਿਲਾਂ ਹੀ ਅਕਾਲ ਮੰਡਲ ਵਿੱਚ ਪ੍ਰਵੇਸ਼ ਕੀਤਾ ਹੁੰਦਾ ਹੈ ਅਤੇ ਉਥੇ ਮੌਤ ਪਹੁੰਚਦੀ ਨਹੀਂ ਹੈ।

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥*

*ਅੰਗ - ੨੭੩*

ਮਰਦਾ ਕੀ ਹੈ? ਅਗਿਆਨ ਮਰਦਾ ਹੈ, ਸਰੀਰ ਮਰਦਾ ਹੈ। ਜਿਹੜਾ ਇਹਦੇ ਵਿੱਚ ਹੈ ਆਤਮ ਸਰੂਪ ਆਪਣਾ, ਉਹ ਤਾਂ ਮਰਦਾ ਹੀ ਨਹੀਂ, ਉਹਦੇ ਨੇੜੇ ਤਾਂ ਆਰਾ ਜਾਂਦਾ ਹੀ ਨਹੀਂ। ਨਾ ਤਲਵਾਰ ਜਾਂਦੀ ਹੈ। ਕਹਿਣ ਲੱਗੇ, ਜਲਾਦ! ਇਹ ਮੌਤ ਦਾ ਜਿਹੜਾ ਭੇਤ ਹੈ ਇਹ ਗੁਰਸਿੱਖਾਂ ਦੇ ਸਾਮ੍ਹਣੇ ਖੁੱਲ੍ਹਿਆ ਹੋਇਆ ਹੈ। ਸਾਨੂੰ ਮੌਤ ਨਹੀਂ ਮਾਰ ਸਕਦੀ। ਸਰੀਰ ਚੀਰ ਦਏਂਗਾ, ਇਹ ਵਿਨਾਸ਼ ਹੋਣ ਵਾਲੀ ਚੀਜ਼ ਹੈ। ਅੱਜ ਹੋ ਗਈ ਕਿ ਹੋਰ ਦਸ ਸਾਲ ਨੂੰ ਹੋ ਗਈ। ਇਹਨੇ ਜਾਣਾ ਹੀ ਜਾਣਾ ਹੈ। ਸੋ ਡਰ ਕਿਸ ਚੀਜ਼ ਦਾ, ਅਸੀਂ ਤਾਂ ਆਪਣੇ ਘਰ ਨੂੰ, ਆਪਣੇ ਸਰੂਪ ਵਿੱਚ ਜਾ ਰਹੇ ਹਾਂ। ਸਰੀਰ ਵਿੱਚ ਰਹਿੰਦੇ ਹੋਏ ਕਿੰਨੀਆਂ ਬਿਆਧੀਆਂ ਨੇ, ਰੋਜ਼ ਪ੍ਰਸ਼ਾਦੇ ਛਕੋ, ਰੋਜ਼ ਨਹਾਓ, ਰੋਜ਼ ਖਾਣ ਵਾਸਤੇ ਕਰੋ, ਕਦੇ ਬੀਮਾਰ ਹੋ ਗਿਆ, ਕਦੇ ਰਾਜ਼ੀ ਹੋ ਗਿਆ, ਸਰੀਰ। ਸਾਡੇ ਤਕ ਤਾਂ ਨਾ ਕੋਈ ਰੋਗ ਪਹੁੰਚ ਸਕਦਾ ਹੈ, ਨਾ ਕੋਈ ਬੀਮਾਰੀ, ਨਾ ਕੋਈ ਗਮ। ਉਥੇ ਤਾਂ ਸਦਾ ਆਨੰਦ ਦੀ ਦਸ਼ਾ ਹੈ, ਪਰਮ ਆਨੰਦ ਦੀ। ਸੋ ਉਹ ਆਨੰਦ ਮੇਰੇ ਮਨ ਵਿੱਚ ਹੈ, ਕਿਉਂਕਿ ਮੈਂ ਆਪਣੇ ਘਰ ਵਿੱਚ ਜਾਣਾ ਹੈ। ਸੋ ਇਹ ਜਿਹੜਾ ਕਹਿਣਾ ਹੈ ਕਿ ਤਿੰਨ ਵਾਰੀ ਗੁਰੂ ਸਾਹਿਬ ਨੇ ਆਵਾਜ਼ ਦਿੱਤੀ, ਇਹਦਾ ਮਤਲਬ ਹੈ ਕਿ ਸਾਰੀ ਸੰਗਤ ਦੇ ਵਿੱਚ ਇੱਕ ਵੀ ਗਿਆਨ ਵਾਲਾ ਨਹੀਂ ਸੀ ਬੈਠਾ। ਕਿੱਡੀ ਗਲਤ ਗੱਲ ਕਹਿ ਦਿੱਤੀ। ਉਹਦੇ ਵਿੱਚ ਭਾਈ ਦਇਆ ਸਿੰਘ ਜੀ ਵਰਗੇ ਬੈਠੇ ਹੋਣ ਜੋ ਕਿ ਪੂਰਨ ਬ੍ਰਹਮਗਿਆਨੀ, ਪੂਰਨ ਯੋਗੀ, ਮਹਾਨ ਵਿਦਵਾਨ, ਦੇਹ ਅਧਿਆਸ ਜਿਨ੍ਹਾਂ ਦਾ ਟੁੱਟਿਆ ਹੋਇਆ ਸੀ। ਆਪਣੇ ਆਪ ਨੂੰ ਦੇਹ ਨਹੀਂ ਸੀ ਸਮਝਦੇ, ਦੇਹ ਤੋਂ ਉਤੇ ਆਤਮ ਸੂਰਪ, ਪ੍ਰਮੇਸ਼ਰ ਦਾ ਸਰੂਪ ਸੀ ਉਹ, ਕਿਉਂਕਿ ਜਦੋਂ ਦ੍ਵੈਤ ਮਿਟ ਜਾਵੇ, ਹਉਮੈ ਦਾ ਨਾਸ਼ ਹੋ ਜਾਵੇ, ਓਸ ਵੇਲੇ ਪ੍ਰਮੇਸ਼ਰ ਹੀ ਹੁੰਦਾ ਹੈ, ਸਰੀਰ ਦੇ ਅੰਦਰ ਤੇ ਐਹੋ ਜਿਹੇ ਮਹਾਨ ਪੁਰਸ਼ ਬੈਠੇ ਹੋਣ, ਇਹ ਕੱਚੀ ਗੱਲ ਕਰ ਦਿੱਤੀ ਜਾਵੇ ਜੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਦਾਤਾ ਮੰਗਦਾ ਹੋਵੇ ਕੁਛ ਅਤੇ ਉਹਨੂੰ ਦੇਣ ਤੋਂ ਗੁਰੇਜ਼ ਕਰਦਾ ਹੋਵੇ ਦੀਵਾਨ। ਆਹ ਗੱਲ ਨਹੀਂ ਹੈ।

ਗੁਰੂ ਮਹਾਰਾਜ ਨੇ ਜਿਸ ਵਕਤ ਬਚਨ ਕੀਤਾ, ਪੂਰਨ ਵਿਸ਼ਵਾਸ਼ ਵਾਲਾ ਗੁਰਸਿੱਖ, ਗੁਰੂ ਦਾ ਰੂਪ ਹੋਇਆ ਹੋਇਆ, ਕਿਉਂਕਿ ਗੁਰੂ ਦਾ ਰੂਪ ਹੋ ਜਾਂਦਾ ਹੈ ਗੁਰਸਿੱਖ ਜਦੋਂ 'ਮੈਂ' ਮਿਟ ਜਾਦੀ ਹੈ। ਗੁਰੂ ਤੇ ਉਹਦੇ ਵਿੱਚ ਕੋਈ ਭੇਦ ਨਹੀਂ ਰਿਹਾ ਕਰਦਾ। ਉਸੇ ਵੇਲੇ ਉਠ ਕੇ ਹਾਜ਼ਰ ਹੋ ਗਏ ਕਹਿਣ ਲੱਗੇ ਪਾਤਸ਼ਾਹ! ਏਸ ਤਨ ਦੀ ਲੋੜ ਹੈ, ਆਪ ਦੇ ਹਾਜ਼ਰ ਹੈ। ਦੂਜੀ ਵਾਰੀ ਮਹਾਰਾਜ ਨੇ ਫੇਰ ਆਵਾਜ਼ ਦਿੱਤੀ, ਕਹਿੰਦੇ ਨੇ ਕਿ ਤੰਬੂ ਵਿੱਚ ਲੈ ਗਏ, ਉਥੇ ਜਾ ਕੇ ਕੀ ਭਾਣਾ ਵਰਤਿਆ, ਬੜੀਆਂ ਗੱਲਾਂ ਨੇ ਇਹਦੇ ਬਾਰੇ। ਆਮ ਲਿਖਾਰੀ ਕੁਛ ਲਿਖਦੇ ਨੇ, ਕੋਈ ਕਹਿੰਦਾ ਹੈ ਬੱਕਰੇ ਬੰਨ੍ਹੇ ਹੋਏ ਸੀ, ਆਪਣੀਆਂ-ਆਪਣੀਆਂ ਦਲੀਲਾਂ ਦਿੰਦੇ ਨੇ। ਕੀ ਦੇਖਿਆ ਸੀ ਤੁਸੀਂ, ਸੌ ਸਾਲ ਬਾਅਦ ਇਤਿਹਾਸ ਲਿਖਿਆ ਹੈ। ਗੁਰਬਾਣੀ ਤੋਂ ਉਲਟ ਦੀਆਂ ਗੱਲਾਂ ਕਰਦੇ ਓਂ।

*ਸਤਿਗੁਰੁ ਮੇਰਾ ਮਾਰਿ ਜੀਵਾਲੈ ॥* *ਅੰਗ - ੧੧੪੨*

ਜੇ ਸਤਿਗੁਰੂ 'ਚ ਆਹੀ ਤਾਕਤ ਨਹੀਂ ਫੇਰ

ਕਾਹਨੂੰ ਅਸੀਂ 300 ਸਾਲ ਤੋਂ ਯਾਦ ਕਰੀਏ। ਉਹ ਮਰਿਆਂ ਹੋਇਆਂ ਨੂੰ ਜੀਉਂਦਾ ਕਰਦੇ ਨੇ। ਸਤਿਗੁਰੂ ਤਾਂ ਇੱਕ ਪਾਸੇ ਰਿਹਾ, ਬਾਬਾ ਗੁਰਦਿੱਤਾ ਤੋਂ ਗਊ ਮਰ ਗਈ, ਤੀਰ ਲਗ ਕੇ। ਨਾੜਾਂ ਨਿਕਲ ਕੇ ਔਹ ਗਈਆਂ ਤੀਰ ਦੇ ਨਾਲ, ਪਹਾੜੀਆਂ ਨੇ ਰੌਲਾ ਪਾ ਦਿੱਤਾ ਕਿ ਬਾਬਾ ਜੀ! ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਪੈਸੇ ਦੇ ਰਹੇ ਨੇ ਕਿ ਹਜ਼ਾਰ ਰੁਪਿਆ ਲੈ ਲਓ, ਦਸ ਗਾਵਾਂ ਆ ਜਾਣਗੀਆਂ। ਜ਼ਿੱਦ ਫੜ ਲਈ ਕਿ ਆਹੀ ਗਊ ਚਾਹੀਦੀ ਹੈ। ਵਾਹਿਗੁਰੂ ਆਖ ਕੇ ਛਿੱਟਾ ਦੇ ਦਿੱਤਾ, ਗਊ ਜੀਊਂਦੀ ਹੋ ਗਈ। ਗੁਰੂ ਪਾਤਸ਼ਾਹ ਨੇ ਕਿਹਾ ਕਿ ਟਿੱਕਾ ਜੀ! ਤੁਸੀਂ ਆਹ ਗੱਲ ਕਰਨੀ ਨਹੀਂ ਸੀ। ਚੁੱਪ ਕਰਕੇ ਚਲੇ ਗਏ, ਜਾ ਕੇ ਮਰਜ਼ੀ ਦੇ ਨਾਲ ਸਰੀਰ ਛੱਡ ਦਿੱਤਾ।

ਭਾਈ ਜੀਵਨ, ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ, ਬ੍ਰਾਹਮਣ ਦਾ ਲੜਕਾ ਮਰਿਆ ਪਿਆ ਹੈ। ਬ੍ਰਾਹਮਣ ਕਹਿੰਦਾ ਹੈ ਕਿ ਜਾਂ ਤਾਂ ਜੀਉਂਦਾ ਕਰ ਦਿਓ ਜਾਂ ਮੈਂ ਚਿਖਾ ਦੇ ਉੱਤੇ ਬੈਠ ਕੇ ਖੁਦ ਵੀ ਤੁਹਾਡੇ ਦਰਬਾਰ ਸਾਮ੍ਹਣੇ ਜਲ ਜਾਵਾਂਗਾ। ਸਾਰੇ ਮਸੰਦ ਜ਼ੋਰ ਲਾ ਰਹੇ ਨੇ, ਗੁਰੂ ਮਹਾਰਾਜ ਕਹਿੰਦੇ ਜੇ ਐਉਂ ਜੀਉਂਦੇ ਕਰਨ ਲੱਗੇ, ਬਾਦਸ਼ਾਹ ਤਾਂ ਮਰਨੇ ਹੀ ਨਹੀਂ ਫੇਰ। ਐਥੇ ਤਾਂ ਮੁਰਦਿਆਂ ਦਾ ਢੇਰ ਲੱਗਿਆ ਰਿਹਾ ਕਰੇਗਾ। ਕਹਿੰਦੇ ਜੇ ਜੀਉਂਦਾ ਕਰਨਾ ਹੈ, ਕੋਈ ਆਪਣੀ ਜਾਨ ਦੇ ਦੇਵੇ, ਜੀਉਂਦਾ ਹੋ ਜਾਏਗਾ। ਭਾਈ ਜੀਵਨ ਗਏ, ਜਾ ਕੇ ਲੰਮੇ ਪੈ ਗਏ, ਬ੍ਰਾਹਮਣ ਦਾ ਬੱਚਾ ਜੀਉਂਦਾ ਹੋ ਗਿਆ ਤੇ ਆਪ ਚੜ੍ਹਾਈ ਕਰ ਗਏ। ਬਾਬਾ ਅਟੱਲ ਜੀ ਦੇ ਬਾਰੇ ਸਾਰੇ ਹੀ ਜਾਣਦੇ ਨੇ, ਮੋਹਨ ਦੇ ਜਾ ਕੇ ਖੂੰਡੀ ਪਾ ਕੇ ਕਹਿਣ ਲੱਗੇ, ਬਹਾਨੇ ਕਰਕੇ ਸੁੱਤਾ ਪਿਆ ਹੈਂ ਉੱਠ ਸਾਡੀ ਪਿੱਤ (ਬਾਰੀ) ਦੇ। ਰਾਤ ਦਾ ਸੱਪ ਦਾ ਡੰਗਿਆ ਹੋਇਆ, ਮਰਿਆ ਹੋਇਆ, ਜ਼ਹਿਰ ਚੜ੍ਹੀ ਹੋਈ ਅੰਗ-ਅੰਗ ਦੇ ਵਿੱਚ, ਸਾਰਾ ਖ਼ੂਨ ਜ਼ਹਿਰੀਲਾ ਹੋਇਆ-ਹੋਇਆ, ਕਿਧਰੇ ਗਈ ਜ਼ਹਿਰ, ਉਠ ਕੇ ਬੈਠ ਗਿਆ।

ਸ਼ਮਸ਼ਤਬਰੇਜ਼ ਦੇ ਕੋਲ ਨਵਾਬ ਆਪਣਾ ਮੁਰਦਾ ਲੜਕਾ ਲੈ ਆਉਂਦਾ ਹੈ। ਤਿੰਨ ਵਾਰੀ ਕਿਹਾ ਓ ਲੜਕੇ! ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ, ਲੜਕਾ ਉੱਠਿਆ ਨਾ। ਕਹਿੰਦਾ, ਚੱਲ ਦਰਵੇਸ਼ ਕੇ ਹੁਕਮ ਸੇ ਉੱਠ ਖੜ੍ਹਾ ਹੋ, ਉਸੇ ਵੇਲੇ ਉੱਠ ਕੇ ਬੈਠ ਗਿਆ। ਇੱਕ ਤਾਂ ਨਹੀਂ ਮਿਸਾਲ, ਸਾਧਸੰਗਤ ਜੀ! ਇਹ ਗੁਰੂ ਮਹਾਰਾਜ ਦੀ ਗੱਲ ਕਰਨ ਵੇਲੇ ਐਨੀ ਕਮਜ਼ੋਰੀ ਆ ਜਾਂਦੀ ਹੈ, ਐਨੇ ਬੇਦਿਲ ਹੋ ਜਾਦੇ ਨੇ ਕਿ ਡਰਨ ਲਗ ਜਾਂਦੇ ਨੇ ਕਿ ਜੇ ਅਸੀਂ ਲਿਖ ਦਿੱਤਾ ਕਿ ਗੁਰੂ ਮਹਾਰਾਜ ਨੇ ਸੀਸ ਕੱਟ ਦਿੱਤਾ ਤੇ ਫੇਰ ਜੀਉਂਦੇ ਕਰ ਦਿੱਤੇ, ਇਹ ਗੱਲ ਮੰਨਣੀ ਨਹੀਂ ਕਿਸੇ ਨੇ। ਆਪਾਂ ਇਹ ਲਿਖ ਦਿਓ ਕਿ ਬੱਕਰੇ ਲਿਆਏ ਹੋਏ ਸੀ, ਕਹਿੰਦੇ ਉਹ ਭਾਈ ਦਇਆ ਸਿੰਘ ਨੂੰ ਅੰਦਰ ਲੈ ਗਏ, ਭਾਈ ਦਇਆ ਸਿੰਘ ਨੂੰ ਕਹਿੰਦੇ ਕਿ ਬੱਕਰੇ ਦਾ ਗਲ ਵੱਢ ਦੇ। ਗਲ ਵੱਢ ਦਿੱਤਾ ਤੇ ਬਹਿ ਗਏ। ਐਨੇ ਨੂੰ ਭਾਈ ਧਰਮ ਸਿੰਘ ਜੀ ਏਸੇ ਤਰ੍ਹਾਂ ਦੇ ਨਾਲ, ਗੁਰੂ ਮਹਾਰਾਜ ਆਵਾਜ਼ ਦਿੰਦੇ ਨੇ ਕਿ ਹੈ ਕੋਈ ਦੂਸਰਾ ਸਿੱਖ, ਇੱਕ ਸੀਸ ਦੀ ਹੋਰ ਲੋੜ ਹੈ। ਕਹਿੰਦੇ ਸਨਾਟਾ ਛਾ ਗਿਆ, ਇਹਦਾ ਮਤਲਬ ਹੈ ਤਿੰਨ ਵਾਰੀ ਪਹਿਲਾਂ ਗੁਰੂ ਮਹਾਰਾਜ ਨੇ ਕਿਹਾ, ਤਿੰਨ ਵਾਰੀ ਫੇਰ ਆ ਕੇ ਕਿਹਾ, ਸਿੱਖਾਂ ਦੇ ਨਿਹਚੇ ਡੋਲ ਗਏ, ਛੇ ਵਾਰੀ ਗੁਰੂ ਮਹਾਰਾਜ ਨੇ ਸੀਸ ਮੰਗਿਆ, ਤਾਂ ਦੂਸਰਾ ਮਿਲਿਆ। ਇਸੇ ਤਰ੍ਹਾਂ ਨੌਂ ਵਾਰੀ ਮੰਗਿਆ ਤਾਂ ਜਾ ਕੇ ਤੀਸਰਾ ਮਿਲਿਆ। ਵੰਗਾਰਾਂ ਤਾਂ ਪਹਿਲੀਆਂ ਵੀ ਵਿਚੇ ਹੀ ਗਿਣੀਆਂ ਜਾਣਗੀਆਂ। ਆਖਰੀ ਦਾ ਸੀਸ ਪੰਦਰਾਂ ਵਾਰੀ ਗੁਰੂ ਮਹਾਰਾਜ ਨੇ ਮੰਗਿਆ। ਕੀ ਐਨੀ ਸਿੱਖੀ ਸੀ ਕਮਜ਼ੋਰ? ਐਸਾ ਨਹੀਂ ਹੈ ਸਾਧਸੰਗਤ ਜੀ, ਸੀਸ ਦੇਣ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਸੀਗੇ, ਦੇਹ ਅਧਿਆਸ ਟੁੱਟੇ ਹੋਏ ਸੀ ਤੇ ਗੁਰੂ ਨੂੰ ਸਭ ਕੁਛ ਅਰਪਣ ਕਰਨਾ ਚਾਹੁੰਦੇ ਸੀ। ਭਾਈ ਧਰਮ ਸਿੰਘ ਜੀ ਕਹਿੰਦੇ ਨੇ, ਜਦੋਂ ਆਪ ਉੱਠੇ ਨੇ ਆਵਾਜ਼ ਦੇਣ 'ਤੇ ਕਹਿੰਦੇ ਪਾਤਸ਼ਾਹ! ਮੈਂ ਤਾਂ ਤੁਹਾਨੂੰ ਕੁਛ ਨਹੀਂ ਦੇਣਾ। ਜੇ ਮੇਰੇ ਕੋਲ ਕੁਛ ਹੋਵੇ, ਤਾਂ ਮੈਂ ਦੇਵਾਂ। ਇਹ ਤਾਂ ਸਭ ਕੁਛ ਤੇਰਾ ਹੀ ਹੈ –

*ਧਾਰਨਾ – ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ – ੮੨੭*

ਕਹਿਣ ਲੱਗੇ ਪਾਤਸ਼ਾਹ!ਮੈਂ ਕੀ ਦੇਣਾ ਹੈ ਇਹ ਤਾਂ ਤੇਰਾ ਹੀ ਹੈ ਆਪਣਾ ਆਪ। ਫੇਰ ਕਹਿੰਦੇ, ਫੇਰ ਗੁਰੂ ਮਹਾਰਾਜ ਨੇ ਆਵਾਜ਼ਾਂ ਦਿੱਤੀਆਂ। ਨਾ, ਇਸ ਤਰ੍ਹਾਂ ਨਹੀਂ। ਉਹ ਤਾਂ ਉਡੀਕ ਰਹੇ ਸੀ ਕਿ ਹੁਣ ਆਵਾਜ਼ ਉਠੇ ਤੇ ਫੁਰਤੀ ਨਾਲ ਕਿਹੜਾ ਉਠਦਾ ਹੈ। ਉਸ ਵੇਲੇ ਭਾਈ ਹਿੰਮਤ ਸਿੰਘ ਜੀ ਉਠਦੇ ਨੇ, ਕਹਿੰਦੇ ਪਾਤਸ਼ਾਹ! ਦੇਵਾਂ ਤਾਂ, ਜੇ ਮੇਰਾ ਕੁਛ ਹੋਵੇ–

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ – ੧੩੭੫*

ਮੈਂ ਤਾਂ ਅਮਾਨਤ ਲਈ ਫਿਰਦਾ ਸੀ, ਸੀਸ

ਤੇਰਾ। ਪਾਤਸ਼ਾਹ! ਆਪਣੇ ਸੀਸ ਨੂੰ ਸਾਂਭ, ਲਾ ਜਿਸ ਕੰਮ ਵੀ ਲਾਉਣਾ ਹੈ। ਭਾਈ ਮੋਹਕਮ ਚੰਦ ਦੀ ਵਾਰੀ ਆ ਜਾਂਦੀ ਹੈ, ਦੁਆਰਕਾ ਵਾਲਿਆਂ ਦੀ। ਕਹਿੰਦੇ, ਪਾਤਸ਼ਾਹ! ਚੌਥਾ ਨੰਬਰ ਆਇਆ ਮੇਰਾ, ਪਹਿਲਾਂ ਮੈਨੂੰ ਆ ਜਾਣਾ ਚਾਹੀਦਾ ਸੀ। ਮੇਰੇ ਤੋਂ ਪਹਿਲਾਂ ਉਠ ਖੜ੍ਹੇ ਸਾਰੇ। ਹੁਣ ਲੈਣਾ ਕੀ ਹੈ?

*ਜਿਉ ਜਿਉ ਰਾਖਹਿ ਤਿਉ ਤਿਉ ਰਹਣਾ*
*ਤੇਰਾ ਦੀਆ ਖਾਹਿ ॥* *ਅੰਗ – ੪੦੬*

ਸੋ ਬਾਅਦ ਵਿੱਚ ਭਾਈ ਸਾਹਿਬ ਸਿੰਘ ਜੀ ਦਾ ਨੰਬਰ ਆ ਗਿਆ, ਬਿਦਰ ਵਾਲਿਆਂ ਦਾ। ਸੋ ਇਸੇ ਤਰ੍ਹਾਂ ਪੰਜੇ ਸੀਸ ਅਰਪਣ ਹੋ ਗਏ, ਮਹਾਰਾਜ ਬਹੁਤ ਚਿਰ ਬਾਹਰ ਨਾ ਆਏ। ਉਸ ਵੇਲੇ ਮਹਾਰਾਜ ਜੀ ਨੇ ਪੰਜਾਂ ਨੂੰ ਬਾਹਰ ਲਿਆਂਦਾ, ਵਸਤਰ ਆਪਣੇ ਵਰਗੇ ਮੰਗਾ ਕੇ ਪਹਿਨਾਅ ਦਿੱਤੇ। ਇੱਕੋ ਰੂਪ ਬਣਿਆ ਆਉਂਦਾ ਹੈ, ਇੱਕੋ ਜਿਹੇ ਵਸਤਰ ਨੇ। ਸੰਗਤਾਂ ਹੈਰਾਨ ਹੋ ਗਈਆਂ। ਆਪ ਨੇ ਸਤਲੁਜ ਤੋਂ ਸ਼ੁੱਧ ਜਲ ਮੰਗਾਇਆ ਤੇ ਆਪ ਨੇ ਕੂੰਡੇ ਦੇ ਉੱਤੇ ਰੱਖ ਕੇ ਬੀਰ ਆਸਣ ਹੋ ਕੇ, ਪੰਜਾਂ ਨੂੰ ਸਾਮ੍ਹਣੇ ਖੜ੍ਹਾ ਕਰ ਲਿਆ। ਬਹੁਤ ਸੰਗਤ ਜੁੜ ਗਈ ਕਿ ਗੱਲ ਕੋਈ ਹੋਰ ਹੀ ਸੀ, ਅਸੀਂ ਐਵੇਂ ਹੀ ਡਰ ਗਏ, ਜਿਹੜੇ ਡਰਪੋਕ ਬੰਦੇ ਸੀ। ਬੇਅੰਤ ਕਿਸਮ ਦੇ ਬੰਦੇ ਸੰਗਤ 'ਚ ਆਉਂਦੇ ਨੇ, ਸਾਰੇ ਤਾਂ ਸ਼ਰਧਾਲੂ ਨਹੀਂ ਹੁੰਦੇ। ਬਹੁਤ ਤਾਂ ਐਵੇਂ ਹੀ ਆਏ ਹੁੰਦੇ ਨੇ। ਕਿੰਨੇ ਕਿਸਮ ਦੇ ਜਗਿਆਸੂ ਨੇ, ਪੰਜ ਕਿਸਮ ਦੀ ਸਿੱਖੀ ਹੈ, ਸੋ ਉਸ ਵੇਲੇ ਬੜੇ ਨੀਝ ਲਾ ਕੇ ਦੇਖ ਰਹੇ ਨੇ ਕਿ ਹੁਣ ਕੀ ਹੋਏਗਾ? ਗੁਰੂ ਮਹਾਰਾਜ ਜੀ ਨੇ ਖੰਡਾ ਫੇਰਨਾ ਸ਼ੁਰੂ ਕਰਿਆ ਤੇ ਅੰਮ੍ਰਿਤ ਦੀ ਤਿਆਰੀ ਕਰ ਰਹੇ ਨੇ। ਪੂਰਾ ਜੋਸ਼ ਜਲ ਵਿੱਚ ਭਰ ਰਹੇ ਨੇ। ਜਲ ਕਿਉਂ ਲਿਆ ਮਹਾਰਾਜ ਜੀ ਨੇ? ਹੋਰ ਚੀਜ਼ ਕਿਉਂ ਨਾ ਲਈ ਮਹਾਰਾਜ ਜੀ ਨੇ? ਜਲ ਦੇ ਵਿੱਚ ਸਭ ਤੋਂ ਜ਼ਿਆਦਾ ਪ੍ਰਵੇਸ਼ ਕਰਦੀ ਹੈ ਸ਼ਕਤੀ। ਦੂਸਰੇ ਨੰਬਰ ਦੇ ਉੱਤੇ ਮਿੱਟੀ 'ਚ ਪ੍ਰਵੇਸ਼ ਕਰਦੀ ਹੈ ਜਿਹਨੂੰ ਚਰਨ ਧੂੜ ਕਹਿੰਦੇ ਨੇ ਤੇ ਜਲ ਦੇ ਵਿੱਚ ਸ਼ਕਤੀ ਨੂੰ ਪ੍ਰਵੇਸ਼ ਕਰ ਦਿੱਤਾ। ਬਾਣੀ ਦੀ ਜੋ ਸ਼ਕਤੀ ਹੈ ਪੰਜ ਬਾਣੀਆਂ ਪੜ੍ਹ ਕੇ ਸ਼ਕਤੀ ਪ੍ਰਵੇਸ਼ ਕਰ ਦਿੱਤੀ, ਉਹਦੇ ਨਾਲ ਕੀ ਸੀ, ਬੰਦਗੀ ਤਾਂ ਸਾਰੇ ਕਰਦੇ ਹੀ ਸੀ, ਨਾਮ ਵੀ ਜਪਦੇ ਸੀ, ਉਹ ਇੱਕ ਐਸਾ ਜਜ਼ਬਾ ਮਹਾਰਾਜ ਜੀ ਨੇ ਲਿਆ ਦਿੱਤਾ ਕਿ ਇਹ, ਕੁਰਬਾਨੀ ਦੇਣ ਵੇਲੇ ਕਿਸੇ ਚਿੰਤਾ 'ਚ ਨਾ ਪਵੇ ਤੇ ਬਲ ਹੋਵੇ, ਇਹਦੇ ਵਿੱਚ। ਇਹ ਜਿੱਥੇ ਬ੍ਰਾਹਮਣ ਦਾ ਕੰਮ ਕਰੇ, ਬਾਣੀ ਪੜ੍ਹਦਾ-ਪੜ੍ਹਾਉਂਦਾ, ਅਨੰਦ ਕਾਰਜ ਕਰਦਾ, ਦੀਵਾਨ ਲਾਉਂਦਾ, ਉਪਦੇਸ਼ ਕਰਦਾ, ਕਥਾ ਕਰਦਾ, ਪਾਠ ਸੁਣਾਉਂਦਾ, ਦਾਨ ਲੈਂਦਾ ਤੇ ਦਾਨ ਦਿੰਦਾ, ਉਥੇ ਕਸ਼ਤਰੀ ਵਾਲਾ ਕੰਮ ਵੀ ਕਰੇ, ਜਦੋਂ ਸਿਰ 'ਤੇ ਆ ਬਣੇ, ਗਰੀਬ ਦੀ ਬੇਬਸੀ ਹੋ ਜਾਵੇ, ਉਹਦੀ ਰਾਖੀ ਦੇ ਵਾਸਤੇ ਆਪਣਾ ਤਨ ਬਲੀਦਾਨ ਦੇ ਦੇਵੇ। ਦਾਨ ਕਰ ਦੇਵੇ ਤਨ ਦਾ, ਸੀਸ ਦਾ ਦਾਨ ਕਰ ਦੇਵੇ। ਸੋ ਉਹ ਜਜ਼ਬਾ ਜਿਹੜਾ ਸੀ, ਨਵੀਂ ਚੀਜ਼, ਗੁਰੂ ਮਹਾਰਾਜ ਨੇ ਉਸ ਜਲ ਦੇ ਰਾਹੀਂ, ਜਿਸਨੂੰ ਪਾਹੁਲ ਕਹਿੰਦੇ ਨੇ, ਉਹ ਤਿਆਰ ਕੀਤੀ। ਪਾਣੀ ਥੋੜ੍ਹਾ ਜਿਹਾ ਬਾਹਰ ਡੁੱਲ੍ਹ ਗਿਆ। ਦੋ ਚਿੜੇ ਉਸ ਥਾਂ ਦੇ ਉੱਤੇ ਆਏ ਤੇ ਘੁੱਟ-ਘੁੱਟ ਭਰ ਕੇ ਲੈ ਗਏ, ਪੀਂਦੇ ਸਾਰ, ਐਸਾ ਜੋਸ਼ ਅੰਦਰ ਆ ਗਿਆ ਕਿ ਉਥੇ ਹੀ ਲੜਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੇ। ਅੰਮ੍ਰਿਤ ਤਿਆਰ ਹੋ ਗਿਆ ਤੇ ਮਹਾਰਾਜ ਜੀ ਦੇਖਣ ਲਗ ਗਏ ਉਨ੍ਹਾਂ ਵਲ। ਸਾਰੇ ਦੀਵਾਨ ਨੇ ਦੇਖਿਆ, ਉਸ ਵੇਲੇ ਬਾਬੇ ਬੁੱਢੇ ਕੇ, ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਰਾਮ ਕੋਇਰ ਪੂਰਨ ਬ੍ਰਹਮਗਿਆਨੀ ਤ੍ਰਿਕਾਲਦਰਸ਼ੀ ਮਹਾਂਪੁਰਸ਼ਾਂ ਨੇ ਦੇਖਿਆ ਕਿ ਇਹ ਜਲ ਪਿਲਾ ਦੇਣਾ ਹੈ, ਇਨ੍ਹਾਂ ਨੂੰ, ਇਹ ਤਾਂ ਅਤਿ ਕਰੂਰ ਜਲ ਹੈ, ਕਠੋਰ ਹੋ ਜਾਣਗੇ। ਮਾਤਾ ਜੀਤੋ ਜੀ ਦੇ ਕੋਲ ਜਾਂਦੇ ਨੇ, ਕਹਿਣ ਲੱਗੇ, ਮਾਤਾ ਜੀ! ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਿਆ ਹੈ, ਨਵਾਂ ਪੰਥ ਸਾਜਣਾ ਹੈ ਤੇ ਜਿਥੇ ਪਿਤਾ ਦੀ ਲੋੜ ਹੈ, ਉਥੇ ਮਾਤਾ ਦੀ ਵੀ ਲੋੜ ਹੈ। ਮਾਂ ਦੇ ਪਿਆਰ ਦੀ ਲੋੜ ਹੈ, ਪਿਤਾ ਦੇ ਤੇਜ਼ ਦੀ ਲੋੜ ਹੈ। ਕ੍ਰਿਪਾ ਕਰੋ, ਮਿਠਾਸ ਪਾਓ ਉਹਦੇ 'ਚ ਜਾ ਕੇ। ਉਸੇ ਵੇਲੇ ਮਾਤਾ ਜੀ ਨੇ ਪਤਾਸੇ ਲਏ, ਗੁਰੂ ਮਹਾਰਾਜ ਕੋਲ ਆ ਗਏ, ਆ ਕੇ ਆਗਿਆ ਲਈ, ਖੱਬੇ ਪਾਸੇ ਬੈਠ ਗਏ। ਆਗਿਆ ਮਿਲਣ 'ਤੇ ਪਤਾਸੇ ਆਪ ਨੇ ਜਲ ਵਿੱਚ ਪਾ ਦਿੱਤੇ। ਮਹਾਰਾਜ ਜੀ ਕਹਿਣ ਲੱਗੇ ਕਿ ਇਹ ਤਾਂ ਬਹੁਤ ਵਧੀਆ ਹੋਇਆ ਕਿ ਤੁਸੀਂ ਉਸ ਵੇਲੇ ਆ ਗਏ, ਜਦੋਂ ਅਸੀਂ ਨਵਾਂ ਪੰਥ ਤਿਆਰ ਕਰਨ ਲੱਗੇ ਸੀ। ਕਹਿੰਦੇ ਇਨ੍ਹਾਂ ਨੇ ਤਾਂ ਬਹੁਤ ਲੜਨਾ ਸੀ, ਜਿਵੇਂ ਔਹ ਚਿੜੇ ਲੜੇ ਨੇ। ਚੰਗਾ ਹੋਇਆ ਜਦ ਹੁਣ ਲੜਿਆ ਵੀ ਕਰਨਗੇ ਤਾਂ ਮੇਰਾ ਧਿਆਨ ਆ ਜਾਇਆ ਕਰੇਗਾ, ਇਨ੍ਹਾਂ ਨੂੰ ਤੇ ਨਾਲ ਬਾਟੇ ਦਾ ਆ ਜਾਇਆ ਕਰੇਗਾ ਕਿ ਅਸੀਂ ਬਾਟੇ ਦੀ ਸਾਂਝ ਵਾਲੇ ਭਾਈ ਹਾਂ, ਦਸ਼ਮੇਸ਼ ਪਿਤਾ ਦੇ ਪੁੱਤਰ ਹਾਂ, ਉਸ ਵੇਲੇ ਇਹ ਲੜਦੇ-ਲੜਦੇ ਹਟ ਜਾਇਆ ਕਰਨਗੇ।

*'ਚਲਦਾ..........।*

***(ਵੀਡੀਓ ਫਿਲਮ, ਦੀਵਾਨ ਨੰ: 340)***

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ
## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਬਹੁਤ ਹੀ ਰਸ ਭਿੰਨਾ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਹੋ ਰਿਹਾ ਹੈ, ਸਰੋਤੇ ਆਪਣੀ ਵਾਰੀ ਅਨੁਸਾਰ ਸ੍ਰੀ ਆਸਾ ਕੀ ਵਾਰ ਦੇ ਸਲੋਕ ਅਤੇ ਪਉੜੀ ਪੜ੍ਹ ਰਹੇ ਹਨ। ਬੀਬੀਆਂ ਦਾ ਜਥਾ ਬਹੁਤ ਹੀ ਸੁਰੀਲੀ ਅਵਾਜ਼ ਨਾਲ ਕੀਰਤਨ ਕਰ ਰਿਹਾ ਹੈ, ਬਹੁਤ ਸਾਰੇ ਸਰੋਤੇ ਆਪਣੀਆਂ ਸੁਰਤਾਂ ਨੂੰ ਅੰਤਰੀਵੀ ਕਰਕੇ ਗੁਰਬਾਣੀ ਦੇ ਸਿਧਾਂਤ ਨਾਲ ਜੋੜ ਕੇ, ਵਿਚਾਰ ਕੇ, ਹਿਰਦੇ ਵਿਚ ਧਾਰਨ ਕਰ ਰਹੇ ਹਨ। ਬਹੁਤ ਸਾਰੇ, ਸ਼ਬਦ ਨਾਲ ਜੁੜੇ ਹੋਏ ਹਨ, ਰਸ ਮਾਣਦੇ ਹਨ। ਸੋ ਇਸ ਤਰ੍ਹਾਂ ਸ਼ਬਦ, ਛੱਕਾ, ਸਲੋਕ ਅਤੇ ਪਉੜੀ ਪੜ੍ਹਦਿਆਂ ਸਮਾਂ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਵਲ ਨੂੰ ਵਧ ਰਿਹਾ ਸੀ। ਐਸਾ ਰਸ ਛਾਇਆ ਹੋਇਆ ਸੀ ਜਿਸ ਦੇ ਅਧੀਨ ਜੀਅ ਕਰਦਾ ਸੀ ਕਿ ਆਸਾ ਕੀ ਵਾਰ ਦਾ ਦੀਵਾਨ ਸਮਾਪਤ ਨਾ ਹੋਵੇ, ਪਰ ਸਮਾਂ ਰੋਕਿਆ ਕਦੇ ਰੁਕਦਾ ਨਹੀਂ। ਪੂਰੇ ਤਿੰਨ ਘੰਟੇ ਲੰਘਣ ਤੋਂ ਉਪਰੰਤ ਸ੍ਰੀ ਅਨੰਦ ਸਾਹਿਬ ਜੀ ਦਾ ਕੀਰਤਨ ਸ਼ੁਰੂ ਹੋਇਆ, ਅਰਦਾਸ ਹੋਈ। ਅੰਮ੍ਰਿਤ ਵੇਲੇ ਦੋ ਵਜੇ ਤੋਂ ਸੰਗਤ ਮਾਨ ਸਰੋਵਰ ਤੇ ਬੈਠੇ ਹੰਸਾਂ ਵਾਂਗੂੰ ਗੁਰ ਸ਼ਬਦ ਰੂਪੀ ਹੀਰੇ-ਮੋਤੀ ਚੁਗ ਰਹੇ ਸੀ। ਸੁਰਤਾਂ ਜੁੜੀਆਂ ਹੋਈਆਂ ਸਨ, ਅਰਦਾਸ ਉਪਰੰਤ ਗੁਰੂ ਮਹਾਰਾਜ ਜੀ ਦੇ ਹੁਕਮਨਾਮੇ ਦੀ ਬਖਸ਼ਿਸ਼ ਹੋਈ, ਜੋ ਇਸ ਪ੍ਰਕਾਰ ਹੈ-

*ਧਨਾਸਰੀ ਮਹਲਾ ੧ ॥*
*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥ ੧ ॥*
*ਬਹੁਤਾ ਬੋਲਣੁ ਝਖਣੁ ਹੋਇ ॥*
*ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥*
*ਜਿਨਿ ਕਨ ਕੀਤੇ ਅਖੀ ਨਾਕੁ ॥*
*ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥*
*ਜਿਨਿ ਮਨੁ ਰਾਖਿਆ ਅਗਨੀ ਪਾਇ ॥*
*ਵਾਜੈ ਪਵਣੁ ਆਖੈ ਸਭ ਜਾਇ ॥ ੨ ॥*
*ਜੇਤਾ ਮੋਹੁ ਪਰੀਤਿ ਸੁਆਦ ॥*
*ਸਭਾ ਕਾਲਖ ਦਾਗਾ ਦਾਗ ॥*
*ਦਾਗ ਦੋਸ ਮੁਹਿ ਚਲਿਆ ਲਾਇ ॥*
*ਦਰਗਹ ਬੈਸਣ ਨਾਹੀ ਜਾਇ ॥ ੩ ॥*
*ਕਰਮਿ ਮਿਲੈ ਆਖਣੁ ਤੇਰਾ ਨਾਉ ॥*
*ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥*
*ਜੇ ਕੋ ਡੂਬੈ ਫਿਰਿ ਹੋਵੈ ਸਾਰ ॥*
*ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥*

*ਅੰਗ - ੬੬੨*

ਅਗਸਤ ਦਾ ਮਹੀਨਾ ਹੈ ਅਤੇ 1993 ਦਾ ਸਾਲ ਚਲ ਰਿਹਾ ਹੈ। ਬਾਹਰ ਪਿੰਡਾਂ ਵਿਚ ਬਹੁਤ ਹੀ ਵੱਡੇ ਹੜ੍ਹ ਆਏ ਹਨ, ਜਿਨ੍ਹਾਂ ਨੇ ਪਿੰਡਾਂ ਦੇ ਮਕਾਨਾਂ ਨੂੰ ਛੱਤਾਂ ਤਕ ਢਕ ਲਿਆ ਹੈ। ਬਹੁਤ ਨੁਕਸਾਨ ਹੋਇਆ, ਸੰਗਤ ਦਿਨ ਵਿਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਜੁਟੀ ਰਹਿੰਦੀ ਹੈ ਅਤੇ ਆਪਣੇ ਨਿਤਨੇਮ ਦੇ ਮੁਤਾਬਿਕ ਦੋ ਵਜੇ ਸਵੇਰ ਤੋਂ ਪੰਜ ਵਜੇ ਸਵੇਰ ਤਕ ਕੀਰਤਨ ਦਾ ਅਨੰਦ ਲੈਂਦੀ ਹੈ। ਬੜੇ ਧਿਆਨ ਦੇ ਨਾਲ ਇਸ ਸ਼ਬਦ ਦਾ ਜੋ ਸਿਧਾਂਤ ਹੈ, ਜੇ ਸਮਝਣ ਦਾ ਜਤਨ ਕੀਤਾ ਜਾਵੇ ਤਾਂ ਅਸਾਨੂੰ ਬਹੁਤ ਪ੍ਰਾਪਤੀ ਹੁੰਦੀ ਹੈ। ਇਹ ਸ਼ਬਦ ਜੋ ਉਚਾਰਨ ਕੀਤਾ ਹੈ ਜੇ ਇਸ ਦੇ ਭਾਵ ਨੂੰ ਕਮਾ ਲਿਆ ਜਾਵੇ ਤਾਂ ਅਸਾਡਾ ਪਾਰ ਉਤਾਰਾ ਹੋ ਸਕਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਕੋਈ ਦੁਨੀਆਂ ਦੇ ਮੋਹ ਮਾਇਆ ਵਿਚ ਡੁੱਬ ਜਾਵੇ ਅਤੇ ਉਸ ਤੋਂ ਕੁਝ ਵੀ ਨਾ ਹੋ ਸਕਦਾ ਹੋਵੇ ਪਰ ਜੇ ਗੁਰਮੁਖ ਦੀ ਮਿਹਰ ਰਾਹੀਂ ਉਹ ਨਾਮ ਜਪਣ ਲਗ ਜਾਵੇ ਤਾਂ ਉਸ ਦੀ ਸੰਭਾਲ ਹੋ ਜਾਇਆ ਕਰਦੀ ਹੈ ਕਿਉਂਕਿ ਬਖਸ਼ਣਹਾਰ ਮਾਲਕ ਦਾਤਾਰ ਹੈ, ਬਖਸਿੰਦ ਹੈ ਪਰ ਇਹ ਨਾਮ, ਵਾਹਿਗੁਰੂ ਜੀ ਦੀ ਮਿਹਰ ਜੇ ਹੋ ਜਾਵੇ ਤਾਂ ਜਪਿਆ ਜਾਂਦਾ ਹੈ, ਨਾਮ ਤੋਂ ਬਗੈਰ ਹੋਰ ਕੋਈ ਤਰਨ ਦਾ ਸਾਧਨ ਨਹੀਂ ਹੈ, ਕੋਈ ਹੋਰ ਆਸਰਾ ਨਹੀਂ ਹੈ। ਇਸ ਸਿਧਾਂਤ

ਦੇ ਮੁਤਾਬਿਕ ਜੇ ਚੱਲਿਆ ਜਾਵੇ ਤਾਂ ਆਦਮੀ ਦਾ ਸਰੀਰਕ ਦੁਖ ਤਾਂ ਇਕ ਪਾਸੇ ਰਿਹਾ, ਕ੍ਰੋੜਾਂ ਜਨਮਾਂ ਦੇ ਕੀਤੇ ਪਾਪ, ਜਿਨ੍ਹਾਂ ਦੇ ਫਲ ਰੂਪ ਬੇਅੰਤ ਕਿਸਮ ਦੇ ਦੁੱਖ ਭੋਗਣੇ ਪੈ ਰਹੇ ਹਨ - ਸਰੀਰਕ ਦੁਖ, ਮਾਨਸਿਕ ਦੁਖ, ਆਰਥਿਕ ਦੁਖ, ਭਾਈਚਾਰਕ ਦੁਖ, ਵੈਰ-ਵਿਰੋਧ, ਦੁਸ਼ਮਣੀ ਦਾ ਦੁਖ, ਕਾਮ ਕ੍ਰੋਧ ਦੀਆਂ ਥਪੇੜਾਂ ਦੇ ਦੁਖ ਆਦਿ, ਮਹਾਰਾਜ ਜੀ ਅਨੇਕ ਦੁਖ ਗਿਣਦੇ ਹੋਏ ਸਾਰੇ ਦੁਖਾਂ ਨੂੰ, ਦੁਖਾਂ ਦਾ ਘਾਣ ਕਹਿੰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਜੋ ਵੀ ਵਿਅਕਤੀ, ਸੰਸਾਰ ਤੇ ਸਰੀਰਧਾਰੀ ਹੋ ਕੇ ਵਿਚਰ ਰਿਹਾ ਹੈ ਉਸ ਨੂੰ ਕਈ ਤਰ੍ਹਾਂ ਦੇ ਦੁਖ ਲੱਗੇ ਹੋਏ ਹਨ, ਆਪ ਦਾ ਫੁਰਮਾਨ ਹੈ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥* ਅੰਗ- ੧੧੪੦

ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਭ ਤੋਂ ਭਿਆਨਕ ਰੋਗ, ਜੋ ਕਿਸੇ ਤਰ੍ਹਾਂ ਨਾਲ ਕੱਟਣਾ ਮੁਸ਼ਕਲ ਹੁੰਦਾ ਹੈ ਅਤੇ ਜਿਸ ਰੋਗ ਦੇ ਮਾਰੇ ਹੋਏ ਵੱਡੇ-ਵੱਡੇ ਵਿਦਵਾਨ, ਸੂਝਵਾਨ, ਚਿੰਤਕ ਪੀੜਤ ਹਨ, ਉਹ 'ਹਉਮੈ' ਦਾ ਰੋਗ ਹੈ ਜੋ ਖਾਸ ਕਰਕੇ ਮਨੁੱਖ ਦੇ ਹਿੱਸੇ ਵਿਚ ਆਇਆ ਹੈ। ਹਉਮੈ, ਬੰਧਨ ਦਾ ਮੂਲ ਹੈ। ਹਉਮੈ ਵਿਚ ਇਹ ਜੀਵ ਕਰਮ ਕਰਦਾ ਹੈ ਕਿਉਂਕਿ ਇਹ ਇਸ ਦੇ ਹਿੱਸੇ ਵਿਚ ਆਇਆ ਹੋਇਆ ਰੋਗ ਹੈ, ਜਿਵੇਂ ਕਿ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥* ਅੰਗ - ੧੧੪੦

ਕਾਮ ਦੇ ਰੋਗ ਬਾਰੇ ਆਪ ਫੁਰਮਾਨ ਕਰਦੇ ਹਨ ਕਿ ਹਾਥੀ ਦੇ ਅੰਦਰ ਐਸਾ ਜ਼ਬਰਦਸਤ ਇਹ ਰੋਗ ਹੈ ਕਿ ਕਾਗਜ਼ਾਂ ਦੀ ਬਣੀ ਹੋਈ ਹਥਣੀ ਨੂੰ ਦੇਖ ਕੇ ਬਿਲਕੁਲ ਬੇਵਿਚਾਰਾ ਹੋ ਜਾਦਾ ਹੈ। ਉਹ ਇਸ ਤਰ੍ਹਾਂ ਹੈ ਕਿ ਜਦੋਂ ਹਾਥੀ ਨੂੰ ਫੜਿਆ ਜਾਂਦਾ ਹੈ ਤਾਂ ਇਕ ਡੂੰਘਾ ਖੱਡਾ ਪੁੱਟ ਕੇ ਉਸ ਉਪਰ ਘਾਹ ਫੂਸ ਦੀ ਛੱਤ ਪਾ ਦਿੰਦੇ ਹਨ। ਕਾਗਜ਼ਾਂ ਦੀ ਬਣੀ ਹੋਈ ਹਥਣੀ ਉਸ ਉਪਰ ਟਿਕਾ ਦਿੰਦੇ ਹਨ। ਹਾਥੀ ਹੋਰ ਸਾਰੀਆਂ ਗੱਲਾਂ ਸਮਝਣ ਦੀ ਸਮਰੱਥਾ ਰਖਦਾ ਹੈ, ਉਸ ਦੇ ਅੰਦਰ ਥੋੜ੍ਹੀ ਵਿਚਾਰ ਵੀ ਕੰਮ ਕਰਦੀ ਹੈ ਜਿਵੇਂ ਇਕ ਵਾਰੀ ਦਾ ਜ਼ਿਕਰ ਹੈ ਕਿ ਮੈਂ ਯੂ.ਪੀ ਵਿਚ ਆਪਣੇ ਫਾਰਮ ਤੋਂ ਪੰਜਾਬ ਵਲ ਨੂੰ ਰੇਲ ਗੱਡੀ ਰਾਹੀਂ ਆ ਰਿਹਾ ਸੀ ਤਾਂ ਇਕ ਸੱਜਣ ਹਲਦੁਆਨੀ ਨੇੜਿਓਂ ਆਇਆ ਸੀ, ਮੇਰੇ ਨਾਲ ਹੀ ਬੈਠਾ ਸੀ, ਰਸਤੇ ਵਿਚ ਗੱਲ ਚਲ ਪਈ ਅਸੀਂ ਕਿਹਾ ਕਿ ਅਸਾਡੇ ਫਾਰਮਾਂ ਵਿਚ ਸ਼ੇਰ ਬਹੁਤ ਰਹਿ ਰਹੇ ਹਨ। ਅਸਾਨੂੰ ਜੰਗਲ ਵਿਚ ਵੜਨਾ ਬੜਾ ਔਖਾ ਹੈ ਪਰ ਉਹ ਸ਼ੇਰ ਕਿਤੇ ਨਾ ਕਿਤੇ ਦਿਸਦਾ ਰਹਿੰਦਾ ਹੈ। ਰਾਤ ਨੂੰ ਪਿੰਡ ਦੇ ਵਿਚੀਂ ਘੁੰਮ ਜਾਂਦਾ ਹੈ। ਅਸੀਂ ਸਾਰੀ ਰਾਤ ਖੰਭਿਆਂ ਉਪਰ ਲੈਂਪ ਜਗਾ ਕੇ ਰਖਦੇ ਹਾਂ ਕਿਉਂਕਿ ਉਹ ਅੱਗ ਦੇ ਨੇੜੇ ਨਹੀਂ ਆਉਂਦਾ। ਇਸ ਤਰ੍ਹਾਂ ਅਸੀਂ ਰਾਤ ਕੱਟ ਲੈਂਦੇ ਹਾਂ। ਇਹ ਵੀ ਅਸੀਂ ਦੇਖਿਆ ਹੈ ਕਿ ਸ਼ੇਰ ਬਿਨਾਂ ਛੇੜਿਆਂ ਕੁਝ ਵੀ ਨਹੀਂ ਕਹਿੰਦਾ, ਬਹੁਤ ਨੇੜਿਓਂ ਲੰਘ ਜਾਇਆ ਕਰਦਾ ਹੈ। ਇਸੇ ਤਰ੍ਹਾਂ ਨਾਲ ਦੂਜੀ ਗੱਲ ਕੀਤੀ ਗਈ ਕਿ ਅਸਾਡੇ ਫਾਰਮ ਵਿਚੀਂ ਜੋ ਡੂੰਘੀਆਂ ਨਦੀਆਂ ਲੰਘਦੀਆਂ ਹਨ ਉਨ੍ਹਾਂ ਵਿਚ ਜੰਗਲ ਬਹੁਤ ਸੰਘਣੇ ਹਨ। ਉਥੇ 22-22 ਫੁੱਟ ਲੰਮੇ, ਡੇਢ-ਡੇਢ ਫੁੱਟ ਚੌੜੇ ਵੱਡੇ ਆਕਾਰ ਵਾਲੇ ਸੱਪ ਹੋਇਆ ਕਰਦੇ ਹਨ ਜੇ ਉਹ ਟਰੈਕਟਰ ਦੇ ਹੇਠਾਂ ਆ ਜਾਵੇ ਤਾਂ ਭਾਰੇ ਟਰੈਕਟਰਾਂ ਨੂੰ ਐਉਂ ਉਪਰ ਚੁਕ ਦਿੰਦਾ ਹੈ ਜਿਵੇਂ ਕਿ ਬੱਚਾ ਗੇਂਦ ਚੁੱਕਦਾ ਹੋਵੇ। ਹਰਨ ਨੂੰ ਸਾਬਤਾ ਹੀ ਨਿਗਾਰ ਜਾਂਦਾ ਹੈ, ਵੱਡੀ ਬੱਕਰੀ ਨੂੰ ਸਾਬਤ ਨਿਗਾਰ ਜਾਂਦਾ ਹੈ। ਇਕ ਦਿਨ ਅਜਿਹਾ ਸੱਪ ਬੰਦੂਕ ਨਾਲ ਮਾਰਿਆ। ਜਦੋਂ ਉਸ ਦਾ ਪੇਟ ਪਾੜਿਆ ਤਾਂ ਹੈਰਾਨੀ ਹੋਈ ਕਿ ਉਸ ਵਿਚ ਸੇਹ ਪਈ ਹੈ ਜੋ ਗਲ ਚੁਕੀ ਹੈ ਉਸ ਦੇ ਕੰਡੇ ਜਿਵੇਂ ਹੱਥ ਨਾਲ ਇਕੱਠੇ ਕਰਕੇ ਇਕ ਪਾਸੇ ਰੱਖ ਦੇਈਏ ਐਉਂ ਉਸ ਦੇ ਸਰੀਰ ਵਿਚ ਪਏ ਸਨ, ਜੋ ਉਸ ਨੇ ਬਾਹਰ ਕੱਢਣੇ ਸਨ। ਉਸ ਤੋਂ ਅੱਗੇ ਹਰਨ ਦੀ ਲੋਥ ਪਈ ਸੀ ਅਤੇ ਮੂੰਹ ਵਿਚ ਬੱਕਰੀ ਸੀ ਜੋ ਉਸ ਨੇ ਅੱਧੀ ਨਿਗਾਰ ਲਈ ਸੀ। ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਕਰ ਹੀ ਰਹੇ ਸਾਂ ਤਾਂ ਉਹ ਕਹਿਣ ਲੱਗਿਆ ਕਿ ਤੁਹਾਨੂੰ ਵੀ ਬਹੁਤ ਤਕਲੀਫਾਂ ਹਨ ਐਸੇ ਤਰ੍ਹਾਂ ਮੈਨੂੰ ਵੀ ਬਹੁਤ ਮੁਸ਼ਕਲਾਂ ਹਨ ਤੁਸੀਂ ਮੇਰੀ ਵੀ ਸੁਣੋ। ਉਹ ਇਸ ਤਰ੍ਹਾਂ ਹੈ ਕਿ ਹਾਥੀ ਮੇਰੀ ਫਸਲ ਵਿਚ ਆ ਵੜੇ, ਮੈਂ ਬੰਦੂਕ ਦੇ ਨਾਲ ਇਕ ਹਾਥੀ ਦੇ ਮੱਥੇ ਵਿਚ ਗੋਲੀ ਮਾਰੀ, ਉਹ ਬੇਹੋਸ਼ ਹੋ ਕੇ ਗਿਰ ਗਿਆ। ਮੈਂ ਕੀ ਦੇਖਦਾ ਹਾਂ ਕਿ ਥੋੜ੍ਹਾ ਹੀ ਸਮਾਂ ਗੁਜ਼ਰਿਆ ਸੀ, ਉਥੇ 40-50 ਹਾਥੀ ਉਸ ਦੇ ਦੁਆਲੇ ਆ ਖੜ੍ਹੇ ਹੋਏ, ਸੁੰਡਾਂ ਪਾ ਕੇ ਉਸ ਨੂੰ ਚੁੱਕ ਰਹੇ ਸਨ, ਪਰ ਉਹ ਛੇਤੀ ਹੀ ਪ੍ਰਾਣ ਛੱਡ ਗਿਆ। ਹਾਥੀ ਖਿਝ ਕੇ ਮੇਰੀ ਰਿਹਾਇਸ਼ ਵਲ ਨੂੰ ਚਲ ਪਏ, ਮੈਂ ਵੀ ਸਮਝ ਗਿਆ ਕਿ ਅੱਜ ਸੁਖ ਨਹੀਂ। ਨੱਠਣ-ਭੱਜਣ ਨੂੰ ਵੀ ਮੇਰੇ ਕੋਲ ਕੋਈ ਜੀਪ ਵਗੈਰਾ ਨਹੀਂ ਸੀ ਕਿਉਂਕਿ ਰਸਤਾ ਹੀ ਨਹੀਂ ਸੀ ਹੁੰਦਾ। ਟਰੈਕਟਰ ਵੀ ਬੜੀ ਮੁਸ਼ਕਲ

ਨਾਲ ਪਹੁੰਚਿਆ ਕਰਦਾ ਸੀ। ਗਹਿਰੀਆਂ ਨਦੀਆਂ ਵਿਚੀਂ ਲੰਘ ਕੇ ਜਾਣਾ ਪੈਂਦਾ ਸੀ। ਮੇਰੇ ਕੋਲ ਡੀਜ਼ਲ ਦੇ ਡਰੰਮ ਭਰੇ ਪਏ ਸਨ, ਚਾਰੇ ਪਾਸੇ ਲੱਕੜਾਂ ਹੀ ਲੱਕੜਾਂ ਦੇ ਢੇਰ ਪਏ ਸਨ, ਮੈਂ ਛੇਤੀ ਨਾਲ ਡੀਜ਼ਲ ਛਿੜਕ ਕੇ ਅੱਗ ਲਾ ਦਿਤੀ। ਹੋਰ ਬਹੁਤ ਸਾਰਾ ਕਬਾੜ ਮੇਰੇ ਪਾਸ ਪਿਆ ਸੀ, ਮੈਂ ਨੌਕਰਾਂ ਸਮੇਤ ਉਸ ਉਪਰ ਕਬਾੜ ਪਾ ਕੇ ਅੱਗ ਨੂੰ ਉਚੀ ਕਰਨ ਲੱਗਿਆ। ਇਨ੍ਹਾਂ ਹਾਥੀਆਂ ਨੇ ਜਦੋਂ ਵੇਖਿਆ ਤਾਂ ਕੋਲ ਹੀ ਨਦੀ ਵਗਦੀ ਸੀ ਉਥੋਂ ਇਹ ਸੁੰਡਾਂ ਵਿਚ ਪਾਣੀ ਭਰ ਲਿਆਏ ਅਤੇ ਅੱਗ ਦੇ ਉਤੇ spray ਕਰਨ ਲੱਗੇ। ਅੰਦਰੋਂ ਮੈਂ ਡੀਜ਼ਲ ਪਾਉਂਦਾ ਜਾਵਾਂ ਅਤੇ ਬਾਹਰੋਂ ਇਹ ਪਾਣੀ ਪਾਈ ਜਾਣ। ਕਈ ਘੰਟੇ ਅਸਾਡਾ ਜੰਗ ਲੱਗਿਆ ਰਿਹਾ। ਹਾਥੀ ਅਸਫਲ ਹੋ ਕੇ ਚਲੇ ਗਏ। ਉਹ ਸਮਾਂ ਮੈਂ ਬਹੁਤ ਗਨੀਮਤ ਜਾਣਿਆ ਅਤੇ ਮੈਂ ਜ਼ਰੂਰੀ ਸਮਾਨ ਲੈ ਕੇ ਸ਼ਹਿਰ ਆ ਗਿਆ। ਤੀਸਰੇ ਦਿਨ ਜਦੋਂ ਮੈਂ ਵਾਪਸ ਗਿਆ ਤਾਂ ਕੀ ਦੇਖਦਾ ਹਾਂ ਕਿ ਹਾਥੀਆਂ ਨੇ ਮੇਰੇ ਸਾਰੇ ਛੱਪਰ ਤੋੜ ਕੇ ਸੁੱਟ ਦਿਤੇ ਸਨ, ਕੰਧਾਂ ਗਿਰਾ ਦਿਤੀਆਂ ਅਤੇ ਮੇਰੇ ਟਰੈਕਟਰ ਨੂੰ ਪਲਟੇ ਦਿੰਦੇ-ਦਿੰਦੇ ਨਦੀ ਦੇ ਕੰਢੇ ਤਕ ਲੈ ਗਏ ਸਨ। ਕੋਈ ਚੀਜ਼ ਵੀ ਉਥੇ ਬਚੀ ਨਹੀਂ ਸੀ, ਇਸ ਤੋਂ ਵੀ ਵੱਧ ਦੁਖ ਇਹ ਹੋਇਆ ਕਿ ਜਦੋਂ ਸਰਕਾਰ ਨੂੰ ਪਤਾ ਲੱਗਿਆ ਤਾਂ ਮੇਰੇ ਉਤੇ ਹਾਥੀ ਮਾਰਨ ਦਾ ਕੇਸ registered ਕਰ ਦਿਤਾ ਅਤੇ ਮੈਂ situation (ਹਾਲਾਤ) ਵੀ ਦੱਸੀ ਪਰ ਕਿਸੇ ਨੇ ਵੀ ਮੇਰੀ ਨਾ ਸੁਣੀ। ਅਖੀਰ ਮੈਨੂੰ ਉਸ ਸਮੇਂ ਦੇ ਸਭ ਤੋਂ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਤਕ ਪਹੁੰਚਣਾ ਪਿਆ। ਜਦੋਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤਾਂ ਉਨ੍ਹਾਂ ਮੇਰੇ ਉਤੋਂ ਕੇਸ ਵਾਪਸ ਕਰਾਇਆ। ਅਸਾਨੂੰ ਇਸ ਤਰ੍ਹਾਂ ਲੱਗਿਆ ਕਿ ਅਸਾਡੀ ਮੁਸ਼ਕਲ ਤਾਂ ਐਨੀ ਨਹੀਂ ਹੈ ਅਸਾਡਾ ਵਾਹ ਤਾਂ ਸ਼ੇਰਾਂ ਤੇ ਸੱਪਾਂ ਨਾਲ ਹੀ ਹੈ ਪਰ ਇਨ੍ਹਾਂ ਦਾ ਵਾਹ ਤਾਂ ਹਾਥੀਆਂ ਨਾਲ ਪੈਂਦਾ ਹੈ। ਹਾਥੀਆਂ ਵਿਚ ਪਰਿਵਾਰਕ ਸਾਂਝ ਹੁੰਦੀ ਹੈ ਅਤੇ ਸਾਰੇ ਇਕ ਹਾਥੀ ਦੇ ਹੁਕਮ ਵਿਚ ਚਲਦੇ ਹਨ। ਇਹ ਸਾਰੀ ਗੱਲ ਦੱਸਣ ਦਾ ਭਾਵ ਇਹ ਹੈ ਕਿ ਇਨ੍ਹਾਂ ਨੂੰ ਹੋਰ ਸਾਰੀ ਅਕਲ ਹੈ ਜਦੋਂ ਨਵਾਂ ਬੱਚਾ ਪੈਦਾ ਹੁੰਦਾ ਹੈ ਤਾਂ ਹੱਥਣੀਆਂ ਤੋਂ ਬਿਨਾਂ ਸਾਰੇ ਹਾਥੀ ਦੂਰ ਜਾ ਕੇ ਪਿੱਠ ਕਰਕੇ ਖੜ੍ਹੇ ਹੋ ਜਾਂਦੇ ਹਨ। ਜਦੋਂ ਬੱਚਾ ਪੈਦਾ ਹੋ ਜਾਂਦਾ ਹੈ ਤਾਂ ਰੇਤਾ ਭਰ ਕੇ ਉਸ ਉਪਰ ਆ ਕੇ ਪਾਉਂਦੇ ਹਨ ਤਾਂ ਕਿ ਉਸ ਦਾ ਸਰੀਰ ਜਾਲਿਆਂ ਤੋਂ ਸਾਫ ਹੋ ਜਾਵੇ। ਅਜਿਹੀਆਂ ਗੱਲਾਂ ਉਹ ਬਹੁਤ ਕਰ ਲੈਂਦੇ ਹਨ। ਆਦਮੀ ਪਾਸ ਆ ਕੇ ਪੂਰਾ ਹੁਕਮ ਮੰਨਦੇ ਹਨ। ਯੁੱਧਾਂ-ਜੰਗਾਂ ਵਿਚ ਆਪਣੇ ਮਾਲਕ ਦਾ ਪੂਰਾ ਧਿਆਨ ਰੱਖ ਕੇ ਹਮੇਸ਼ਾ ਮਾਲਕ ਦਾ ਬਚਾਅ ਕਰਾਉਂਦੇ ਹਨ। ਪਰ ਉਸ ਵਿਚ ਇਕ ਦੁਖ ਹੈ, ਉਹ ਹੈ, ਕਾਮ ਦਾ। ਇਹ ਜਜ਼ਬਾ ਉਸ ਦੇ ਦਿਮਾਗ ਵਿਚ ਐਨਾ ਚੜ੍ਹ ਜਾਂਦਾ ਹੈ ਕਿ ਕਾਗਜ਼ਾਂ ਦੀ ਹਥਣੀ ਵਲ ਨੂੰ ਵਧਦਾ ਹੀ ਜਾਂਦਾ ਹੈ। ਇਹ ਧਿਆਨ ਹੀ ਇਸ ਨੂੰ ਨਹੀਂ ਰਹਿੰਦਾ ਕਿ ਇਹ ਚੰਗੀ ਧਰਤੀ ਹੈ ਕਿ ਹੇਠੋਂ ਫੂਸ ਨਾਲ ਢਕੀ ਕੋਈ ਹੈ। ਇਹ ਟੋਏ ਵਿਚ ਗਿਰ ਜਾਂਦਾ ਹੈ ਅਤੇ ਆਦਮੀ ਇਸ ਉਪਰ ਆਪਣਾ ਅਧਿਕਾਰ ਕਰ ਲੈਂਦਾ ਹੈ।

*ਕਾਮ ਰੋਗ ਮੈਗਲੁ ਬਸਿ ਲੀਨਾ॥* *ਅੰਗ - ੧੧੪੦*

ਇਸੇ ਤਰ੍ਹਾਂ ਨਾਲ ਪਤੰਗਾ ਦ੍ਰਿਸ਼ਟ ਰੋਗ ਦਾ ਬਿਮਾਰ ਹੈ। ਜਦੋਂ ਸੂਰਜ ਛਿਪਣ ਉਪਰੰਤ ਰਾਤ ਦੇ ਹਨ੍ਹੇਰੇ ਵਿਚ ਉਹ ਰੋਸ਼ਨੀ ਦੇਖਦਾ ਹੈ ਤਾਂ ਉਸ ਵੱਲ ਨੂੰ ਦੌੜਦਾ ਹੈ। ਪਹਿਲੇ ਸਮਿਆਂ ਵਿਚ ਰੋਸ਼ਨੀ ਮੋਮਬੱਤੀਆਂ ਦੇ ਨਾਲ, ਸਰੋਂ ਦੇ ਤੇਲ ਦੇ ਦੀਵੇ ਆਦਿ ਨਾਲ ਕੀਤੀ ਜਾਂਦੀ ਸੀ ਅਤੇ ਉਹ ਬਿਨਾਂ ਵਿਚਾਰੇ ਦ੍ਰਿਸ਼ਟ ਰੋਗ ਦਾ ਗ੍ਰਸਿਆ ਹੋਇਆ, ਉਸ ਵਿਚ ਕੁੱਦ ਪੈਂਦਾ ਹੈ ਅਤੇ ਜਲ ਜਾਇਆ ਕਰਦਾ ਹੈ।

*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥* *ਅੰਗ - ੧੧੪੦*

ਹਰਨ ਬਹੁਤ ਬਚ ਕੇ ਆਪਣਾ ਜੀਵਨ ਗੁਜ਼ਾਰਦਾ ਹੈ। ਪਹਿਲੇ ਸਮਿਆਂ ਦੇ ਸ਼ਿਕਾਰੀਆਂ ਦੇ ਤੀਰਾਂ, ਤਲਵਾਰਾਂ ਦੀ ਮਾਰ ਵਿਚ ਘੱਟ ਹੀ ਆਇਆ ਕਰਦਾ ਸੀ। ਉਸ ਨੂੰ ਮਾਰਨ ਲਈ ਅਮੀਰ ਸ਼ਿਕਾਰੀ ਘੋੜਿਆਂ ਤੇ ਚੜ੍ਹ ਕੇ ਮਾਰਦੇ ਸਨ ਪਰ ਗਰੀਬ ਸ਼ਿਕਾਰੀ ਉਸ ਨੂੰ ਪਕੜਨ ਲਈ ਘੰਡੇਹੇੜੇ ਦਾ ਸ਼ਬਦ (ਨਾਦ) ਕਰਦੇ ਸਨ। ਹਰਨ ਨਾਦ ਦੇ ਉਤੇ ਬਹੁਤ ਮਸਤ ਹੋ ਜਾਂਦਾ ਹੈ ਅਤੇ ਆਪਣੀ ਸੁਰਤ ਗੁਆ ਬੈਠਦਾ ਹੈ। ਉਸ ਨਾਦ ਨੂੰ ਸੁਣਦਾ-ਸੁਣਦਾ ਸ਼ਿਕਾਰੀ ਵਲ ਨੂੰ ਵਧਦਾ ਤੁਰਿਆ ਆਉਂਦਾ ਹੈ। ਉਸ ਨੂੰ ਇਹ ਭੁੱਲ ਹੀ ਜਾਂਦਾ ਹੈ ਕਿ ਮਨੁੱਖ ਨੇ ਮੈਨੂੰ ਫੜ ਕੇ ਖਾ ਲੈਣਾ ਹੈ। ਸੋ ਉਸ ਨਾਦ ਦੇ ਕਾਬੂ ਆਇਆ ਹੋਇਆ ਹਰਨ ਸ਼ਿਕਾਰੀ ਦੇ ਵਸ ਆ ਜਾਂਦਾ ਹੈ।

*ਨਾਦ ਰੋਗਿ ਖਪਿ ਗਏ ਕੁਰੰਗਾ॥* *ਅੰਗ- ੧੧੪੦*

ਇਸੇ ਤਰ੍ਹਾਂ ਨਾਲ ਸੁਆਦ ਦੇ ਵਸ, ਮੱਛੀ, ਕੁੰਡੀ ਦੇ ਨਾਲ ਲੱਗੀ ਹੋਈ ਖਾਣ ਵਾਲੀ ਚੀਜ਼ ਨੂੰ ਐਨੀ ਤੇਜ਼ੀ ਨਾਲ ਅੰਦਰ ਲੰਘਾਉਂਦੀ ਹੈ ਕਿ ਕੁੰਡੀ ਵੀ

ਅੰਦਰ ਚਲੀ ਜਾਂਦੀ ਹੈ। ਸ਼ਿਕਾਰੀ ਜਦੋਂ ਦੇਖਦੇ ਹਨ ਕਿ ਉਸ ਦੀ ਡੋਰ ਕਸੀ ਗਈ ਹੈ ਤਾਂ ਉਹ ਇਕ ਦਮ ਝਟਕਾ ਮਾਰ ਕੇ ਮੱਛੀ ਨੂੰ ਪਾਣੀ ਤੋਂ ਬਾਹਰ ਕੱਢ ਲੈਂਦਾ ਹੈ।

*ਜਿਹਵਾ ਰੋਗਿ ਮੀਨੁ ਗ੍ਰਸਿਆਨੋ॥ ਅੰਗ - ੧੧੪੦*

ਇਸ ਤਰ੍ਹਾਂ ਭੌਰਾ ਫੁੱਲਾਂ ਦੇ ਉਥੇ ਗੁੰਜ਼ਾਰ ਪਾਉਂਦਾ ਰਹਿੰਦਾ ਹੈ ਅਤੇ ਬਹੁਤ ਹੀ ਮਸਤ ਹੋ ਜਾਂਦਾ ਹੈ। ਫੁੱਲ ਛੱਡਣ ਨੂੰ ਉਸ ਦਾ ਜੀਅ ਨਹੀਂ ਕਰਦਾ। ਵਾਸ਼ਨਾ ਵਿਚ ਮਸਤ ਹੋਇਆ ਉਹ ਇਸ ਗੱਲ ਦੀ ਵੀ ਪਰਵਾਹ ਨਹੀਂ ਕਰਦਾ ਕਿ ਹੁਣ ਸੂਰਜ ਛਿਪ ਜਾਣਾ ਹੈ, ਫੁੱਲ ਨੇ ਬੰਦ ਹੋ ਜਾਣਾ ਹੈ। ਉਹ ਫੁੱਲ ਵਿਚ ਬੰਦ ਹੋਇਆ-ਹੋਇਆ ਆਪਣੇ ਪ੍ਰਾਣ ਦੇ ਦਿੰਦਾ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਬਾਸਨ ਰੋਗਿ ਭਵਰੁ ਬਿਨਸਾਨੋ॥ ਅੰਗ - ੧੧੪੦*

ਸਾਰਾ ਸੰਸਾਰ ਮੋਹ ਦੇ ਵਸ ਪਿਆ ਹੋਇਆ ਰੋਗੀ ਹੈ ਅਤੇ ਤਿੰਨਾਂ ਗੁਣਾਂ ਵਾਲੇ ਰੋਗ ਲੱਗੇ ਹੋਏ ਹਨ। ਤਿੰਨਾਂ ਗੁਣਾਂ ਬਾਰੇ ਇਸ ਤਰ੍ਹਾਂ ਹੈ ਕਿ ਮਨੁੱਖ ਆਮ ਤੌਰ ਤੇ ਤਿੰਨਾਂ ਹਾਲਤਾਂ ਵਿਚ ਰਹਿੰਦਾ ਹੈ, ਜਿਨ੍ਹਾਂ ਦੇ ਨਾਮ ਹਨ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਜਿਸ ਦਾ ਜ਼ਿਕਰ ਗੁਰੂ ਮਹਾਰਾਜ ਜੀ ਨੇ ਕਰਦਿਆਂ ਫੁਰਮਾਨ ਕੀਤਾ ਹੈ -

*ਦੀਨ ਬਿਨਉ ਸੁਨੁ ਦਇਆਲ ॥*
*ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥*
*ਰਾਖੁ ਹੋ ਕਿਰਪਾਲ ॥ ਅੰਗ - ੧੧੧੯*

ਦਇਆਲ ਹਰੀ, ਪਾਸ ਬੇਨਤੀ ਕਰਦੇ ਹਨ ਕਿ ਮੇਰਾ ਮਨ ਇਕ ਹੈ ਪਰ ਅਨੇਕਾਂ ਵੈਰੀਆਂ ਨਾਲ ਘਿਰਿਆ ਪਿਆ ਹੈ, ਇਨ੍ਹਾਂ ਤੋਂ ਬਚਾਓ। ਪ੍ਰਚਲਿਤ ਦੱਸੇ ਹੋਏ ਜਤਨ ਮੈਂ ਬਹੁਤ ਕੀਤੇ ਹਨ ਪਰ ਮੈਂ ਸਫਲ ਨਾ ਹੋ ਸਕਿਆ। ਖਟ ਕਰਮ ਵੀ ਕੀਤੇ ਹਨ, ਹੋਰ ਉਪਾਅ ਕਰ-ਕਰਕੇ ਹਾਰ ਗਿਆ। ਹੇ ਪ੍ਰਭੂ! ਤੂੰ ਹੀ ਦੀਨ ਦਇਆਲ ਹੈਂ, ਤੇਰਾ ਹੀ ਮੈਨੂੰ ਆਸਰਾ ਹੈ। ਮੈਨੂੰ ਸੰਤਾਂ ਦੀ ਧੂੜੀ ਬਖਸ਼ -

*ਦੀਨ ਬਿਨਉ ਸੁਨੁ ਦਇਆਲ ॥*
*ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥*
*ਰਾਖੁ ਹੋ ਕਿਰਪਾਲ ॥ ਰਹਾਉ ॥*
*ਅਨਿਕ ਜਤਨ ਗਵਨੁ ਕਰਉ ॥*
*ਖਟੁ ਕਰਮ ਜੁਗਤਿ ਧਿਆਨੁ ਧਰਉ ॥*
*ਉਪਾਵ ਸਗਲ ਕਰਿ ਹਾਰਿਓ*
*ਨਹ ਨਹ ਹੁਟਹਿ ਬਿਕਰਾਲ ॥ ੧ ॥*
*ਸਰਣਿ ਬੰਦਨ ਕਰੁਣਾ ਪਤੇ ॥*
*ਭਵ ਹਰਣ ਹਰਿ ਹਰਿ ਹਰਿ ਹਰੇ ॥*
*ਏਕ ਤੂਹੀ ਦੀਨ ਦਇਆਲ ॥*
*ਪ੍ਰਭ ਚਰਨ ਨਾਨਕ ਆਸਰੋ ॥*
*ਉਧਰੇ ਭ੍ਰਮ ਮੋਹ ਸਾਗਰ ॥*
*ਲਗਿ ਸੰਤਨਾ ਪਗ ਪਾਲ ॥ ਅੰਗ - ੧੧੧੯*

ਸੋ ਆਦਮੀ ਤਿੰਨਾਂ ਗੁਣਾਂ ਦੇ ਅਧੀਨ ਹੋਇਆ-ਹੋਇਆ ਹੈ ਜਦੋਂ ਇਹ ਵੱਡੇ ਹੋਣ ਦੀ ਇੱਛਾ ਕਰਦਾ ਹੈ, ਧਨ ਕਮਾਉਣ ਦੀ ਇੱਛਾ ਕਰਦਾ ਹੈ, ਸੋਹਣੇ ਕੱਪੜੇ ਪਹਿਨਣ ਦੀ ਇੱਛਾ ਕਰਦਾ ਹੈ ਤਾਂ ਰਜੋ ਗੁਣੀ ਹੋਇਆ ਕਰਦਾ ਹੈ। ਜਿਸ ਸਮੇਂ ਇਹ ਨਿੰਦਿਆ, ਚੁਗਲੀ, ਈਰਖਾ, ਵੈਰ ਦੇ ਅਸਰ ਵਿਚ ਹੁੰਦਾ ਹੈ ਅਤੇ ਹਰ ਸਮੇਂ ਖਿਝਦਾ ਰਹਿੰਦਾ ਹੈ, ਹਰੇਕ ਨਾਲ ਨਫਰਤ ਕਰਦਾ ਹੈ ਉਸ ਸਮੇਂ ਉਹ ਤਮੋ ਗੁਣ ਵਿਚ ਹੋਇਆ ਕਰਦਾ ਹੈ। ਕਈ ਵਾਰੀ ਉਸ ਦੇ ਮਨ ਵਿਚ ਸਤਿਸੰਗ ਪ੍ਰਾਪਤ ਹੋਣ ਤੇ ਵੈਰਾਗ ਪੈਦਾ ਹੋ ਜਾਂਦਾ ਹੈ ਅਤੇ ਜੀਅ ਕਰਦਾ ਹੈ ਕਿ ਸਭ ਕੁਝ ਛੱਡ-ਛਡਾ ਕੇ ਅਰਾਮ ਦੀ ਜ਼ਿੰਦਗੀ ਬਤੀਤ ਕਰਾਂ। ਤ੍ਰਿਸ਼ਨਾ ਦੇ ਰੋਗ ਵਿਚੋਂ ਨਿਕਲਣ ਨੂੰ ਜੀਅ ਕਰਦਾ ਹੈ ਉਸ ਵੇਲੇ ਤੀਰਥ ਯਾਤਰਾ ਕਰਨ ਨੂੰ ਜੀਅ ਕਰਦਾ ਹੈ। ਦਾਨ ਦੇਣ ਨੂੰ ਜੀਅ ਕਰਦਾ ਹੈ। ਸਤਿਪੁਰਸ਼ਾਂ ਦੇ ਬਚਨ ਸੁਣਨ ਨੂੰ ਜੀਅ ਕਰਦਾ ਹੈ ਉਸ ਸਮੇਂ ਇਸ ਦੀ ਬਿਰਤੀ ਸਤੋ ਗੁਣੀ ਹੋਇਆ ਕਰਦੀ ਹੈ। ਪਰ ਗੁਰਮਤਿ ਵਿਚ ਤਿੰਨਾਂ ਗੁਣਾਂ ਤੋਂ ਉਪਰ ਤੁਰੀਆ ਅਵਸਥਾ ਹੁੰਦੀ ਹੈ ਜਿਥੇ ਨਾਮ ਦੀ ਘਾਲ ਕਮਾਈ ਵਾਲੇ ਗੁਰਮੁਖ ਪਹੁੰਚਿਆ ਕਰਦੇ ਹਨ। ਇਹ ਤਿੰਨਾਂ ਗੁਣਾਂ ਤੋਂ ਉਪਰ ਅਵਸਥਾ ਹੋਇਆ ਕਰਦੀ ਹੈ। ਇਸ ਤਰ੍ਹਾਂ ਉਹ ਆਪਣਾ ਫਰਜ਼ ਨਿਭਾਉਂਦੇ ਹੋਏ ਸੰਸਾਰ ਵਿਚੋਂ ਆਪਣੀ ਯਾਤਰਾ ਸਮਾਪਤ ਕਰਦੇ ਹਨ। ਸੋ ਬਾਕੀ ਸਾਰਾ ਸੰਸਾਰ ਤ੍ਰਿਬਿਧ ਰੋਗ ਵਿਚ ਗ੍ਰਸਤ ਹੈ। ਫੁਰਮਾਨ ਹੈ -

*ਹੇਤ ਰੋਗ ਕਾ ਸਗਲ ਸੰਸਾਰਾ ॥*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥ ੨ ॥*
*ਰੋਗੇ ਮਰਤਾ ਰੋਗੇ ਜਨਮੈ ॥*
*ਰੋਗੇ ਫਿਰਿ ਫਿਰਿ ਜੋਨੀ ਭਰਮੈ ॥*
*ਰੋਗ ਬੰਧ ਰਹਨੁ ਰਤੀ ਨ ਪਾਵੈ ॥*
*ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥*
*ਪਾਰਬ੍ਰਹਮਿ ਜਿਸੁ ਕੀਨੀ ਦਇਆ ॥*
*ਬਾਹ ਪਕੜਿ ਰੋਗਹੁ ਕਢਿ ਲਇਆ ॥*
*ਤੂਟੇ ਬੰਧਨ ਸਾਧਸੰਗੁ ਪਾਇਆ ॥*

*ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥ ਅੰਗ - ੧੧੪੧*

ਰੋਗ ਦੇ ਗ੍ਰਸੇ ਹੋਏ ਨੂੰ ਕੋਈ ਵੀ ਟਿਕਾਉ ਨਹੀਂ ਹੁੰਦਾ ਪਰ ਇਹ ਸਾਰੇ ਰੋਗ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਦੂਰ ਹੁੰਦੇ ਹਨ। ਜਿਸ ਉਤੇ ਵਾਹਿਗੁਰੂ ਜੀ ਨੇ ਕ੍ਰਿਪਾ ਕਰ ਦਿਤੀ, ਉਹ ਇਨ੍ਹਾਂ ਰੋਗਾਂ ਤੋਂ ਛੁਟ ਜਾਂਦਾ ਹੈ। ਇਹ ਸਾਰੇ ਬੰਧਨ, ਸਾਧੂ ਦੀ ਸੰਗਤ ਪ੍ਰਾਪਤ ਹੋਣ ਨਾਲ ਟੁੱਟ ਕੇ, ਰੋਗ ਦਾ ਨਾਸ਼ ਹੋ ਜਾਂਦਾ ਹੈ। ਸੋ ਇਕ ਕੇਵਲ -

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਅੰਗ - ੧੧੪੦*

ਇਕ ਸਿਰਫ ਸਤਿਗੁਰੂ ਹੈ ਜਿਸ ਨੂੰ ਕੋਈ ਰੋਗ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਦੁਖਾਂ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕੀਤਾ ਹੈ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ੧ ॥*
*ਵੈਦ ਨ ਭੋਲੇ ਦਾਰੂ ਲਾਇ ॥*
*ਦਰਦੁ ਹੋਵੈ ਦੁਖੁ ਰਹੈ ਸਰੀਰ ॥*
*ਐਸਾ ਦਾਰੂ ਲਗੈ ਨ ਬੀਰ ॥ ੧ ॥ ਰਹਾਉ ॥*
*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥*
*ਮਨ ਅੰਧੇ ਕਉ ਮਿਲੈ ਸਜਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ੨ ॥*
*ਚੰਦਨ ਕਾ ਫਲੁ ਚੰਦਨ ਵਾਸੁ ॥*
*ਮਾਣਸੁ ਕਾ ਫਲੁ ਘਟ ਮਹਿ ਸਾਸੁ ॥*
*ਸਾਸਿ ਗਇਐ ਕਾਇਆ ਢਲਿ ਪਾਇ ॥*
*ਤਾ ਕੈ ਪਾਛੈ ਕੋਇ ਨ ਖਾਇ ॥ ੩ ॥*
*ਕੰਚਨ ਕਾਇਆ ਨਿਰਮਲ ਹੰਸੁ ॥*
*ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥*
*ਦੂਖ ਰੋਗ ਸਭਿ ਗਇਆ ਗਵਾਇ ॥*
*ਨਾਨਕ ਛੂਟਸਿ ਸਾਚੈ ਨਾਇ ॥ ਅੰਗ - ੧੨੫੬*

ਇਨ੍ਹਾਂ ਸਾਰੇ ਦੁਖਾਂ ਦਾ ਇਕੋ-ਇਕ ਇਲਾਜ ਵਾਹਿਗੁਰੂ ਦਾ ਨਾਮ ਦਸਿਆ ਹੈ, ਜਿਥੇ ਦੁਨੀਆਂ ਨੂੰ ਦਸਦੇ ਹਨ ਕਿ ਸਾਰੇ ਦੁਖੀ ਹਨ, ਉਥੇ ਆਪ ਬਾਣੀ ਵਿਚ ਫੁਰਮਾਨ ਕਰਦੇ ਹੋਏ ਵੇਰਵਾ ਦਿੰਦੇ ਹਨ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਵ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਦੁਖ ਕਿਉਂ ਪੈਦਾ ਹੁੰਦਾ ਹੈ? ਇਸ ਤੋਂ ਛੁਟਕਾਰਾ ਕਿਵੇਂ ਹੋਵੇ? ਬਹੁਤ ਵੱਡੇ-ਵੱਡੇ ਸਿਆਣੇ ਇਸ ਗੱਲ ਦੀ ਵਿਚਾਰ ਕਰਦੇ ਹਨ।

ਜੋ ਅੱਜ ਹੁਕਮਨਾਮਾ ਆਪ ਨੇ ਸਰਵਣ ਕੀਤਾ ਹੈ ਉਸ ਵਿਚ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਵਿਸਥਾਰ ਸਹਿਤ ਅਸਾਨੂੰ ਸੂਝ ਦਿਤੀ ਹੈ ਕਿ ਦੁਖ ਦਾ ਕਾਰਨ ਕੀ ਹੈ? ਉਸ ਬਾਰੇ ਕੁਝ ਜਾਨਣਾ ਜ਼ਰੂਰੀ ਹੈ।

ਗੁਰੂ ਮਹਾਰਾਜ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ, ਭਾਈ ਬਾਲਾ ਤੇ ਮਰਦਾਨਾ ਸਮੇਤ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਦੀਪਾਲਪੁਰ ਨਗਰ ਦੇ ਨੇੜੇ ਪਹੁੰਚੇ। ਉਸ ਸਮੇਂ ਹਨ੍ਹੇਰਾ ਹੋ ਰਿਹਾ ਸੀ, ਲੋਕ ਆਪੋ ਆਪਣੇ ਕੰਮਾਂ ਤੋਂ ਵਿਹਲੇ ਹੋ ਕੇ ਆਪਣੇ ਘਰਾਂ ਵਲ ਨੂੰ ਪਰਤ ਰਹੇ ਸਨ। ਉਸ ਸਮੇਂ ਇਕ ਸੋਹਣਾ ਦਰਖਤ ਦੇਖ ਕੇ, ਉਸ ਹੇਠ, ਰੈਣ ਬਸੇਰਾ ਕਰਨ ਲਈ ਵਿਚਾਰ ਕਰਦੇ ਹਨ। ਭਾਈ ਬਾਲਾ ਜੀ ਰਾਤ ਭੁੰਜੇ ਹੀ ਸੌਣ ਵਾਸਤੇ ਝਾੜੂ ਨਾਲ ਥਾਂ ਸਾਫ ਕਰ ਰਹੇ ਹਨ ਅਤੇ ਭਾਈ ਮਰਦਾਨਾ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਲਈ ਨਗਰ ਦੇ ਨੇੜੇ ਸਵੱਛ ਜਲ ਦੀ ਤਲਾਸ਼ ਕਰ ਰਹੇ ਹਨ। ਉਹ ਜਲ ਲਿਆ ਕੇ ਥਾਂ ਨੂੰ ਛਿੜਕ ਕੇ ਸਾਫ ਕਰਨਾ ਚਾਹੁੰਦੇ ਹਨ। ਭਾਈ ਬਾਲਾ ਜੀ ਨੇ ਦੂਰ ਤਕ ਝਾੜੂ ਦੇ ਦਿਤਾ।

*'ਚਲਦਾ..........।'*

# ਗੁਰ ਕੀ ਪ੍ਰਤੀਤ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

(*ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ - 36*)

ਸੋ ਉਸ ਵੇਲੇ ਇਹਨੇ ਗੱਲ ਸਮਝ ਲਈ, ਫੁਰਨਾ ਨਹੀਂ ਹੁਣ ਆਉਣ ਦਿੰਦਾ।

ਐਨੇ ਨੂੰ ਇਕ ਬ੍ਰਾਹਮਣ ਆਇਆ, ਉਹਨੇ ਆ ਕੇ ਫਰਿਆਦ ਕਰੀ ਕਿ ਰਾਜਨ! ਡਾਕੂਆਂ ਨੇ ਮੇਰੇ ਲੜਕੇ ਦੀ ਬਰਾਤ ਲੁੱਟ ਲਈ। ਸਭ ਧਨ ਖੋਹ ਲਿਆ, ਗਹਿਣੇ ਖੋਹ ਲਏ। ਛੇਤੀ ਕਰੋ ਨੇੜੇ ਹੀ ਨੇ। ਮਦਦ ਭੇਜੋ, ਰਾਜਾ ਚੁੱਪ ਕਰਿਆ ਖੜ੍ਹੈ। 15 ਮਿੰਟ ਉਹ ਬੋਲੀ ਗਿਆ। 15 ਮਿੰਟ ਬਾਅਦ ਉਹਨੂੰ ਗੁੱਸਾ ਆ ਗਿਆ, ਉਹਨੇ ਗਾਲ੍ਹਾਂ ਕੱਢਣੀਆਂ, ਨਿਰਾਦਰ ਕਰਨਾ ਸ਼ੁਰੂ ਕਰ ਦਿਤਾ। ਬਹੁਤ ਕੜਵੇ ਵਾਕ ਜਿਹੜੇ ਕੋਈ ਨਹੀਂ ਸੀ ਸਹਿ ਸਕਦਾ, ਉਹ, ਉਸ ਨੇ ਕਹਿਣੇ ਸ਼ੁਰੂ ਕਰ ਦਿਤੇ। ਉਹ ਉਵੇਂ ਜਿਵੇਂ ਚੁੱਪ ਕਰਿਆ ਖੜ੍ਹੈ ਤੇ ਅਸ਼ਟਾਵਕਰ ਦੇਖ ਰਿਹੈ। ਚਿਹਰੇ ਦੇ ਭਾਵ ਲਾ ਰਿਹੈ ਕਿ ਇਹਦੇ ਚਿਹਰੇ 'ਤੇ ਕੋਈ ਬਦਲੀ ਆਉਂਦੀ ਹੈ ਕਿ ਨਹੀਂ ਆਉਂਦੀ। ਦੇਖਿਆ ਕਿ ਇਹ ਤਾਂ ਪ੍ਰਮ ਸ਼ਾਂਤ ਹੋਇਆ ਖੜ੍ਹੈ। ਫੁਰਨਾ ਆਉਣ ਹੀ ਨਹੀਂ ਦੇ ਰਿਹਾ। ਜੇ ਫੁਰਨਾ ਹੀ ਨਹੀਂ ਆਉਣਾ ਤਾਂ ਅਗਾਂਹਾਂ ਗੱਲ ਨਹੀਂ ਬਣਨੀ।

ਉਸ ਤੋਂ ਬਾਅਦ ਅੱਧੇ ਘੰਟੇ ਬਾਅਦ ਉਹਨੇ ਕਿਹਾ ਰਾਜਨ! ਕੁਛ ਅਨੁਭਵ ਹੋਇਆ, ਫੁਰਨੇ ਤੋਂ ਅਗਾਂਹਾਂ? ਫੁਰਨੇ ਤੋਂ ਅਗਾਂਹਾਂ ਜਿਹੜੀ ਪਰਮ ਸ਼ਾਂਤ ਅਵਸਥਾ ਹੈ, ਇਹ ਜੋਤੀ ਹੈ। ਜਿੰਨਾਂ ਕੁਛ ਤੈਨੂੰ ਨਜ਼ਰ ਆਉਂਦੈ, ਇਹਦੇ ਉਹਲੇ ਉਹ ਜੋਤੀ ਹੈ। ਜਿਹਦਾ ਗਿਆਨ ਤੂੰ ਚਾਹੁੰਦਾ ਹੈਂ, ਉਹ ਪਰੀਪੂਰਨ ਪ੍ਰਮੇਸ਼ਰ ਦੀ ਜੋਤ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।*
*ਅਕਾਲ ਉਸਤਤਿ*

ਇਹ ਜੋਤੀ ਦੇ ਵਿਚ ਲੀਨ ਹੋਣਾ ਹੀ ਗਿਆਨ ਹੋਇਆ ਕਰਦੈ। ਇਹਦਾ ਹੀ ਗਿਆਨ ਹੁੰਦੈ, ਗੱਲਾਂ ਦਾ ਗਿਆਨ ਨਹੀਂ ਹੁੰਦਾ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਅੰਗ - ੪੬੫*

ਸੋ ਉਸ ਵੇਲੇ ਕਹਿਣ ਲੱਗੇ, ਅੱਛਾ, ਤਖ਼ਤ 'ਤੇ ਬੈਠ ਚੱਲ ਕੇ, ਘੋੜਾ ਛੱਡ ਦਿਤਾ। ਗੁਰੂ ਦਖਸ਼ਣਾ ਪਹਿਲਾਂ ਦੇ ਦਿਤੀ, ਹੁਣ ਨਮਸ਼ਕਾਰ ਵੀ ਨਹੀਂ ਕਰਦਾ, ਕਿਉਂਕਿ ਮਨ ਆਪਣਾ ਹੋਵੇ ਤਾਂ ਨਮਸ਼ਕਾਰ ਕਰੇ। ਜਿਵੇਂ ਪੁਤਲੀ ਬਿਠਾ ਦਿਤੀ ਜਾਂਦੀ ਹੈ, ਇਸ ਤਰ੍ਹਾਂ ਬਿਠਾ ਦਿਤਾ ਤਖ਼ਤ 'ਤੇ। ਦੇਖਿਆ ਕਿ ਅਜੇ ਵੀ ਫੁਰਨਾ ਨਹੀਂ ਇਹਨੂੰ ਕੋਈ ਆਉਂਦਾ, ਜਾ ਕੇ ਬਹਿ ਗਿਆ। ਹੁਕਮ ਮੰਨਿਆ।

ਉਸ ਵੇਲੇ ਅਸ਼ਟਾਵਕਰ ਕਹਿਣ ਲੱਗਿਆ, ਰਾਜਨ! ਆਹ ਮਨ ਜਿਹੜਾ ਤੇਰਾ, ਮੇਰੇ ਕੋਲ ਅਮਾਨਤ ਹੈ, ਤੂੰ ਮੈਨੂੰ ਦਿਤਾ ਹੈ ਹੁਣ ਮੈਂ ਤੈਨੂੰ ਅਮਾਨਤ ਦੇ ਤੌਰ 'ਤੇ ਮੋੜਦਾ ਹਾਂ। ਇਹਨੂੰ ਆਪਣਾ ਨਾ ਬਣਾਈਂ ਕਦੇ ਵੀ ਕਿਉਂਕਿ ਤੂੰ ਰਾਜ ਕਰਨ ਜਾਣਦਾ ਹੈਂ, ਇਹਦੀ ਮਦਦ ਦੇ ਨਾਲ ਤੂੰ ਰਾਜ ਕਰ। ਮਾਇਆ ਦੇ ਵਿਚ ਲਿਪਤ ਨਹੀਂ ਹੋਣਾ -

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ॥  ਭਾਈ ਗੁਰਦਾਸ ਜੀ*

ਕੋਈ ਮਾਇਆ ਦਾ, ਨਾ ਚੇਤਨ ਮਾਇਆ ਦਾ, ਨਾ ਸੂਖਸ਼ਮ ਮਾਇਆ ਦਾ, ਨਾ ਜੜ੍ਹ ਮਾਇਆ ਦਾ, ਨਾ ਅਗਿਆਨਤਾ ਦੀ ਮਾਇਆ ਦਾ, ਉਹਦੇ ਉਤੇ ਕੋਈ ਅਸਰ ਹੀ ਨਹੀਂ ਹੁੰਦਾ।

ਸੋ ਮਹਾਰਾਜ ਕਹਿੰਦੇ, ਜੇ ਤੂੰ ਸਿੱਖ ਬਣਨਾ ਚਾਹੁੰਦਾ ਹੈਂ ਪ੍ਰੇਮੀਆਂ! -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥  ਅੰਗ- ੨੮੬*

ਗੁਰੂ ਦੀ ਆਗਿਆ ਮਨ ਵਿਚ ਸਹਿਨ ਕਰੇ -

*ਆਪਸ ਕਉ ਕਰਿ ਕਛੁ ਨ ਜਨਾਵੈ ॥  ਅੰਗ- ੨੮੬*

ਆਪਣੇ ਆਪ ਨੂੰ ਨਾ ਕੁਛ ਕਰਕੇ ਜਨਾਵੇ -

*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥  ਅੰਗ - ੨੮੬*

ਸਦਾ ਹੀ ਪ੍ਰਮੇਸ਼ਰ ਦੇ ਨਾਮ ਦਾ ਧਿਆਨ ਹਿਰਦੇ ਵਿਚ ਰੱਖੇ ਕਿਉਂਕਿ ਆਪਣਾ ਆਪ ਤਾਂ ਵੇਚ ਦਿਤਾ-

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥  ਅੰਗ - ੨੮੬*

ਜਿਹਨੇ ਮਨ ਵੇਚ ਦਿਤਾ ਉਹਦੇ ਕਾਰਜ ਰਾਸ

ਹੋ ਜਾਣਗੇ। ਸਭ ਤੋਂ ਵੱਡਾ ਕਾਰਜ ਹੈ ਪ੍ਰਮੇਸ਼ਰ ਨੂੰ ਮਿਲਣਾ, ਬਾਕੀ ਕਾਰਜ ਤਾਂ ਇਹਦੇ ਪਿੱਛੇ ਆਪੇ ਹੀ ਹੋ ਜਾਂਦੇ ਨੇ। ਪ੍ਰਮੇਸ਼ਰ ਨੂੰ ਮਿਲਣ ਦਾ ਜੇ ਵੱਡਾ ਕਾਰਜ ਹੋ ਜਾਵੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ- ੬੪੯*

ਠੇਡੇ ਮਾਰਦੇ ਨੇ ਸਿੱਧੀਆਂ ਨੂੰ ਕਿ ਮੈਂ ਕੀ ਲੈਣਾ ਹੈ, ਮੈਨੂੰ ਨਹੀਂ ਲੋੜ ਹੈ ਇਹਨਾਂ ਗੱਲਾਂ ਦੀ। ਸੋ ਸਾਰੇ ਕਾਰਜ ਰਾਸ ਹੋ ਜਾਂਦੇ ਨੇ। ਪ੍ਰਮੇਸ਼ਰ ਨੂੰ ਮਿਲਣ ਦਾ ਜੋ ਕਾਰਜ ਹੈ -

*ਸੇਵਾ ਕਰਤ ਹੋਇ ਨਿਹਕਾਮੀ ॥* *ਅੰਗ - ੨੮੬*

ਸੇਵਾ ਕਰਦਾ ਰਹੇ, ਕੋਈ ਕਾਮਨਾ ਨਾ ਕਰੇ। ਫੇਰ ਕਹਿੰਦੇ, ਉਹਨੂੰ ਮਿਲਦਾ ਵੀ ਹੈ ਕੁਛ? ਕਾਮਨਾ, ਨਾ ਤਾਂ ਅਸੀਂ ਸੰਸਾਰ ਮੰਗਦੇ ਹਾਂ ਕਿ ਬਿਮਾਰੀ ਦੂਰ ਹੋ ਜਾਵੇ, ਮੈਨੂੰ ਨੌਕਰੀ ਮਿਲ ਜਾਵੇ, ਮੈਨੂੰ ਆਹ ਮਿਲ ਜਾਵੇ, ਸਾਡਾ ਘਰ ਪੈ ਜਾਵੇ, ਬੇਅੰਤ ਚੀਜ਼ਾਂ ਅਸੀਂ ਮੰਗਦੇ ਹਾਂ, ਮੇਰੀ ਤਰੱਕੀ ਹੋ ਜਾਵੇ। ਮਹਾਰਾਜ ਕਹਿੰਦੇ, ਸਭ ਤੋਂ ਵੱਡੀ ਚੀਜ਼ ਤੈਨੂੰ ਮਿਲ ਜਾਏਗੀ-

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥* *ਅੰਗ - ੨੮੬*

ਵਾਹਿਗੁਰੂ ਮਿਲ ਜਾਂਦੈ -

*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥* *ਅੰਗ - ੨੮੭*

ਗੁਰੂ ਦੀ ਮੱਤ ਜਿਹਦੇ ਅੰਦਰ ਆ ਗਈ, ਉਹ ਗੁਰੂ ਦੇ ਨਾਲ ਓਤ-ਪੋਤ ਹੋ ਜਾਇਆ ਕਰਦੈ, ਰਲ ਜਾਇਆ ਕਰਦੈ ਕਿਉਂਕਿ ਉਹਦਾ ਵਜੂਦ ਵੱਖਰਾ ਨਹੀਂ ਰਹਿੰਦਾ। ਉਹ ਗੁਰੂ 'ਚ ਸਮਾਅ ਜਾਇਆ ਕਰਦੈ, ਅਭੇਦ ਅਵਸਥਾ ਦਾ ਗੁਰਸਿੱਖ ਬਣ ਜਾਂਦਾ ਹੈ, ਉਹ। ਅਭੇਦ ਅਵਸਥਾ ਦੇ ਸਿੱਖ ਦੇ ਨਾਲ ਹਰ ਵਕਤ ਗੁਰੂ ਰਹਿੰਦੈ। ਪ੍ਰਮੇਸ਼ਰ ਰਹਿੰਦਾ ਹੈ ਕਿਉਂਕਿ ਗੁਰੂ ਤਾਂ ਕਹਿਣ ਵਾਸਤੇ ਅੱਡ ਨਜ਼ਰ ਆਉਂਦੈ। ਸਾਨੂੰ ਭਾਵਨਾ ਹੋ ਜਾਂਦੀ ਹੈ ਕਿ ਗੁਰੂ ਹੋਰ ਹੈ, ਰੱਬ ਹੋਰ ਹੈ। ਪ੍ਰਮੇਸ਼ਰ ਤੇ ਗੁਰੂ ਇੱਕੋ ਹੀ ਹੁੰਦੈ, ਹਰ ਵਕਤ ਪ੍ਰਮੇਸ਼ਰ ਨਾਲ ਰਹਿੰਦੈ। ਮਹਾਰਾਜ ਕਹਿੰਦੇ, ਉਹਦੀ ਜ਼ੁਬਾਨ ਦੇ ਉਤੇ ਪ੍ਰਮੇਸ਼ਰ ਹੀ ਬੋਲਿਆ ਕਰਦੈ। ਫਰਕ ਨਹੀਂ ਹੋਇਆ ਕਰਦਾ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ- ੩੯੭*

ਉਹਨਾਂ ਦੀ ਰਸਨਾ 'ਤੇ ਜੋ ਬੋਲ ਹੁੰਦੈ, ਉਸ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*
*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥* *ਅੰਗ- ੨੬੩*

ਕਿਉਂ ਵਸਦੈ? ਕਿਉਂਕਿ ਉਹ ਅਭੇਦ ਅਵਸਥਾ ਦਾ ਹੁੰਦੈ। ਆਪਣੇ ਆਪ ਨੂੰ ਕੁਛ ਕਰਕੇ ਨਹੀਂ ਦਿਖਾਉਂਦਾ ਹੈ। ਮਨ ਵੇਚਿਆ ਹੋਇਐ, ਗੁਰੂ ਵਿਚ ਰਹਿੰਦਾ ਹੈ ਹਰ ਵਕਤ। ਗੁਰੂ ਦੀ ਆਗਿਆ ਮੰਨਦਾ ਹੈ ਹਰ ਵਕਤ।

ਸੋ ਭਾਈ ਜੋਗਾ ਸਿੰਘ ਨੂੰ ਜਦੋਂ ਗੁਰੂ ਦਸ਼ਮੇਸ਼ ਪਿਤਾ ਨੇ ਪੁੱਛਿਆ, ਕਹਿਣ ਲੱਗਿਆ, ਪਾਤਸ਼ਾਹ! ਮੈਂ ਤਾਂ ਆਪ ਦਾ ਅਨੁਸਾਰੀ ਹਾਂ। ਆਪ ਜੋ ਹੁਕਮ ਕਰੋਗੇ ਮੈਂ ਉਹ ਵਜਾ ਲਿਆਵਾਂਗਾ। ਹੋਰ ਮੈਂ ਕਿਸੇ ਦੀ ਕੋਈ ਗੱਲ ਨਹੀਂ ਮੰਨਦਾ। ਚਾਹੇ ਮਾਂ ਕਹੇ, ਚਾਹੇ ਪਿਉ ਕਹੇ। ਕੋਈ ਕੁਛ ਕਹੇ। ਆਪ ਆਗਿਆ ਦੇਵੋ।

ਸੋ ਮਹਾਰਾਜ ਨੇ ਉਹਦੇ ਮਾਂ-ਬਾਪ ਨੂੰ ਭੇਜ ਦਿਤਾ ਕਿ ਤੁਸੀਂ ਜਾਓ ਭਾਈ, ਅਸੀਂ ਬਾਅਦ 'ਚ ਭੇਜਾਂਗੇ ਇਸ ਨੂੰ।

ਉਸ ਵੇਲੇ ਜੋਗਾ ਸਿੰਘ ਨੂੰ ਇਕ ਦਿਨ ਕਹਿਣ ਲੱਗੇ, ਜੋਗਾ ਸਿੰਘਾ! ਸਾਡੀ ਰਜ਼ਾ ਹੈ ਕਿ ਤੂੰ ਜਾ ਕੇ ਸ਼ਾਦੀ ਕਰ ਲੈ। ਉਸ ਵੇਲੇ ਮਨ ਵਿਚ ਖਿਆਲ ਆ ਗਿਆ, ਛੁੱਟੀ ਲਈ ਮਹਾਰਾਜ ਤੋਂ ਤੇ ਆਪਣੇ ਨਗਰ ਨੂੰ ਚਾਲੇ ਪਾ ਦਿਤੇ। ਆਮ ਤੌਰ 'ਤੇ ਇਹ ਬਹੁਤ ਵਾਰੀ ਗੁਰਸਿੱਖਾਂ ਨੂੰ ਕਿਹਾ ਕਰਦੇ ਸੀ ਕਿ ਸਿੱਖ ਤਾਂ ਓਹੀ ਹੈ, ਜਿਹੜਾ ਗੁਰੂ ਦਾ ਹੁਕਮ ਮੰਨੇ। ਜਿਹੜਾ ਆਗਿਆ ਨਹੀਂ ਮੰਨਦਾ, ਉਹ ਕਾਹਦਾ ਸਿੱਖ ਹੈ। ਸੋ ਇਹ ਦੇਖਣ ਵਾਸਤੇ ਕਿ ਮਹਾਰਾਜ ਨੇ, ਕਿਉਂਕਿ ਕਸਵੱਟੀ ਜਿੰਨਾਂ ਚਿਰ ਨਹੀਂ ਲਗਦੀ ਓਨਾਂ ਚਿਰ ਪਾਸ ਨਹੀਂ ਹੋਇਆ ਕਰਦਾ -

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*
*ਅੰਗ - ੯੪੮*

ਚਲਿਆ ਜਾਂਦਾ ਹੈ ਤੇ ਜਾ ਕੇ ਵਿਆਹ ਦੀ ਤਿਆਰੀ ਹੋ ਜਾਂਦੀ ਹੈ ਤੇ ਨਾਲ ਇਕ ਗੁਰਸਿੱਖ ਹੋਰ ਭੇਜ ਦਿਤਾ। ਉਹਦੇ ਹੱਥ ਵਿਚ ਆਪਣੇ ਵਲੋਂ ਇਕ ਹੁਕਮਨਾਮਾ ਲਿਖ ਕੇ ਦੇ ਦਿਤਾ ਕਿ ਭਾਈ ਜੋਗਾ ਸਿੰਘਾ! ਜਦੋਂ ਤੈਨੂੰ ਇਹ ਤੈਨੂੰ ਹੁਕਮਨਾਮਾ ਮਿਲੇ, ਜਿਹੜਾ ਪੈਰ ਤੂੰ ਚੁੱਕਿਆ ਹੋਇਐ, ਉਹ ਗੁਰੂ ਵੱਲ

ਨੂੰ ਧਰਨਾ ਹੈ, ਹੋਰ ਪਾਸੇ ਨਹੀਂ ਧਰਨਾ। ਗੁਰਸਿੱਖ ਨੂੰ ਸਮਝਾ ਦਿਤਾ ਕਿ ਜਦੋਂ ਇਹ ਲਾਵਾਂ ਲੈਂਦਾ ਹੋਵੇ, ਦੋ ਲਾਵਾਂ ਲੈ ਚੁੱਕੇ, ਉਸ ਵੇਲੇ ਫੜਾ ਦੇਵੀਂ।

ਘਰ 'ਚ ਬੜੀਆਂ ਖੁਸ਼ੀਆਂ ਨੇ, ਬਰਾਤ ਗਈ ਹੋਈ ਹੈ। ਵਿਆਹ ਦੀ ਤਿਆਰੀ ਹੋਈ-ਹੋਈ ਹੈ। ਇਹ ਗੁਰਸਿੱਖ ਵੀ ਵਿਚ ਬੈਠਾ ਹੈ ਤੇ ਜਦੋਂ ਦੋ ਲਾਵਾਂ ਲੈ ਲੈਂਦੈ, ਉਸ ਵੇਲੇ ਉਹ ਹੁਕਮਨਾਮਾ ਉਸ ਨੂੰ ਫੜਾ ਦਿਤਾ ਜਾਂਦੈ। ਭਾਈ (ਸਿੰਘ) ਨੇ ਉਥੇ ਹੀ ਖੜ੍ਹ ਕੇ ਹੁਕਮਨਾਮਾ ਪੜ੍ਹਿਆ, ਪੜ੍ਹਦੇ ਸਾਰ ਜਿਹੜਾ ਪੱਲਾ ਫੜਿਆ ਹੋਇਆ ਸੀ, ਉਹ ਛੱਡ ਦਿਤਾ ਤੇ ਉਸ ਵਿਆਹ ਮੰਡਲ 'ਚੋਂ ਦੂਸਰੇ ਪਾਸੇ ਨੂੰ ਜਿਧਰ ਧਿਆਨ ਧਰਿਆ ਕਿ ਗੁਰੂ ਮਹਾਰਾਜ ਤਾਂ ਏਸ ਪਾਸੇ ਨੇ ਤੇ ਸ੍ਰੀ ਅਨੰਦਪੁਰ ਦਾ ਰੁਖ ਕਰਕੇ ਪਹਿਲਾ ਕਦਮ ਪੁੱਟ ਲਿਆ। ਪਾਸ ਹੋ ਗਿਆ ਸਿੱਖੀ ਦੇ ਇਮਤਿਹਾਨ 'ਚੋਂ।

ਬੜਾ ਵੱਡਾ ਦਿਲ ਸੀ ਉਸਦਾ। ਅਗਰ ਮਗਰ ਉਸ ਨੇ ਕੁਛ ਨਹੀਂ ਕਰੀ ਕਿ ਇਹਦਾ ਮਤਲਬ ਤਾਂ ਗੁਰੂ ਸਾਹਿਬ ਦਾ ਇਹ ਹੈ ਕਿ ਛੇਤੀ ਆ ਜਾਏ। ਅਸੀਂ ਤਾਂ ਇਹੀ ਕਹਿੰਦੇ ਕਿ ਛੇਤੀ ਆਉਣ ਦਾ ਹੁਕਮ ਹੈ। ਦੋ ਲਾਵਾਂ ਨੂੰ ਕਿੰਨਾਂ ਚਿਰ ਲਗਦੈ। ਕਿੱਥੇ ਸ੍ਰੀ ਅਨੰਦਪੁਰ ਸਾਹਿਬ ਤੇਜ਼ ਰਫਤਾਰ ਘੋੜਾ ਲੈ ਕੇ ਮੈਂ ਪਹੁੰਚ ਜਾਵਾਂਗਾ। ਸਾਰੇ ਹਟਾਉਂਦੇ ਨੇ ਕਿ ਜੋਗਾ ਸਿੰਘਾ! ਇਹ ਕੀ ਕਰਨ ਲੱਗਿਆ ਹੈਂ? ਕਹਿੰਦਾ, ਗੁਰੂ ਦਾ ਹੁਕਮ ਆ ਗਿਆ ਕਿ ਅਗਲਾ ਪੈਰ ਹੋਰ ਪਾਸੇ ਨਾ ਪੁੱਟੀਂ, ਮੇਰੇ ਵਲ ਨੂੰ ਪੁੱਟੀਂ। ਸੋ ਮੈਂ ਹੁਕਮਨਾਮਾ ਪੜ੍ਹ ਲਿਆ ਹੈ, ਆਹ ਮੇਰਾ ਪਟਕਾ ਲੈ ਲਓ, ਇਹਦੇ ਨਾਲ ਤੁਸੀਂ ਫੇਰੇ ਦੇ ਦਿਓ, ਜਿਹੜੀ ਵਿਆਹ ਦੀ ਬਾਕੀ ਰਸਮ ਰਹਿੰਦੀ ਹੈ ਤੇ ਮੈਂ ਹੁਣ ਨਹੀਂ ਰਹਿਣਾ। ਬੜਾ ਸਮਝਾਉਂਦੇ ਨੇ ਕਿ ਕਿੱਥੇ ਸ੍ਰੀ ਅਨੰਦਪੁਰ ਸਾਹਿਬ, ਕਿੰਨਾਂ ਕੁ ਫਰਕ ਪੈ ਜਾਏਗਾ, ਉਸ ਤੋਂ ਵੀ ਅਸੀਂ ਲੇਟ ਕੱਢ ਦੇਵਾਂਗੇ, ਤੇਜ਼ ਘੋੜੇ ਦੇ ਕੇ।

ਨਹੀਂ ਮੰਨਦਾ। ਈਮਾਨਦਾਰੀ ਨਾਲ ਜਦੋਂ ਹੁਕਮ ਮੰਨ ਕੇ ਚੱਲ ਪੈਂਦੈ। ਮੰਜ਼ਿਲ-ਦਰ-ਮੰਜ਼ਿਲ ਚਲਿਆ ਆਉਂਦੈ। ਜਦੋਂ ਲਾਹੌਰ ਤਕ ਪਹੁੰਚਿਆ, ਉਥੇ ਆ ਕੇ ਮਨ ਜਿਉਂਦਾ ਹੋ ਗਿਆ, ਗੁਰੂ ਤੋਂ ਵਾਪਸ ਹੋ ਗਿਆ ਮਨ। ਆਪਣਾ ਬਣ ਗਿਆ ਮਨ। ਆਪਣਾ ਬਣਦੇ ਸਾਰ ਇਸ ਮਨ ਨੇ ਧੋਖਾ ਦਿਤਾ। ਮਨ ਨੇ ਕਿਹਾ, ਜੋਗਾ ਸਿੰਘਾ! ਤੇਰੇ ਵਰਗਾ ਵੀ ਕੋਈ ਸਿੱਖ ਹੈ? ਨਿਗ੍ਹਾ ਮਾਰਦਾ ਹੈ ਸਾਰੇ ਸਿੱਖਾਂ 'ਚ ਕਿ ਇਹੋ ਜਿਹਾ ਸਿੱਖ ਤਾਂ ਕੋਈ ਨਹੀਂ ਜਿਹੜਾ ਜੁਆਨੀ ਦੀ ਉਮਰ 'ਚ ਹੋਵੇ ਤੇ ਫੇਰ ਲਾਵਾਂ ਲੈਂਦਾ-ਲੈਂਦਾ ਛੱਡ ਦੇਵੇ। ਇਹ ਮਾਣ ਜਿਹੜਾ ਹੈ ਇਹ ਗੁਰੂ ਨਾਲੋਂ ਤੋੜ ਦਿੰਦਾ ਹੈ। ਇਹਦੇ 'ਚ ਲਿਵ ਟੁੱਟ ਜਾਂਦੀ ਹੈ। ਇਸੇ ਕਰਕੇ ਗੁਰੂ ਨੇ ਸਾਨੂੰ ਸੋਝੀ ਦੇਣ ਵਾਸਤੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਤੇਰਾ ਮਾਣ-ਤੇਰਾ ਮਾਣ ਜੀ,*
*ਗੁਰਾਂ ਨੂੰ ਨਾ ਭਾਵੇ ਤੇਰਾ ਮਾਣ ਜੀ।*
*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅੰਗ - ੧੦੮੯*

ਬੜੀਆਂ ਸਾਖੀਆਂ ਆਉਂਦੀਆਂ ਨੇ ਵੇਦਾਂ ਦੇ ਅੰਦਰ, ਉਪਨਿਸ਼ਦਾਂ ਦੇ ਅੰਦਰ, ਹੋਰ ਧਾਰਮਿਕ ਗ੍ਰੰਥਾਂ ਦੇ ਅੰਦਰ, ਜਿਥੇ ਮਾਣ ਵਾਲਾ ਗਿਰਿਆ ਹੈ। 'ਹੰਕਾਰਿਆ ਸੋ ਮਾਰਿਆ' ਬਹੁਤ ਅਖਾਣ ਨੇ। ਮਹਾਰਾਜ ਕਹਿੰਦੇ ਨੇ -

*ਊਚਾ ਚੜੈ ਸੁ ਪਵੈ ਪਇਆਲਾ ॥*
*ਧਰਨਿ ਪੜੈ ਤਿਸੁ ਲਗੈ ਨ ਕਾਲਾ ॥ ਅੰਗ- ੩੨੪*

ਜਿਹੜਾ ਉੱਚਾ ਚੜ੍ਹਦੈ, ਆਪਣੇ ਆਪ ਨੂੰ ਉੱਚਾ ਚੜ੍ਹਾਉਂਦੈ, ਉੱਚਾ ਗਿਣਦੈ, ਕਹਿੰਦੇ ਉਹ ਥੱਲੇ ਵੀ ਗਿਰਿਆ ਕਰਦੈ। ਜਿਹੜਾ ਨਿਮਰਤਾ ਵਿਚ ਰਹਿੰਦੈ, ਉਹਨੂੰ ਥੱਲੇ ਗਿਰਨ ਨੂੰ ਥਾਉਂ ਹੀ ਨਹੀਂ ਹੈ ਕੋਈ। ਜਿਹਨੇ ਇਹ ਕਹਿ ਲਿਆ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਉਸ ਤੋਂ ਅੱਗੇ ਤਾਂ ਥਾਉਂ ਹੀ ਨਹੀਂ ਕੋਈ ਹੈ। ਉਹ ਤਾਂ ਆਖਰੀ ਲਾਈਨ 'ਚ ਖੜ੍ਹਾ ਹੈ। ਸੋ ਮਾਣ ਜਿਹੜਾ ਹੈ ਇਹ ਇਕ ਮਨ ਦੀ ਸਥਿਤੀ ਹੈ ਇਹਦਾ ਅਸਰ ਕੀ ਹੁੰਦੈ? ਪ੍ਰਮੇਸ਼ਰ ਨਾਲੋਂ ਦੂਰ ਚਲਿਆ ਜਾਂਦੈ। ਕਿਉਂਕਿ ਮਾਣ ਦੇ ਨਾਲ ਹੀ ਅਸੀਂ ਵਾਹਿਗੁਰੂ ਨਾਲੋਂ ਟੁੱਟੇ ਹੋਏ ਹਾਂ। ਮਾਣ ਦਾ ਹੀ ਜਿਹੜਾ ਵਿਗੜਿਆ ਹੋਇਆ ਰੂਪ ਹੈ, ਉਹਨੂੰ ਹਉਮੈ ਕਹਿੰਦੇ ਨੇ। ਆਪਣੇ ਆਪ ਨੂੰ ਸਮਝਣਾ ਇਹ ਭੱਦਾ ਰੂਪ ਹੈ ਕਿ ਮੈਂ ਪੜ੍ਹਿਆ ਹੋਇਆ ਹਾਂ, ਮੈਂ ਵੱਡਾ ਵਿਦਵਾਨ ਹਾਂ, ਮੈਂ ਬੜਾ ਕੀਰਤਨ ਕਰਦਾ ਹਾਂ, ਮੈਂ ਬਹੁਤ ਸਾਧਨ ਕਰੇ ਨੇ, ਮੈਂ ਬੜੇ ਤਪ ਕਰੇ ਨੇ। ਇਹ ਸਾਰੀਆਂ ਚੀਜ਼ਾਂ ਮਾਣ ਦੀਆਂ ਨੇ। ਜਿਹੜਾ ਸੋਝੀ ਵਾਲਾ ਹੈ ਉਹ ਕਹਿੰਦਾ ਮੈਂ ਤਾਂ ਕੁਛ ਕਰਿਆ ਹੀ ਨਹੀਂ, ਕਰਾ ਲਿਆ ਮੇਰੇ ਤੋਂ, ਹੋ ਗਿਆ ਇਸ ਸਰੀਰ ਤੋਂ -

*ਕਬੀਰ ਨਾ ਹਮ ਕੀਆ ਨ ਕਰਹਿਗੇ*
*ਨਾ ਕਰਿ ਸਕੈ ਸਰੀਰੁ ॥*

*ਕਿਆ ਜਾਨਉ ਕਿਛੁ ਹਰਿ ਕੀਆ*
*ਭਇਓ ਕਬੀਰੁ ਕਬੀਰੁ ॥* *ਅੰਗ - ੧੩੬੭*

ਕਹਿੰਦੇ, ਨਾ ਕੁਛ ਕੀਤਾ ਹੈ, ਨਾ ਕਰ ਸਕਦੇ ਹਾਂ ਪਤਾ ਨਹੀਂ ਇਹ ਕੀ ਹੋ ਗਿਆ ਕਿ ਲੋਕ ਕਬੀਰ-ਕਬੀਰ ਕਰੀ ਜਾਂਦੇ ਨੇ ਕਿਉਂਕਿ ਮਾਣ ਨਹੀਂ ਸੀਗਾ। ਸੋ ਇਸ ਤਰ੍ਹਾਂ ਮਾਣ, ਪ੍ਰਮੇਸ਼ਰ ਦੇ ਨਾਲੋਂ ਤੋੜ ਦਿੰਦੈ।

ਉਹ ਜਿਹੜਾ ਭਾਈ ਜੋਗਾ ਸਿੰਘ ਅੰਦਰ ਨਸ਼ਾ ਸੀ ਹੁਕਮ ਮੰਨਣ ਦਾ, ਜਦੋਂ ਲਾਹੌਰ ਤੋਂ ਚਾਲੇ ਪਾਏ, ਉਹ ਨਸ਼ਾ ਉਤਰਨਾ ਸ਼ੁਰੂ ਹੋ ਗਿਆ। ਗੁਰੂ ਦੀ ਥਾਂ ਦੇ ਉਤੇ ਮਾਣ ਆ ਕੇ ਦੁਨੀਆਂ ਆ ਗਈ। ਤੁਲਨਾ ਆ ਗਈ ਕਿ ਫਲਾਣਾ ਸਿੱਖ ਸੀ ਉਹ ਹੁਕਮ ਨਹੀਂ ਮੰਨ ਸਕਿਆ। ਮੈਂ ਮੰਨ ਲਿਆ। ਹੁਣ ਗੁਰੂ ਮਹਾਰਾਜ ਨੂੰ ਇਹਦੀ ਖਬਰ ਪਹੁੰਚ ਜਾਂਦੀ ਹੈ। ਉਹ ਅੰਤਰ ਆਤਮੇ ਖਿੱਚ ਸੀ, ਹਰ ਵਕਤ ਗੁਰੂ ਨੂੰ ਖਿੱਚਦਾ ਸੀ, ਉਹ ਖਿੱਚ ਢਿੱਲੀ ਪੈ ਗਈ।

ਗੁਰੂ ਕੋਈ ਸਿੱਖਾਂ ਨਾਲੋਂ ਦੂਰ ਤਾਂ ਨਹੀਂ ਹੁੰਦਾ ਸਾਧਸੰਗਤ ਜੀ! ਗੁਰੂ ਸਿੱਖਾਂ ਦੇ ਨਾਲ ਰਹਿੰਦੈ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥* *ਅੰਗ- ੩੯੪*

ਗੁਰੂ ਮਹਾਰਾਜ ਨੇ ਜਦੋਂ ਦੇਖਿਆ ਕਿ ਸਿੱਖ ਦੇ ਅੰਦਰ ਮਾਣ ਆ ਗਿਆ ਤੇ ਲਿਵ ਟੁੱਟ ਚੁੱਕੀ ਹੈ ਇਹਦੀ ਤੇ ਉਸ ਵੇਲੇ ਆਪ ਨੇ ਜਿਹੜਾ ਰਾਖੀ ਵਾਲਾ ਹੱਥ ਸੀ ਪਾਸੇ ਕਰ ਲਿਆ ਕਿਉਂਕਿ ਸਾਡੀ ਨੇਕੀ ਇਸ ਕਰਕੇ ਦਿਸਦੀ ਹੈ ਕਿ ਗੁਰੂ ਦਾ ਹੱਥ ਹੈ ਸਾਡੇ ਸਿਰ 'ਤੇ ਜੇ ਗੁਰੂ ਦਾ ਹੱਥ ਨਾ ਹੋਵੇ ਸਾਡੀਆਂ ਨੇਕੀਆਂ ਕਾਹਦੀਆਂ, ਅਸੀਂ ਤਾਂ ਜੀਵ ਹਾਂ ਪਤਾ ਨਹੀਂ ਕਿੱਧਰ ਪਟਕਾ ਕੇ ਮਾਰੇ, ਕਿਹੋ ਜਿਹੇ ਮਾੜੇ ਥਾਂ ਸੁੱਟ ਦੇਵੇ। ਕਿਹੋ ਜਿਹੇ ਮਾੜੇ ਖਿਆਲ ਹੋ ਜਾਣ। ਇਹ ਤਾਂ ਓਹੀ ਰੱਖਦੈ, ਤਾਂ ਅਸੀਂ ਬਚਦੇ ਹਾਂ ਕਿਉਂਕਿ ਉਹਦੇ ਪਰਨੇ ਰਹਿੰਦੈ ਸਿੱਖ, ਜਦੋਂ ਪਰਨੇ ਰਹਿੰਦੈ, ਤਾਂ ਗੁਰੂ ਦਾ ਫਰਜ਼ ਹੈ, ਗੁਰੂ ਉਹਨੂੰ ਬਚਾਉਂਦੈ।

ਉਸ ਵੇਲੇ ਗੁਰੂ ਮਹਾਰਾਜ ਨੇ ਹੱਥ ਖਿੱਚ ਲਿਆ, ਆਪੇ ਹੀ ਤੋੜ ਲਿਆ ਇਸ ਨੇ। ਲਿਵ ਟੁੱਟ ਗਈ, ਗੱਲ ਖਤਮ ਹੋ ਗਈ। ਆਪਣਾ ਤਾਣ ਆ ਗਿਆ। ਆਪਣੇ ਤਾਣ ਦੇ ਉਤੇ ਜਦੋਂ ਮਨ ਆ ਗਿਆ, ਮਨ ਹੈ ਧੋਖਾ ਦੇਣ ਵਾਲੀ ਚੀਜ਼। ਮਨ ਤਾਂ ਅੱਜ ਤਕ ਕਿਸੇ ਦੇ ਵਸ 'ਚ ਨਹੀਂ ਹੋਇਆ, ਜਿਹੜਾ ਕਹਿ ਦੇਵੇ ਕਿ ਵਸ ਹੋ ਜਾਂਦਾ ਹੈ, ਉਹ ਮੂਰਖ ਬੰਦਾ ਹੈ। ਕਿਉਂਕਿ ਮਨ ਤੋਂ ਸਭ ਡਰਦੇ ਨੇ। ਇਹ ਸਾਰਿਆਂ ਨਾਲੋਂ ਮਾੜੀ ਚੀਜ਼ ਹੈ ਲੇਕਿਨ ਇਹ ਜਿਹੜਾ ਮਾਣ ਹੈ, ਇਹ ਛੱਡਦਾ ਵੀ ਕੋਈ ਨਹੀਂ। ਇਸ ਤਰ੍ਹਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਧਾਰਨਾ - ਛੱਡਿਆ ਨਾ ਜਾਵੇ ਮਾਣ ਲੱਗਦੈ ਪਿਆਰਾ।*

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*
*ਅੰਗ - ੧੩੭੨*

ਸਭ ਏਸ ਮਾਣ ਨੇ ਮਾਰ ਲਏ, ਮਾਣ ਬੜੀ ਪਿਆਰੀ ਚੀਜ਼ ਹੈ। ਮਾਣ ਭੋਰਾ ਕੁ ਨਾ ਹੋਵੇ, ਸਾਧੂ ਵੀ ਗੁੱਸੇ ਹੋ ਜਾਂਦੇ ਨੇ। ਮੇਰਾ ਤਾਂ ਜੀ ਮਾਣ ਹੀ ਨਹੀਂ ਕਰਿਆ। ਕੋਈ ਰਿਸ਼ਤੇਦਾਰ ਆ ਜਾਵੇ ਉਹਦਾ ਮਾਣ ਨਾ ਕਰੋ ਗੁੱਸੇ ਹੋ ਜਾਂਦੈ। ਤੋੜਾ, ਵਿਛੋੜਾ ਹੋ ਜਾਂਦੈ। ਮੇਰਾ ਤਾਂ ਜੀ ਕਿਸੇ ਨੇ ਮਾਣ ਹੀ ਨਹੀਂ ਕਰਿਆ, ਮੈਨੂੰ ਤਾ ਕੁੱਤੇ ਜਿੰਨੀ ਵੀ ਮਹੱਤਤਾ ਨਹੀਂ ਦਿਤੀ। ਗੁਰਮਤਿ ਦੇ ਅਨੁਸਾਰ ਚੱਲਣਾ ਕੋਈ ਖੇਡ ਨਹੀਂ ਹੈ, ਬਹੁਤ ਔਖੀ ਚੀਜ਼ ਹੈ, ਸਾਧਸੰਗਤ ਜੀ। ਇਹ ਤਾਂ ਜੇ ਸੱਚੇ ਦਿਲ ਨਾਲ ਆਦਮੀ ਮੰਨ ਲਵੇ, ਗੁਰੂ ਦਾ ਬਚਨ ਮੰਨ ਲਵੇ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਅੰਗ- ੧੩੬੪*

ਜਿਹੜਾ ਸਾਰਿਆਂ ਤੋਂ down ਆ ਗਿਆ ਉਹਨੂੰ ਲੋੜ ਹੀ ਨਹੀਂ ਕਿਸੇ ਸਤਿਕਾਰ ਦੀ, ਨਾ ਮਾਣ ਦੀ। Artist ਦੇ ਵਿਚ ਮਾਣ ਆ ਜਾਂਦੈ ਕਿ ਮੇਰੇ ਵਰਗਾ ਕੋਈ Art ਨਹੀਂ ਜਾਣਦਾ। ਮੇਰੇ ਵਰਗਾ ਕੋਈ ਵਾਜਾ ਨਹੀਂ ਜਾਣਦਾ। ਮੇਰੇ ਵਰਗਾ ਕੋਈ ਰਾਜ ਨਹੀਂ ਜਾਣਦਾ। ਮੇਰੇ ਵਰਗੀ ਕੋਈ ਕਥਾ ਨਹੀਂ ਜਾਣਦਾ। ਆਹ ਮਾਣ ਹੈ ਜਿਹੜਾ ਸਾਰਿਆਂ ਨੂੰ ਖਾ ਜਾਂਦੈ। ਮਾਇਆ ਛੱਡਣੀ ਕੋਈ ਔਖੀ ਨਹੀਂ ਹੈ ਲੇਕਿਨ ਥੋੜ੍ਹਾ ਜਿਹਾ ਵੀ ਨਿਰਾਦਰ ਨਹੀਂ ਸਹਿਨ ਹੁੰਦਾ। ਮਾੜਾ ਜਿਹਾ ਵੀ ਨਿਰਾਦਰ ਕਰ ਦਿਓ, ਜਾਨ ਨਿਕਲ ਜਾਂਦੀ ਹੈ। ਦਿਲ ਫੇਲ੍ਹ ਹੋਣ ਲਗ ਜਾਂਦੈ, ਮਾੜਾ ਜਿਹਾ ਨਿਰਾਦਰ ਹੋਣ 'ਤੇ। ਇਹ ਚੀਜ਼ ਬਹੁਤ ਮਾੜੀ ਹੈ। ਭਜਨ, ਬੰਦਗੀ ਕੀਤੀ ਹੋਈ, ਸਾਰੀਆਂ ਦੇ ਉਤੇ ਪੋਚਾ ਫੇਰ ਦਿੰਦੈ ਇਹ, ਮਾਣ ਖਾ ਰਿਹੈ। ਸੋ ਮਾਣ ਛੱਡਣਾ ਬਹੁਤ ਔਖਾ ਹੈ, ਪਿਆਰਾ ਲਗਦੈ, ਲੇਕਿਨ ਹੈ ਬਹੁਤ ਬੁਰਾ ਤੇ ਮਹਾਰਾਜ ਨੇ ਤਾਂ ਐਸਾ ਵੀ ਫੁਰਮਾਨ ਕੀਤੈ -

*ਧਾਰਨਾ - ਨਰਕਾਂ ਵਿਚ ਜਾਵੇਂਗਾ,*
*ਕਰੀਂ ਨਾ ਮਾਣ ਗਾਫਲਾ।*

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥     ਅੰਗ - ੨੭੮*

ਰਾਜਸੀ ਸ਼ਕਤੀ ਕਿਸੇ ਨੂੰ ਪ੍ਰਾਪਤ ਹੋ ਗਈ। ਕਿਸੇ ਕੁਰਸੀ 'ਤੇ ਬੈਠ ਗਿਆ ਰਾਜਸੀ ਸ਼ਕਤੀ ਧਾਰਨ ਕਰਕੇ ਤੇ ਮਾਣ ਆ ਗਿਆ। ਮਹਾਰਾਜ ਕਹਿੰਦੇ ਪਤਾ ਕੀ ਬਣੂੰ -

*ਸੋ ਨਰਕਪਾਤੀ ਹੋਵਤ ਸੁਆਨੁ ॥     ਅੰਗ- ੨੭੮*

ਕਿੱਡੀ ਸਜ਼ਾ ਮਿਲੀ, ਨਰਕ ਦਾ ਪਾਤਰ ਬਣ ਗਿਆ। ਹੱਕਦਾਰ ਬਣ ਗਿਆ, ਅਧਿਕਾਰੀ ਬਣ ਗਿਆ ਤੇ ਨਾਲ ਜੂਨੀ ਕਿਹੜੀ ਮਿਲੂ? ਮਹਾਰਾਜ ਕਹਿੰਦੇ, ਕੁੱਤੇ ਦੀ ਜੂਨੀ ਮਿਲੂ -

*ਜੋ ਜਾਨੈ ਮੈ ਜੋਬਨਵੰਤੁ ॥     ਅੰਗ - ੨੭੮*

ਜਿਹਨੂੰ ਅਭਿਮਾਨ ਹੋ ਗਿਆ ਕਿ ਮੇਰੇ ਵਰਗਾ ਸੁਨੱਖਾ ਕੋਈ ਨਹੀਂ ਹੈ ਇਹ ਸੁਨੱਖਪੁਣਾ ਕੀ ਹੈ? ਇਹ ਤਾਂ ਵਾਹਿਗੁਰੂ ਦੀ ਦਾਤ ਹੈ। ਵਾਹਿਗੁਰੂ ਦੀ ਜੋਤ ਦਾ ਪ੍ਰਕਾਸ਼ ਹੈ ਤਾਂ ਆਦਮੀ ਸੁਨੱਖਾ ਹੁੰਦੈ ਤੇ ਉਹਨੂੰ ਹੋ ਗਿਆ ਅਭਿਮਾਨ ਕਿ ਮੈਂ ਬਹੁਤ ਜੋਬਨਵੰਤ ਹਾਂ। ਮੈਂ ਬਹੁਤ ਤਕੜਾ ਹਾਂ, ਮਹਾਰਾਜ ਕਹਿੰਦੇ, ਕੀ ਬਣੂੰ ਪਤੈ? -

*ਸੋ ਹੋਵਤ ਬਿਸਟਾ ਕਾ ਜੰਤੁ ॥     ਅੰਗ - ੨੭੮*

ਕਿੱਥੇ ਸੁੱਟ ਦਿਤਾ -

*ਆਪਸ ਕਉ ਕਰਮਵੰਤੁ ਕਹਾਵੈ ॥*
*ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥     ਅੰਗ- ੨੭੮*

ਜਿਹੜਾ ਕਹਿੰਦਾ ਹੈ ਕਿ ਮੈਂ ਕਰਮਾਂ ਵਾਲਾ ਹਾਂ, ਮੇਰੇ ਤਾਂ ਜੀ ਪੁੱਤਰ ਹੀ ਪੁੱਤਰ ਹੋਏ ਨੇ। ਮੇਰੀ ਨੌਂਕਰੀ ਵੀ ਬਹੁਤ ਵਧੀਆ ਹੈ। ਪੈਸਾ ਵੀ ਮੇਰੇ ਕੋਲ ਹੈ, ਮੇਰੇ ਵਰਗਾ ਕਰਮਵੰਤ ਕੌਣ ਹੈ? ਮਹਾਰਾਜ ਕਹਿੰਦੇ, ਪਤੈ ਤੈਨੂੰ? ਜੰਮਦਾ ਰਹੇਂਗਾ, ਮਰਦਾ ਰਹੇਂਗਾ, ਬੇਅੰਤ ਜੂਨੀਆਂ 'ਚ ਜਾਵੇਂਗਾ -

*ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥     ਅੰਗ - ੨੭੮*

ਤਿੰਨ ਗੱਲਾਂ ਮਹਾਰਾਜ ਨੇ ਕਹੀਆਂ ਨੇ, ਕਹਿੰਦੇ, ਨਾਲੇ ਤਾਂ ਮੂਰਖ ਹੈ ਤੇ ਨਾਲੇ ਅੰਨ੍ਹਾ ਹੈ ਤੇ ਨਾਲੇ ਅਗਿਆਨੀ ਹੈ।

*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥     ਅੰਗ - ੨੭੮*

ਸੋ ਜਿਹੜਾ ਮਾਣ ਹੈ ਸਾਧਸੰਗਤ ਜੀ! ਜਦੋਂ ਵੀ ਆਦਮੀ ਗਿਰਦਾ ਹੈ, ਉਸ ਵੇਲੇ ਗਿਰਦੈ, ਜਦੋਂ ਇਹਦੇ ਅੰਦਰ ਮਾਣ ਆ ਜਾਏ। 'ਮੈਂ' ਨੂੰ ਤਾਂ ਗੁਰੂ ਸਾਹਿਬ ਕਹਿੰਦੇ ਨੇ ਹਟਾਉਣਾ ਹੈ। 'ਮੈਂ' ਨਾਲ ਨਹੀਂ ਕੰਮ ਕਰਨਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਰਨਾ ਕਬੂਲ ਲੈ, ਜੀਵਨ ਦੀ ਛੱਡ ਦੇ ਆਸਾ।*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਆਹ ਜਿਹੜਾ ਮਾਣ ਹੈ ਨਾ, ਕਹਿੰਦੇ ਇਹਨੂੰ ਮਰਨਾ ਕਬੂਲ ਪਹਿਲਾਂ। ਸਰੀਰ ਦੇ ਮਰਨ ਕਬੂਲਣ ਨਾਲ ਕੁਛ ਨਹੀਂ ਬਣਦਾ, ਮਾਮੂਲੀ ਗੱਲ ਹੁੰਦੀ ਹੈ ਇਹ ਤਾਂ ਵੱਡੇ-ਵੱਡੇ ਜਿਹੜੇ ਪਾਪ ਕਰਨ ਵਾਲੇ ਬੰਦੇ ਨੇ ਉਹ ਵੀ ਮਰਨਾ ਕਬੂਲ ਲੈਂਦੇ ਨੇ। ਇਹ ਕੋਈ ਬਾਤ ਨਹੀਂ, ਹੈਂਕੜ ਦੀ ਬਾਤ ਹੋਇਆ ਕਰਦੀ ਹੈ। ਮਹਾਰਾਜ ਕਹਿੰਦੇ, ਆਹ ਮਰਨਾ ਨਹੀਂ ਅਸੀਂ ਕਹਿੰਦੇ। ਅਸੀਂ ਕਹਿੰਦੇ ਹਾਂ ਜਿਹੜਾ ਤੇਰੇ 'ਚ ਆਪਾ ਭਾਵ ਹੈ, 'ਮੈਂ' ਬਣਿਆ ਹੋਇਆ ਹੈਂ ਇਹਨੂੰ ਕਬੂਲ ਲੈ ਪਹਿਲਾਂ, ਕਿਉਂਕਿ ਤੂੰ ਹੈਂ ਨਹੀਂ 'ਮੈਂ' ਇਕ ਝੂਠੀ ਚੀਜ਼ ਨੂੰ ਤੂੰ ਆਪਣੇ ਆਪ ਨੂੰ ਬਣਾਈ ਜਾਨੈਂ। ਪਰਛਾਵੇਂ ਨੂੰ ਅਪਣੱਤ 'ਚ ਲਿਆਉਂਨੈ ਤੇ ਜਿਹੜੀ ਅਸਲ ਚੀਜ਼ ਹੈ ਉਹਨੂੰ ਤੂੰ ਦੇਖਦਾ ਵੀ ਨਹੀਂ ਹੈ। ਝੂਠੀ ਮੈਂ ਨੂੰ ਤੂੰ ਮਰਨਾ ਕਬੂਲ ਕਰ ਲੈ। ਸੱਚੀ ਮੈਂ ਪ੍ਰਗਟ ਹੋ ਜਾਏਗੀ ਤਾਂ ਮੇਰੇ ਕੋਲ ਆ।

ਸੋ ਇਸ ਤਰ੍ਹਾਂ ਦੇ ਨਾਲ ਇਹ ਚੀਜ਼ ਹੈ ਓਨੀਂ ਦੇਰ ਤਕ ਆਦਮੀ ਦਾ ਮਾਣ ਨਹੀਂ ਹਟਿਆ ਕਰਦਾ। ਮਾਣ ਸਭ ਤੋਂ ਬੁਰੀ ਚੀਜ਼ ਮਹਾਰਾਜ ਨੇ ਦੱਸੀ ਹੈ। ਸੋ ਮਨ ਵਿਚ ਮਾਣ ਆ ਗਿਆ ਭਾਈ ਜੋਗਾ ਸਿੰਘ ਦੇ। ਮਾਣ ਆਉਣ ਨਾਲ ਕੀ ਹੁੰਦੈ? ਗੁਰੂ ਨਾਲੋਂ ਟੁੱਟ ਜਾਂਦੈ, ਲਿਵ ਟੁੱਟ ਗਈ। ਜਦੋਂ ਲਿਵ ਟੁੱਟ ਗਈ, ਲਿਵ ਦਾ ਰਸ ਜਿਹੜਾ ਸੀ ਉਹ ਖਤਮ ਹੋਣਾ ਸ਼ੁਰੂ ਹੋ ਗਿਆ। ਨਾਮ ਦੀ ਤਾਰ ਟੁੱਟ ਗਈ। ਵਾਹਿਗੁਰੂ-ਵਾਹਿਗੁਰੂ ਦੀ ਜਿਹੜੀ ਧੁਨੀ ਸੁਣ ਰਹੀ ਸੀ ਉਹ ਖਤਮ ਹੋ ਗਈ। ਅੰਦਰ ਅਭਿਮਾਨ ਦੀਆਂ ਗੱਲਾਂ ਚਲਣੀਆਂ ਸ਼ੁਰੂ ਹੋ ਗਈਆਂ। ਮੇਰੇ ਵਰਗਾ ਦੇਖੋ ਕੋਈ ਸਿੱਖ ਨਹੀਂ ਹੈ, ਮੈਂ ਦੇਖੋ ਲਾਵਾਂ ਛੱਡ ਦਿਤੀਆਂ। ਕਿੰਨੀ ਸੁੰਦਰ ਇਸਤ੍ਰੀ ਨੂੰ ਛੱਡ ਕੇ ਜੁਆਨੀ ਦੇ ਵਿਚ ਆਇਆਂ। ਬੇਅੰਤ ਕਿਸਮ ਦੀਆਂ ਮਾੜੀਆਂ, ਚੰਗੀਆਂ ਭਾਵਨਾਵਾਂ ਆਉਣ ਲਗ ਗਈਆਂ ਤੇ ਗੁਰੂ ਮਹਾਰਾਜ ਕਹਿਣਗੇ ਇਹਦੇ ਵਰਗਾ ਤਾਂ ਸਿੱਖ ਹੀ ਕੋਈ ਨਹੀਂ। ਮੈਨੂੰ ਖੜ੍ਹਾ ਕੇ ਮੇਰਾ ਸਤਿਕਾਰ ਕਰਨਗੇ। ਪਿਆਰ ਕਰਨਗੇ।

ਅੱਗੇ ਕੀ ਹੁੰਦੈ, ਹੁਸ਼ਿਆਰਪੁਰ ਚਲਿਆ ਜਾਂਦੈ,

ਜਾ ਕੇ ਇਕ ਥਾਂ ਟਿਕਾਣਾ ਕਰ ਲਿਆ। ਘੋੜਾ ਬੰਨ੍ਹ ਦਿਤਾ। ਅਚਾਨਕ ਨਿਗ੍ਹਾ ਸਾਮ੍ਹਣੇ ਜਾਂਦੀ ਹੈ, ਇਕ ਜਵਾਨ ਵੇਸਵਾ 16-17 ਸਾਲ ਦੀ, ਹਾਵ-ਭਾਵ ਉਸ ਦੇ ਦੇਖੇ। ਚੰਦਰਮੁਖੀ ਦੇਖ ਕੇ ਮਨ ਵਿਚ ਖਿਆਲ ਮਾੜੇ ਆਉਣੇ ਸ਼ੁਰੂ ਹੋ ਗਏ। ਰਹਿਰਾਸ ਸਾਹਿਬ ਭੁੱਲ ਗਿਆ, ਮਾੜੇ ਖਿਆਲ ਅੰਦਰ ਚੱਲ ਪਏ। ਲਿਵ ਨਹੀਂ ਲਗਦੀ, ਤੁਕ ਨਾਲ ਤੁਕ ਨਹੀਂ ਜੁੜਦੀ, ਭੁੱਲਦਾ ਜਾਂਦਾ ਹੈ ਬਾਰ-ਬਾਰ। ਉਹ ਰਸ ਨਹੀਂ ਆ ਰਿਹਾ ਜਿਹੜਾ ਪਹਿਲਾਂ ਆਉਂਦਾ ਸੀ। Over power ਕਰ ਲਿਆ ਮਨ ਉਸਦਾ ਤੇ ਗੁਰੂ ਦਾ ਜਿਹੜਾ ਵਜੂਦ ਸੀ, ਗੁਰੂ ਦਸ਼ਮੇਸ਼ ਪਿਤਾ ਜੀ ਦਾ, ਜਿਗ੍ਹਾ ਕਲਗੀ ਸਮੇਤ, ਮਨ 'ਚੋਂ ਲਾਂਭੇ ਹੋ ਗਿਆ ਤੇ ਉਥੇ ਆ ਬੈਠੀ ਵੇਸਵਾ। ਹੁਣ ਜਦੋਂ ਅੱਖ ਮੀਚਦੈ, ਵੇਸਵਾ ਸਾਮ੍ਹਣੇ ਆ ਜਾਂਦੀ ਹੈ, ਗੁਰੂ ਸਾਹਿਬ ਅਲੋਪ ਹੋ ਗਏ ਕਿਉਂਕਿ ਉਹਨਾਂ ਨਾਲੋਂ ਤਾਂ ਲਿਵ ਟੁੱਟ ਗਈ, ਮਾਣ ਨੇ ਤੋੜ ਦਿਤੀ। ਮਾਣ ਦਾ ਕੰਮ ਹੀ ਇਹੀ ਹੋਇਆ ਕਰਦੈ, ਪ੍ਰਮੇਸ਼ਰ ਨਾਲੋਂ ਤੋੜਨਾ। ਸੋ ਵੇਸਵਾ ਜਿਉਂ ਅੰਦਰ ਪ੍ਰਵੇਸ਼ ਕਰਦੀ ਹੈ, ਗੰਦੇ ਖਿਆਲ ਆਉਣੇ ਸ਼ੁਰੂ ਹੋ ਗਏ। ਗੰਦੇ ਖਿਆਲ ਜਦੋਂ ਮਨ ਵਿਚ ਆਉਣੇ ਸ਼ੁਰੂ ਹੋ ਗਏ, ਕੁਸੰਗ ਦਾ ਅਸਰ ਹੋਣ ਲਗ ਗਿਆ। ਸੋ ਇਹ ਮਾੜੇ ਖਿਆਲਾਂ ਨੂੰ ਹੀ ਕੁਸੰਗ ਕਹਿੰਦੇ ਨੇ। ਮਾੜੇ ਖਿਆਲਾਂ ਵਾਲੇ ਦੇ ਨਾਲ ਰਲ ਕੇ ਜੇ ਮਾੜੇ ਖਿਆਲ ਆਉਣ ਫੇਰ ਕੁਸੰਗਤ ਹੋਇਆ ਕਰਦੀ ਹੈ ਤੇ ਉਹ ਕੁਸੰਗਤ ਤੋਂ ਸਾਰੇ ਹੀ ਡਰਦੇ ਨੇ ਤੇ ਮਹਾਰਾਜ ਵੀ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਡਰੀਂ ਮਨਾਂ ਮੇਰਿਆ, ਕੁਸੰਗ ਹੈ ਬੁਰਾ।*

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*

*ਅੰਗ - ੧੩੭੧*

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥*

*ਅੰਗ - ੧੩੬੯*

ਸਤਿਸੰਗ ਦਾ ਅਸਰ ਜਿਹੜਾ ਹੈ ਉਸ ਨਾਲ ਮੈਲ ਧੋਤੀ ਜਾਂਦੀ ਹੈ। ਕੁਸੰਗ ਦੇ ਨਾਲ ਅਸਰ ਇਹ ਹੁੰਦੈ ਪ੍ਰਮੇਸ਼ਰ ਤੋਂ ਟੁੱਟ ਜਾਣਾ ਤੇ ਮੈਲ ਦੀਆਂ ਪੰਡਾਂ ਦੀਆਂ ਪੰਡਾਂ ਆ ਕੇ ਉਪਰ ਖੁਲ੍ਹ ਜਾਣੀਆਂ -

*ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।*
*ਕਲਰਿ ਖੇਤੀ ਬੀਜੀਐ ਕਿਹੁ ਕਾਜੁ ਨ ਸਰੀਐ।*
*ਟੁਟੀ ਪੀਂਘੈ ਪੀਂਘੀਐ ਪੈ ਟੋਏ ਮਰੀਐ।*
*ਕੰਨਾ ਫੜਿ ਮਨਤਾਰੂਆਂ ਕਿਉ ਦੁਤਰੁ ਤਰੀਐ।*
*ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਿਰੀਐ।*
*ਤਿਉਂ ਠਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ।*

*ਭਾਈ ਗੁਰਦਾਸ ਜੀ*

ਸੋ ਕੁਸੰਗ ਦੇ ਵਿਚ ਮਨ ਆ ਗਿਆ ਤੇ ਬਾਰ-ਬਾਰ ਹਨ੍ਹੇਰਾ ਹੋਣ ਨੂੰ ਉਡੀਕਦਾ ਹੈ, ਰਹਿਰਾਸ ਸਾਹਿਬ ਰਹਿ ਗਈ। ਪੜ੍ਹ ਨਹੀਂ ਹੁੰਦੀ, ਚਿੱਤ ਨਹੀਂ ਲਗਦਾ। ਧਿਆਨ ਹੀ ਚੁੱਕ ਗਿਆ ਰਹਿਰਾਸ ਸਾਹਿਬ ਤੋਂ। ਧਿਆਨ ਹੈ ਤਾਂ ਇਹੀ ਕਿ ਕਦੋਂ ਹਨ੍ਹੇਰਾ ਹੋਵੇ ਤੇ ਮੈਂ ਜਾਵਾਂ। ਉਸ ਵੇਲੇ ਦੋ ਘੜੀ ਰਾਤ ਲੰਘ ਜਾਂਦੀ ਹੈ ਤੇ ਇਹ ਜਾਂਦਾ ਹੈ। ਏਧਰ ਗੁਰੂ ਮਹਾਰਾਜ ਕੋਈ ਐਵੇਂ ਅਣਜਾਣ ਨਹੀਂ ਹੋਇਆ ਕਰਦੇ। ਗੁਰੂ ਹਮੇਸ਼ਾ ਸਮਰੱਥ ਹੁੰਦੈ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*

*ਭਾਈ ਗੁਰਦਾਸ ਜੀ*

ਜਦੋਂ ਅਸੀਂ ਕਹਿੰਦੇ ਹਾਂ ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ, ਗੁਰੂ ਹਰੇਕ ਦੇ ਹਿਰਦੇ ਵਿਚ ਵਸਦਾ ਹੈ ਤੇ ਗੁਰੂ ਦੀ ਡਿਊਟੀ ਹੋਇਆ ਕਰਦੀ ਹੈ। ਜੇ ਸਿੱਖ ਭੁੱਲ ਜਾਵੇ, ਗੁਰੂ ਬਚਾ ਲਿਆ ਕਰਦੈ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਡੁੱਬਦੇ ਸਿੱਖ ਨੂੰ ਬਚਾਵੇ ਸਤਿਗੁਰ ਮੇਰਾ,*
*ਨਰਕਾਂ ਵਿਚੋਂ ਧੂਹ ਕੱਢਦਾ।*

ਜੇ ਸਿੱਖ ਡੁੱਬਦਾ ਹੋਵੇ ਕੱਢ ਲਿਆ ਕਰਦੈ ਗੁਰੂ-

*ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ ॥*
*ਸੇਵਕ ਕਉ ਗੁਰੁ ਸਦਾ ਦਇਆਲ ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਅੰਗ - ੨੮੬*

ਜਿਹੜੀ ਖੋਟੀ ਮੱਤ ਆ ਜਾਂਦੀ ਹੈ ਉਹਨੂੰ ਦੂਰ ਕਰ ਦਿੰਦੈ -

*ਗੁਰ ਬਚਨੀ ਹਰਿ ਨਾਮੁ ਉਚਰੈ ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ ॥*
*ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥*
*ਗੁਰ ਕਾ ਸਿਖੁ ਵਡਭਾਗੀ ਹੇ ॥ ਅੰਗ - ੨੮੬*

ਵੱਡੇ ਭਾਗਾਂ ਵਾਲਾ ਹੈ, ਕਿਉਂਕਿ ਪੂਰੇ ਗੁਰੂ ਨਾਲ ਜੁੜਿਆ ਹੋਇਆ ਹੈ। ਇਸੇ ਕਰਕੇ ਪੂਰੇ ਗੁਰੂ ਦੀ ਲੋੜ ਹੈ। ਅਧੂਰਾ ਗੁਰੂ ਨਹੀਂ ਕੁਝ ਕਰ ਸਕਦਾ, ਅੰਨ੍ਹਾ ਗੁਰੂ ਨਹੀਂ ਕਰ ਸਕਦਾ, ਕੱਚਾ ਗੁਰੂ ਨਹੀਂ ਕਰ ਸਕਦਾ। ਸੋ ਉਸ ਵੇਲੇ ਗੁਰੂ ਮਹਾਰਾਜ ਐਸਾ ਸਰੂਪ ਬਣਾਉਂਦੇ ਨੇ, ਕਿਉਂਕਿ ਗੁਰੂ ਜੇ ਚਾਹੇ ਲੱਖਾਂ ਸਰੂਪ ਇੱਕੋ ਸਮੇਂ 'ਚ ਧਾਰ ਸਕਦੈ।

ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਬੈਠੇ ਤੇ ਉਹਨਾਂ ਦੇ ਸਾਮ੍ਹਣੇ ਕਾਲੇ ਨਾਥ ਸਿੱਧ ਬੈਠੈ, ਧਾਲੀਵਾਲਾਂ ਦਾ ਵਡੇਰਾ, ਕਾਲੇ ਨਾਥ ਸਿੱਧ; ਉਹਨੇ ਗੁਰੂ ਮਹਾਰਾਜ ਨੂੰ ਦੋ ਵੱਡੇ-ਵੱਡੇ ਘੜੇ ਭਰ ਕੇ ਮਹਾਰਾਜ ਦੀ ਸੇਵਾ 'ਚ ਹਾਜ਼ਰ ਕਰੇ। ਮਹਾਰਾਜ ਪ੍ਰਸੰਨ ਹੋ ਗਏ ਉਸ 'ਤੇ। ਮਹਾਰਾਜ ਨੇ ਕ੍ਰਿਪਾ ਕਰ ਦਿਤੀ। ਇਕ ਚੁਲੀ ਭਰ ਕੇ ਮਹਾਰਾਜ ਨੇ ਉਹਨੂੰ ਪਿਲਾ ਦਿਤੀ ਦੁੱਧ ਦੀ, ਕਹਿੰਦੇ, ਲੈ ਪੀ ਲੈ। ਦੁੱਧ ਦੀ ਚੁਲੀ ਲੈਂਦੇ ਸਾਰ, ਪਹਿਲਾਂ ਵੀ ਉਹ ਸ਼ਕਤੀ ਵਾਲਾ ਸੀ, ਬੇਅੰਤ ਸ਼ਕਤੀਆਂ ਉਹਦੇ ਵਿਚ ਆ ਗਈਆਂ। ਉਹਦਾ ਜਿਹੜਾ ਸੇਵਕ ਚੁੱਕ ਕੇ ਲਿਆਇਆ ਸੀਗਾ, ਉਹ ਬੱਚਾ ਹੀ ਸੀ ਛੋਟਾ ਜਿਹਾ, ਮਹਾਰਾਜ ਦੀ ਉਹਦੇ ਉਤੇ ਦ੍ਰਿਸ਼ਟੀ ਹੋ ਗਈ। ਮਹਾਰਾਜ ਨੇ ਉਹਦੇ ਸੀਸ 'ਤੇ ਹੱਥ ਰੱਖ ਦਿਤਾ। ਉਹ ਹੋਰ ਹੀ ਕੁਛ ਹੋ ਗਿਆ, ਕਾਲੇ ਨਾਥ ਨੇ ਦੇਖਿਆ ਕਿ ਇਹਦੇ ਵਿਚ ਤਾਂ ਬੜੀਆਂ ਸ਼ਕਤੀਆਂ ਆ ਗਈਆਂ। ਕਹਿਣ ਲੱਗਿਆ, ਓ ਬਾਲਕੇ! ਕੀ ਦੇਖ ਰਿਹੈਂ ਤੂੰ? ਤੂੰ ਗੁਰੂ ਸਾਹਿਬ ਨੂੰ ਹੋਰ ਵੀ ਕਿਤੇ ਦੇਖਦੈਂ ਕਿ ਇਥੇ ਹੀ ਦੇਖਦੈਂ? ਉਹ ਕਹਿੰਦਾ, ਮੈਂ ਗੁਰੂ ਸਾਹਿਬ ਨੂੰ ਦੇਖਦਾ ਹਾਂ, ਗੁਰੂ ਸਾਹਿਬ ਏਸ ਵੇਲੇ ਅਰਬ ਦੇ ਦੇਸ਼ ਦੇ ਵਿਚ ਇਕ ਵਣਜਾਰਾ ਹੈ, ਉਹਦੀ ਰਾਖੀ ਕਰ ਰਹੇ ਨੇ, ਚੋਰਾਂ ਡਾਕੂਆਂ ਤੋਂ ਤੇ ਉਹ ਧਿਆਨ ਕਰ ਰਿਹਾ ਹੈ ਇਹਨਾਂ ਦਾ। ਕਹਿੰਦੇ, ਸਰੂਪ? ਕਹਿੰਦਾ, ਸਰੂਪ ਇਹੋ ਜਿਹਾ ਤਾਂ ਨਹੀਂ ਹੈ। ਇਹਦਾ ਵੀ ਝੋਲਾ ਪੈਂਦਾ ਹੈ ਤੇ ਜਿਹੜੇ ਆਦਿ ਗੁਰੂ ਹੋਏ ਨੇ ਸ੍ਰੀ ਗੁਰੂ ਨਾਨਕ ਸਾਹਿਬ, ਉਹਦੇ ਸਰੂਪ ਵਿਚ ਉਥੇ ਉਹਦੀ ਰਾਖੀ ਕਰ ਰਹੇ ਨੇ।

ਗੁਰੂ ਤਾਂ ਚਾਹੇ ਹਜ਼ਾਰ ਸਰੂਪ ਧਾਰ ਲਵੇ, ਕੋਈ ਐਸੀ ਬਾਤ ਨਹੀਂ। ਉਸ ਵੇਲੇ ਗੁਰੂ ਮਹਾਰਾਜ ਨੇ ਚੋਬਦਾਰ ਦਾ ਰੂਪ ਧਾਰ ਲਿਆ। ਹੱਥ ਵਿਚ ਸੋਨੇ ਦੀ ਚੋਬ ਲੈ ਲਈ ਤੇ ਦਰਵਾਜ਼ੇ ਦੇ ਵਿਚ ਵਰਦੀ ਪਾ ਕੇ ਖੜ੍ਹ ਗਏ। ਇਸ ਤਰ੍ਹਾਂ ਦੀ ਵਰਦੀ ਪਾਈ ਜਿਵੇਂ ਰਾਜਿਆਂ ਦੇ ਚੋਬਦਾਰ ਹੁੰਦੇ ਨੇ। ਭਾਈ ਜੋਗਾ ਸਿੰਘ ਜਾਂਦਾ ਹੈ, ਜਾ ਕੇ ਦੇਖਦਾ ਹੈ, ਅੰਦਾਜ਼ਾ ਲਾਇਆ ਕਿ ਕੋਈ ਰਾਜਾ ਗਿਆ ਹੋਇਐ। ਵਾਪਸ ਆ ਜਾਂਦਾ ਹੈ, ਦੋ ਘੜੀ ਬੈਠ ਕੇ ਫੇਰ ਜਾਂਦਾ ਹੈ। ਫੇਰ ਜਾਂਦੈ, ਫੇਰ ਜਾਂਦੈ। ਸਾਰੀ ਰਾਤ ਜਾਈ ਗਿਆ। ਦਿਨ ਚੜ੍ਹ ਗਿਆ। ਦਿਨ ਚੜ੍ਹੇ ਦੇਖਦੈ, ਉਸ ਵੇਲੇ ਚੋਬਦਾਰ ਬੋਲਦੈ, ਕਹਿੰਦਾ, ਓ ਪ੍ਰੇਮੀਆ! ਦੇਖਣ ਨੂੰ ਤੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਪ੍ਰਤੀਤ ਦਿੰਦੈਂ ਤੇ ਮੈਂ ਇਹ ਸੁਣਿਆ ਹੈ ਕਿ ਜਿਹੜਾ ਸਿੱਖ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ- ੩੦੫*

ਤੇਰੇ ਵਿਚ ਤਾਂ ਮੈਂ ਇਹ ਦੇਖਿਆ ਨਹੀਂ, ਤੂੰ ਤਾਂ ਨਰਕਾਂ ਦੇ ਦਰਵਾਜ਼ੇ ਅੱਗੇ ਆ ਕੇ ਟਿਕਟ ਲੈਣ ਨੂੰ ਫਿਰਦੈਂ। ਕਿਹੋ ਜਿਹਾ ਸਿੱਖ ਹੈਂ ਤੂੰ?

ਓਧਰ ਦਿਨ ਚੜ੍ਹ ਗਿਆ, ਓਧਰ ਇਹਦਾ ਅਗਿਆਨ ਦਾ ਹਨ੍ਹੇਰਾ ਦੂਰ ਹੋ ਗਿਆ। ਪਛਤਾਉਣਾ ਸ਼ੁਰੂ ਕਰ ਦਿਤਾ ਕਿ ਮੈਂ ਤਾਂ ਬੜਾ ਮਾੜਾ ਹਾਂ, ਗੁਰੂ ਸਾਹਿਬ ਦੇ ਕੋਲ ਪਹੁੰਚ ਜਾਂਦੈ। ਗੱਲ ਅਜੇ ਦੱਸੀ ਨਹੀਂ ਮਹਾਰਾਜ ਕੋਲ ਜਾ ਕੇ। ਮਹਾਰਾਜ ਕਹਿੰਦੇ, ਸੁਣਾ ਜੋਗਾ ਸਿੰਘਾ! ਤੂੰ ਬੜੀ ਸਿੱਖੀ ਕਮਾਈ ਹੈ। ਵਾਹ ਬਈ ਵਾਹ, ਨਾਲੇ ਹੱਸੀ ਜਾਂਦੇ ਨੇ। ਇਹ ਖੋਲ੍ਹ ਕੇ ਗੱਲ ਨਹੀਂ ਕਰਦਾ ਤੇ ਨਾਲ ਅੰਦਰ ਸ਼ੱਕ ਪੈਂਦਾ ਹੈ ਇਹਨੂੰ ਕਿ ਕੋਈ ਭੇਤ ਹੈ, ਗੁਰੂ ਮਹਾਰਾਜ ਹੱਸੀ ਕਿਉਂ ਜਾਂਦੇ ਨੇ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਨਾਲੇ ਤਾਂ ਇਹ ਕਹੀ ਜਾਂਦੇ ਹੋਂ ਕਿ ਸਿੱਖੀ ਬਹੁਤ ਕਮਾਈ, ਨਾਲੇ ਤੁਸੀਂ ਹੱਸੀ ਜਾਂਦੇ ਹੋਂ?

ਗੁਰੂ ਮਹਾਰਾਜ ਕਹਿਣ ਲੱਗੇ, ਜੋਗਾ ਸਿੰਘਾ! ਆਹ ਸੰਗਤ ਨੂੰ ਆਪਣਾ ਹਾਲ ਦਸ ਸਫਰ ਦਾ, ਕੀ ਕਰਿਆ ਸੀ ਤੂੰ। ਉਸ ਵੇਲੇ ਭਾਈ ਜੋਗਾ ਸਿੰਘ ਨੇ ਰੋ ਕੇ ਗੁਰੂ ਦੇ ਚਰਨ ਫੜ ਲਏ। ਪਾਤਸ਼ਾਹ! ਇਕ ਤੂੰ ਹੀ ਸੀ ਜਿਹੜਾ ਮੇਰੀ ਲਾਜ ਰੱਖ ਸਕਦਾ ਸੀ। ਅੱਜ ਮੈਂ ਨਰਕ ਵਿਚ ਗਿਰ ਜਾਣਾ ਸੀ। ਉਸ ਵੇਲੇ ਮਹਾਰਾਜ ਨੇ ਸਾਰੇ ਸਿੱਖਾਂ ਨੂੰ ਸੁਣਾਇਆ ਕਿ ਪ੍ਰੇਮੀਓ! ਦੇਖੋ, ਇਹ ਨੌਜਵਾਨ ਬੱਚਾ ਹੈ, ਕੁਰਬਾਨੀ ਇਹਨੇ ਬੜੀ ਕੀਤੀ। ਪਾਸ ਤਾਂ ਹੋ ਗਿਆ, ਲੇਕਿਨ ਗਲਤੀ ਕਿੱਥੇ ਹੈ? ਪੂਰੇ ਨੰਬਰ ਲੈ ਕੇ ਵੀ ਇਹਨੇ ਗਲਤੀ ਕਰ ਲਈ, ਇਹਦੇ ਵਿਚ ਮਾਣ ਆ ਗਿਆ। ਉਹ ਮਾਣ ਇਹਦਾ ਟੁੱਟਿਆ ਇਥੇ ਆ ਕੇ। ਕਿਉਂ ਮਾਣ ਆਇਆ? ਕਿਉਂਕਿ ਇਹਦੇ ਮਨ ਵਿਚ ਗੁਰੂ ਦੀ ਪ੍ਰਤੀਤ ਨਾ ਰਹੀ। ਜੇ ਗੁਰੂ ਦੀ ਪ੍ਰਤੀਤ, ਗੁਰੂ ਨੂੰ ਹਾਜ਼ਰ-ਨਾਜ਼ਰ ਜਾਣਦਾ ਰਹਿੰਦਾ, ਗੁਰੂ ਨੂੰ ਪ੍ਰਮੇਸ਼ਰ ਰੂਪ ਜਾਣਦਾ ਫੇਰ ਤਾਂ ਇਹ ਗਲਤੀ ਕਰ ਨਹੀਂ ਸੀ ਸਕਦਾ। ਸਾਡਾ ਵਜੂਦ ਇਹਦੇ ਅੰਦਰ ਰਹਿਣਾ ਸੀ, ਪਰ ਇਹਨੇ ਸਾਨੂੰ ਛੱਡ ਕੇ ਵੇਸਵਾ ਦਾ ਰੂਪ ਆਪਣੇ ਅੰਦਰ ਵਸਾ ਲਿਆ। ਉਹ ਸਾਰਾ ਕੰਮ ਮਾਣ ਨੇ ਕਰਿਆ, ਬੇਪਰਤੀਤੀ ਨੇ ਕਰਿਆ, ਭਰੋਸਾ ਟੁੱਟ ਗਿਆ, ਭਰੋਸਾ ਟੁੱਟਣ ਦੇ ਨਾਲ ਨਰਕ ਵਿਚ ਗਿਰ

ਜਾਣਾ ਸੀ ਸਿੰਘ ਨੇ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਗੁਰੂ ਦੇ ਉਤੇ ਭਰੋਸਾ ਰੱਖੋ। ਅਸੀਂ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਸਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ, ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਸਮਝਦੇ ਹਾਂ। ਸਾਰਿਆਂ ਗੁਰਸਿੱਖਾਂ ਨੇ ਸੀਸ ਨਿਵਾ ਦਿਤਾ। ਪਾਤਸ਼ਾਹ! ਐਡਾ ਭਰੋਸਾ ਹੋਣ ਕਰਕੇ ਹੀ ਤੁਸੀਂ ਆਪ ਪ੍ਰਮੇਸ਼ਰ ਰੂਪ ਬਣ ਗਏ। ਸੋ ਇਸ ਕਰਕੇ ਇਹ ਜੋ ਮਹਾਰਾਜ ਦਾ ਫੁਰਮਾਨ ਹੈ ਕਿ -

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ- ੨੮੩*

ਉਹਨੂੰ ਤਾਂ ਯਾਦ ਆਈ ਜਾਂਦੈ ਵਾਹਿਗੁਰੂ। ਜਿਹਨੂੰ ਪਰਤੀਤ ਨਹੀਂ ਹੈ ਉਹ ਭੁੱਲ ਵਿਚ ਰਹਿੰਦੈ। ਸੋ ਪਰਤੀਤ ਪੈਦਾ ਕਰੋ, ਪਰਤੀਤ ਵੱਡੀ ਚੀਜ਼ ਹੈ। ਭਰੋਸਾ ਵੱਡੀ ਚੀਜ਼ ਹੈ। ਮਹਾਰਾਜ ਕਹਿੰਦੇ, ਜਿਹੜਾ ਬਿਨਾਂ ਪਰਤੀਤੀ ਅੱਖਾਂ ਮੀਚੀ ਜਾਂਦੇ ਨੇ -

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ*
*ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥*
*ਅੰਗ - ੭੩੪*

ਉਹ ਤਾਂ ਐਵੇਂ ਹੀ ਅੱਖਾਂ ਮੀਟਦੇ ਨੇ, ਅੰਦਰ ਰਸ ਨਹੀਂ ਹੈ। ਅੰਦਰ ਸ਼ਰਧਾ ਨਹੀਂ ਹੈ, ਭਰੋਸਾ ਨਹੀਂ ਹੈ। ਭਰੋਸਾ ਪੈਦਾ ਕਰੋ। ਪਿਆਰ ਨਾਲ ਪੜ੍ਹੋ-

*ਧਾਰਨਾ - ਗੁਰ ਕੀ ਪਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*
*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ- ੨੮੩*

ਸੋ ਭਾਈ ਜੋਗਾ ਸਿੰਘ ਨੇ ਚਰਨ ਫੜੇ ਹੋਏ ਨੇ। ਕਹਿੰਦਾ, ਸੱਚੇ ਪਾਤਸ਼ਾਹ! ਪ੍ਰਤੀਤ ਤੋਂ ਮੈਂ ਹਿੱਲ ਗਿਆ ਸੀ। ਪ੍ਰਤੀਤ ਨਾ ਰਹੀ, ਤੁਹਾਨੂੰ ਦੂਰ ਬੈਠਾ ਜਾਣ ਲਿਆ। ਪਰ ਤੁਸੀਂ ਸਿੱਖ ਨੂੰ ਨਹੀਂ ਡੁੱਬਣ ਦਿੰਦੇ। ਪਿਆਰਿਆਂ ਨੂੰ ਡੁੱਬਣ ਨਹੀਂ ਦਿੰਦੇ। ਤੁਸੀਂ ਹੀ ਆ ਕੇ ਕਬੀਰ ਦਾ ਯੱਗ ਕਰਦੇ ਰਹੇ। ਤੁਸੀਂ ਹੀ ਆ ਕੇ ਨਾਮਦੇਵ ਜੀ ਦਾ ਛੱਪਰ ਬਣਾਉਂਦੇ ਰਹੇ। ਤੁਸੀਂ ਹੀ ਆ ਕੇ ਦੇਹੁਰੇ ਨੂੰ ਫੇਰਦੇ ਰਹੇ। ਪਾਤਸ਼ਾਹ! ਮੈਂ ਹਿੱਲ ਗਿਆ ਸੀ ਪ੍ਰਤੀਤ ਤੋਂ।

ਸੋ ਇਸ ਕਰਕੇ ਸਾਧਸੰਗਤ ਜੀ! ਜਿੰਨਾਂ ਚਿਰ ਪ੍ਰਤੀਤ ਨਹੀਂ ਸਾਡੇ ਮਨ ਵਿਚ ਆਉਂਦੀ ਪੂਰੀ ਤਰ੍ਹਾਂ ਨਾਲ, ਓਨਾਂ ਚਿਰ ਅਸੀਂ ਰੂਹਾਨੀਅਤ ਦੇ ਰਸਤੇ ਉਤੇ ਕਦਮ ਨਹੀਂ ਪੁੱਟ ਸਕਦੇ। ਥਾਂ-ਥਾਂ 'ਤੇ ਅਸੀਂ ਤਿਲਕਦੇ ਹਾਂ। ਪਰਤੀਤ ਲਿਆਓ ਕਿ ਵਾਹਿਗੁਰੂ ਮੇਰੇ ਆਲੇ-ਦੁਆਲੇ, ਚਾਰੋਂ ਪਾਸੇ ਹੈ। ਫੇਰ ਉਹਦੇ ਨਾਲ ਅਪਣੱਤ ਪੈਦਾ ਕਰੋ। ਉਹਨੂੰ ਓਪਰਾ ਨਾ ਸਮਝੋ, ਉਹਨੂੰ ਆਪਣਾ ਆਪ ਸਮਝੋ ਕਿਉਂਕਿ ਵਾਹਿਗੁਰੂ ਨਾਲੋਂ ਪਿਆਰਾ ਸੰਸਾਰ ਦੇ ਅੰਦਰ ਹੋਰ ਕੋਈ ਹੈ ਹੀ ਨਹੀਂ। ਮਹਾਰਾਜ ਕਹਿੰਦੇ, ਉਹ ਤਾਂ ਹੈ ਹੀ ਨਿਰਾ ਪਿਆਰ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।*
*ਜਾਪੁ ਸਾਹਿਬ*

ਚਾਰੋ ਪਾਸੇ ਜਿੱਧਰ ਵੀ ਤੁਸੀਂ ਦੇਖਦੇ ਹੋਂ, ਉਹ ਪਿਆਰ ਬਣ ਕੇ ਫੈਲਿਆ ਹੋਇਆ ਹੈ ਸਾਰੇ ਸੰਸਾਰ ਦੇ ਅੰਦਰ। ਜਿਹੜਾ ਹੈ ਹੀ ਪਿਆਰ, ਪਿਆਰ ਵਾਲਾ ਤਾਂ ਕਦੇ ਨਫ਼ਰਤ ਹੀ ਨਹੀਂ ਕਰਦਾ, ਨਾ ਕਿਸੇ ਨੂੰ ਝਿੜਕਦਾ ਹੈ। ਮਹਾਰਾਜ ਕਹਿੰਦੇ, ਉਹ ਤਾਂ ਕੌੜਾ ਬੋਲਣ ਹੀ ਨਹੀਂ ਜਾਣਦਾ -

*ਮਿਹਰਵਾਨੁ ਸਾਹਿਬੁ ਮਿਹਰਵਾਨੁ ॥*
*ਸਾਹਿਬੁ ਮੇਰਾ ਮਿਹਰਵਾਨੁ ॥* *ਅੰਗ - ੭੨੪*

ਉਹ ਸਦਾ ਹੀ ਮਿਹਰਵਾਨ ਰਹਿੰਦੈ। ਅਸੀਂ ਜਦੋਂ ਵੀ ਅਰਦਾਸ ਕਰ ਦੇਈਏ, ਕਿੰਨੀਆਂ ਹੀ ਗਲਤੀਆਂ ਕਰ ਲਈਏ, ਜਦੋਂ ਆ ਕੇ ਅਸੀਂ ਸ਼ਰਨ ਵਿਚ ਆ ਜਾਵਾਂਗੇ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ- ੫੪੪*

ਸੋ ਉਹਦੀ ਯਾਦ ਵਿਚ, ਉਹਦੇ ਭਰੋਸੇ ਵਿਚ, ਉਹਦੀ ਪਰੀਪੂਰਨਤਾ ਨੂੰ ਹਿਰਦੇ ਵਿਚ ਵਸਾ ਕੇ ਜਦੋਂ ਅਸੀਂ ਭਜਨ ਕਰਾਂਗੇ, ਨਾਮ ਜਪਾਂਗੇ, ਬਾਣੀ ਪੜ੍ਹਾਂਗੇ, ਇਹ ਬਾਣੀ ਦਾ ਨਿਰਾਲਾ ਹੀ ਸਵਾਦ ਆਏਗਾ ਕਿਉਂਕਿ ਹਾਜ਼ਰੀ ਦੀ ਹੋ ਜਾਏਗੀ, ਗੈਰ-ਹਾਜ਼ਰੀ ਦੀ ਨਹੀਂ ਹੋਏਗੀ। ਹਾਜ਼ਰੀ ਦੀ ਬਾਣੀ ਦਾ ਬਹੁਤ ਵੱਡਾ ਫਲ ਪ੍ਰਾਪਤ ਹੁੰਦੈ। ਗੈਰ-ਹਾਜ਼ਰੀ ਦੀ ਬਾਣੀ ਇਕ ਤਰਲਾ ਤਾਂ ਜ਼ਰੂਰ ਹੈ ਅਤੇ ਨਾ ਵਾਲਿਆਂ ਨਾਲੋਂ ਚੰਗਾ ਹੈ ਪਰ ਗੈਰ-ਹਾਜ਼ਰੀ ਦੀ ਬਾਣੀ ਜਿਹੜੀ ਹੈ ਉਹ ਸਾਨੂੰ ਮਨ ਦੇ ਮੰਡਲ 'ਚੋਂ ਬਾਹਰ ਨਹੀਂ ਨਿਕਲਣ ਦਿੰਦੀ, ਭੁੱਲ ਭਲਾਈਆਂ 'ਚ ਪਾ ਕੇ ਰਖਦੀ ਹੈ। ਪ੍ਰਤੀਤ ਦੇ ਘਰ 'ਚ ਆ ਕੇ ਬਾਣੀ ਪੜ੍ਹੋ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ, ਦੀਵਾਨ ਨੰ: 263 ਦੀ ਬਾਕੀ)***

# ਵਿਸਾਖੀ

## ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

*ਸ੍ਰੀ ਵਾਹਿਗੁਰੂ ਸਾਹਿਬ ਜੀ।*
*ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ਮਹਾਰਾਜ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ਅੰਗ- ੮੨੭*

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ਅੰਗ- ੭੨੬*

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ ॥ ੧ ॥*
*ਹੰਉ ਕੁਰਬਾਨੈ ਜਾਉ ਮਿਹਰਵਾਨਾ*
*ਹੰਉ ਕੁਰਬਾਨੈ ਜਾਉ ॥*
*ਹੰਉ ਕੁਰਬਾਨੈ ਜਾਉ ਤਿਨਾ ਕੈ*
*ਲੈਨਿ ਜੋ ਤੇਰਾ ਨਾਉ ॥*
*ਲੈਨਿ ਜੋ ਤੇਰਾ ਨਾਉ*
*ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥*
*ਕਾਇਆ ਰੰਙਣਿ ਜੇ ਥੀਐ ਪਿਆਰੇ*
*ਪਾਈਐ ਨਾਉ ਮਜੀਠ ॥*
*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥*
*ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥*
*ਧੂੜਿ ਤਿਨਾ ਕੀ ਜੇ ਮਿਲੈ ਜੀ*
*ਕਹੁ ਨਾਨਕ ਕੀ ਅਰਦਾਸਿ ॥ ੩ ॥*
*ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥*
*ਨਾਨਕ ਕਾਮਣਿ ਕੰਤੈ ਭਾਵੈ*
*ਆਪੇ ਹੀ ਰਾਵੇਇ ॥ ੪ ॥ ੧ ॥ ੩ ॥ ਅੰਗ- ੭੨੧*

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥*
*ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥*
*ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥*
*ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥*
*ਅੰਗ- ੩੧੮*

ਗੁਰੂ ਪਿਆਰੀ ਸਾਧਸੰਗਤ ਜੀਓ! ਆਓ ਸਭ ਮਾਈ ਭਾਈ ਖੰਡਾਂ, ਬ੍ਰਹਿਮੰਡਾਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਸੀਸ ਝੁਕਾਈਏ, ਹੱਥ ਜੋੜ ਕੇ ਫਤਹਿ ਦਾ ਸਿਮਰਨ ਕਰੀਏ-

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਅੱਜ ਖ਼ਾਲਸੇ ਦਾ ਪ੍ਰਗਟ ਦਿਹਾੜਾ ਅਤੇ ਸੰਪੂਰਨ ਦਿਵਸ ਜੋ ਵਿਸਾਖੀ ਦੇ ਪਵਿੱਤਰ ਦਿਹਾੜੇ ਵਾਲੇ ਦਿਨ ਮਨਾਇਆ ਜਾਂਦਾ ਹੈ। ਗੁਰੂ ਨਾਨਕ ਨਾਮ ਲੇਵਾ ਸੰਗਤਾਂ ਸੰਸਾਰ ਭਰ ਵਿਚ ਪਿਆਰ, ਸ਼ਰਧਾ, ਭਾਵਨਾ 'ਤੇ ਚੜ੍ਹਦੀ ਕਲਾ ਵਿਚ ਇਹ ਪਵਿੱਤਰ ਦਿਹਾੜਾ ਮਨਾਉਂਦੀਆਂ ਹਨ। ਸਮੂੰਹ ਪ੍ਰਬੰਧਕ ਜਨਾਂ ਨੇ ਧੰਨ ਸ੍ਰੀ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ, ਇਸ ਪਾਵਨ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਵੀ, ਜੋ ਲਗਾਤਾਰ ਇਹ ਦਿਹਾੜਾ ਮਨਾਇਆ ਜਾ ਰਿਹਾ ਹੈ, ਇਸ ਵਾਰ ਵੀ ਸ਼ਰਧਾ ਪਿਆਰ ਅਤੇ ਚੜ੍ਹਦੀ ਕਲਾ ਨਾਲ ਮਨਾਉਣ ਵਾਸਤੇ ਅਰਦਾਸ ਕੀਤੀ ਹੈ। ਅਨੇਕਾਂ ਸੰਗਤਾਂ ਦੂਰੋਂ-ਨੇੜਿਓਂ ਚਲ ਕੇ ਗੁਰੂ ਚਰਨਾਂ ਵਿਚ ਪਹੁੰਚੀਆਂ ਹਨ। ਦਸਤਾਰ ਮੁਕਾਬਲੇ ਹੋਏ ਕਿਉਂਕਿ ਸਿੱਖੀ ਵਿਚ ਇਹ ਵੀ ਵੱਡੀ ਬਖਸ਼ਿਸ਼ ਹੈ। ਅੱਜ ਦੇ ਸਮੇਂ ਵਿਚ ਲੋੜ ਵੀ ਬਹੁਤ ਹੈ, ਸਮਾਂ ਬੜਾ ਭਿਆਨਕ ਚੱਲ ਰਿਹਾ ਹੈ। ਸਾਡੇ ਬੱਚੇ ਬੇਵਸ ਹੋ ਰਹੇ ਨੇ, ਜਿਹਦੇ ਵਿਚ ਅਸੀਂ ਵੀ ਆਪਣੀਆਂ ਜ਼ਿੰਮੇਦਾਰੀਆਂ ਤੋਂ ਦੂਰ ਜਾ ਰਹੇ ਹਾਂ। ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਕੇ ਇਹ ਜੋ ਦਿਹਾੜੇ ਮਨਾਉਂਦੇ ਹਾਂ, ਜਿਹਦੇ ਵਿਚ ਗੁਰਮਤਿ ਦਾ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ ਅਤੇ ਸਾਡੇ ਜਿਹੜੇ ਬੱਚੇ ਹਨ, ਉਹ ਅੰਮ੍ਰਿਤਧਾਰੀ ਵੀ ਹੋਣ, ਕੇਸਾਧਾਰੀ ਵੀ ਹੋਣ ਅਤੇ ਦਸਤਾਰਾਂ ਸੀਸ 'ਤੇ ਸਜਾਈਆਂ ਹੋਣ। ਜਿਹੜੇ ਛੋਟੀ ਉਮਰ ਦੇ ਬੱਚੇ ਹਨ, ਉਹਨਾਂ ਦਾ ਜਿਹੜਾ ਮਨ ਹੈ ਉਹ ਕੋਰੇ ਕਾਗਜ਼ ਦੇ ਨਿਆਈਂ, ਚਿੱਟੀ ਚਾਦਰ ਦੇ ਨਿਆਈਂ ਹੈ, ਬਹੁਤ ਛੇਤੀ ਉਹਨਾਂ ਨੂੰ ਇਕ ਦਮ ਰੰਗ ਚੜ੍ਹ ਜਾਂਦਾ ਹੈ। ਪਿਆਰੇ ਮਹਾਂਪੁਰਸ਼ਾਂ ਦਾ ਬਚਨ ਹੈ ਜਿਹੜੇ ਬੱਚੇ ਛੋਟੀ ਉਮਰ ਵਿਚ ਅੰਮ੍ਰਿਤ ਛਕ ਲੈਂਦੇ ਨੇ, ਗੁਰਸਿੱਖੀ ਵਿਚ

ਆ ਜਾਂਦੇ ਨੇ, ਜੇਕਰ ਜੁਆਨੀ ਵਿਚ ਥੋੜ੍ਹੇ-ਬਹੁਤ ਪੈਰ ਥਿੜਕ ਵੀ ਜਾਣਗੇ, ਗੁਰੂ ਕ੍ਰਿਪਾ ਕਰਨਗੇ ਫੇਰ ਗੁਰੂ ਦੀ ਸ਼ਰਨ ਵਿਚ ਹੀ ਆ ਜਾਣਗੇ। ਸੋ ਸਾਡੇ ਕੋਲ ਅਰਦਾਸ ਹੈ, ਕਰੀਬ 75-76 ਬੱਚਿਆਂ ਨੇ ਭਾਗ ਲਿਆ ਹੈ, ਬਹੁਤ ਸੋਹਣੀਆਂ ਦਸਤਾਰਾਂ ਉਹਨਾਂ ਨੇ ਸਜਾਈਆਂ ਨੇ। ਅੱਗੋਂ ਵੀ ਇਸ ਤਰ੍ਹਾਂ ਦੇ ਸਕੂਲਾਂ, ਕਾਲਜਾਂ ਵਿਚ ਹੁੰਦੇ ਰਹਿਣਗੇ ਸਮਾਗਮ ਕਿਉਂਕਿ ਇਹ ਸਕੂਲ, ਕਾਲਜ ਕਿਸੇ ਧਨ ਦੀ ਪ੍ਰਾਪਤੀ ਵਾਸਤੇ ਜਾਂ ਕਿਸੇ ਲਾਭ ਵਾਸਤੇ ਨਹੀਂ। ਸਕੂਲ ਤੇ ਕਾਲਜ ਤਾਂ ਬਹੁਤ ਹਨ ਪਰ ਜੋ ਮਹਾਂਪੁਰਸ਼ਾਂ ਦੇ ਅੰਦਰ ਪਰਉਪਕਾਰ ਦੀ ਹਮੇਸ਼ਾ ਲਹਿਰ ਚਲਦੀ ਰਹੀ ਹੈ, ਉਹ ਉਸੇ ਤਰ੍ਹਾਂ ਚਲ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਇਹਨਾਂ ਸਕੂਲਾਂ ਦੇ ਜਿਹੜੇ ਬੱਚੇ ਨੇ ਉਹਨਾਂ ਦਾ ਜੀਵਨ ਉੱਚਾ-ਸੁੱਚਾ ਹੋ ਰਿਹੈ। ਜਿਥੇ standard ਦੀ ਇਹਨਾਂ ਦੀ ਪੜ੍ਹਾਈ ਵੀ ਹੋਵੇ, ਕਿਸੇ ਆਲੇ-ਦੁਆਲੇ ਸਕੂਲਾਂ ਨਾਲੋਂ ਪਿੱਛੇ ਨਾ ਜਾਣ, ਉਥੇ ਗੁਰਮਤਿ ਦੇ ਵੀ ਇਹ ਧਾਰਨੀ ਬਣਨ। ਸੰਸਾਰ ਦੇ ਕਿਸੇ ਕੋਨੇ ਵਿਚ ਵੀ ਜਾਣ, ਇਹਨਾਂ ਦਾ ਉੱਚਾ-ਸੁੱਚਾ ਜੀਵਨ ਇਕ ਪ੍ਰਚਾਰ ਬਣੇ। ਗੁਰੂ ਮਹਾਰਾਜ ਇਹਨਾਂ ਨੂੰ ਜੀਵਨ ਵਿਚ ਕਾਮਯਾਬੀ ਬਖਸ਼ਣ।

ਆਓ! ਵਿਚਾਰ ਕਰੀਏ, ਅੱਜ ਦਾ ਜਿਹੜਾ ਦਿਹਾੜਾ ਹੈ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਨੇ ਦਸਵੇਂ ਸਰੂਪ ਦੇ ਅੰਦਰ ਵੱਡੇ-ਵੱਡੇ ਪਰਉਪਕਾਰ ਕੀਤੇ ਨੇ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਹੀ ਇਹ ਪਰਉਪਕਾਰ ਦੇ ਕਾਰਜ ਕਰਦੇ ਹੋਏ, ਜਗਤ ਜਲੰਦੇ ਨੂੰ ਆਪ ਜੀ ਨੇ ਰੱਖਿਆ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ- ੧੩੯੫*

ਦਸ ਸਰੂਪ ਧਾਰਨ ਕੀਤੇ, ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਕ੍ਰਿਪਾ ਬਖਸ਼ਿਸ਼ ਕਰ ਰਹੇ ਨੇ। ਦਸਵੇਂ ਸਰੂਪ ਅੰਦਰ, ਥੋੜ੍ਹੇ ਹੀ ਸਮੇਂ ਅੰਦਰ ਵੱਡੇ ਪਰਉਪਕਾਰ ਆਪ ਜੀਆਂ ਨੇ ਕੀਤੇ ਹਨ, ਆਪਾਂ ਸਾਰਿਆਂ ਨੇ ਨਮਸ਼ਕਾਰ ਹੀ ਕਰਨੀ ਹੈ। 14 ਧਰਮ ਯੁੱਧ ਹੋਏ ਨੇ ਤੇ ਉਹ ਜਿਹੜੇ ਯੁੱਧ ਹਨ, ਆਮ ਜੰਗਾਂ ਨਾਲੋਂ ਵੱਖਰੇ ਹਨ। ਆਮ ਦੁਨੀਆਂ ਦੇ ਜੰਗ-ਯੁੱਧ ਜਰ, ਜੋਰੂ, ਜ਼ਮੀਨ ਦੇ ਦੁਆਲੇ ਘੁੰਮਦੇ ਨੇ। ਇਹ ਧਰਮ ਯੁੱਧ ਹੋਏ ਨੇ। ਕਿਸੇ 'ਤੇ ਵੀ ਪਹਿਲਾਂ, ਆਪ ਫੌਜ ਨਹੀਂ ਚੜ੍ਹਾਈ ਬਲਕਿ ਆਈ ਫੌਜ ਨੂੰ ਆਪ ਜੀਆਂ ਨੇ ਜਵਾਬ ਦਿਤਾ ਹੈ। ਚੌਦਾਂ ਜੰਗਾਂ ਵਿਚ ਫਤਹਿ ਹੋਈ ਹੈ, ਕਿਸੇ ਦੀ ਇਕ ਇੰਚ ਜਗ੍ਹਾਂ 'ਤੇ ਕਬਜ਼ਾ ਨਹੀਂ ਕੀਤਾ। ਅਸੀਂ ਇਤਿਹਾਸ ਪੜ੍ਹਦੇ ਹਾਂ, ਸੁਣਦੇ ਹਾਂ। ਗੁਰੂ ਮਹਾਰਾਜ ਜੀ ਨੇ ਆਪਣੇ ਖ਼ਾਲਸੇ ਨੂੰ ਬ੍ਰਹਮਗਿਆਨ ਦੀ ਦਾਤ ਬਖਸ਼ੀ ਤੇ ਐਸੇ ਗੁਰਮੁਖ ਪਿਆਰੇ, ਜਿਵੇਂ ਅਸੀਂ ਇਹ ਆਮ ਬਚਨ ਪੜ੍ਹਦੇ, ਸੁਣਦੇ ਹਾਂ ਕਿ ਭਾਈ ਘਨੱਈਆ ਜੀ ਬਾਅਦ ਵਿਚ ਅੰਮ੍ਰਿਤ ਛਕ ਕੇ ਭਾਈ ਘਨੱਈਆ ਸਿੰਘ ਬਣੇ। ਉਹ ਜੰਗ ਦੇ ਵਿਚ ਮੱਸ਼ਕ ਨਾਲ ਜ਼ਖਮੀਆਂ ਨੂੰ, ਜਲ ਛਕਾਉਂਦੇ ਸੀ। ਐਸੀ ਅਵਸਥਾ ਸੀ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- ੧੨੯੯*

ਅਸੀਂ ਆਮ ਹੀ ਇਹ ਕਹਿੰਦੇ, ਸੁਣਦੇ ਹਾਂ ਕਿ ਉਹਨਾਂ ਦੀ ਅਵਸਥਾ ਬ੍ਰਹਮ ਗਿਆਨੀਆਂ ਦੀ ਸੀ। ਦਾਸ ਬੇਨਤੀ ਕਰਦੈ ਕਿ ਗੁਰੂ ਮਹਾਰਾਜ ਜੀ ਨੇ ਮੱਸ਼ਕ ਵੀ ਬ੍ਰਹਮ ਗਿਆਨੀ ਨੂੰ ਫੜ੍ਹਾਈ ਹੈ ਤੇ ਸਸ਼ਤਰ ਵੀ ਬ੍ਰਹਮ ਗਿਆਨੀ ਨੂੰ ਫੜ੍ਹਾਏ ਨੇ। ਸਾਰਿਆਂ ਨੂੰ ਮੱਸ਼ਕਾਂ ਨਹੀਂ ਫੜਾਈਆਂ। ਜੇ ਸਾਹਿਬ ਸਾਰਿਆਂ ਨੂੰ ਮੱਸ਼ਕਾਂ ਫੜਾ ਦਿੰਦੇ, ਸਹਿਜ ਨਾਲ ਹੀ ਆ ਕੇ ਉਹ ਕਬਜ਼ਾ ਕਰ ਲੈਂਦੇ। ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਬ੍ਰਹਮਗਿਆਨੀਆਂ ਨੂੰ ਸਸ਼ਤਰ ਵੀ ਫੜਾਏ ਨੇ। ਪੰਜ ਪਿਆਰੇ ਬ੍ਰਹਮਗਿਆਨੀ, ਸਾਹਿਬਜ਼ਾਦੇ ਬ੍ਰਹਮ ਗਿਆਨੀ, ਵੱਡੇ-ਵੱਡੇ ਮਹਾਨ ਸ਼ਹੀਦ ਬ੍ਰਹਮ ਗਿਆਨੀ। ਉਹਨਾਂ ਦੀ ਅਵਸਥਾ ਕੋਈ ਛੋਟੀ ਨਹੀਂ ਸੀ। ਇਹਦਾ ਕੋਈ ਭਾਵ ਹੈ ਸਮਝਣ ਵਾਲਾ, ਜਿਥੇ ਗੁਰਸਿੱਖ ਨੇ ਮਾਲਾ ਫੇਰਨੀ, ਭਾਵ ਸਿਮਰਨ ਕਰਨਾ ਹੈ, ਉਥੇ ਮੱਸ਼ਕ ਦਾ ਮਤਲਬ ਉਹਨੇ ਨਿਮਾਣਾ ਸੇਵਾਦਾਰ ਵੀ ਬਣਨੈ। ਉਸ ਨੇ ਸਸ਼ਤਰਧਾਰੀ ਸੰਤ ਹੋ ਕੇ ਸੰਤ ਸਿਪਾਹੀ ਵੀ ਬਣਨੈ। ਸੰਸਾਰ ਦੇ ਭਲੇ ਵਾਸਤੇ, ਦੇਸ਼, ਕੌਮ, ਧਰਮ ਵਾਸਤੇ, ਗਊ ਗਰੀਬ ਦੀ ਰੱਖਿਆ ਵਾਸਤੇ, ਉਹਨੇ ਆਪਣਾ ਆਪ ਵੀ ਕੁਰਬਾਨ ਕਰਨਾ ਹੈ। ਦਸਮ ਪਾਤਸ਼ਾਹ ਮਹਾਰਾਜ ਜੀ ਨੇ ਨੌਂ ਸਾਲ ਤੋਂ ਘੱਟ ਉਮਰ ਸੀ, ਜਿਸ ਵੇਲੇ ਜ਼ੁਲਮ ਦੀ ਬਲਦੀ ਅੱਗ ਨੂੰ ਠੰਡਾ ਕਰਨ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਤੋਂ, ਪਿਤਾ ਸਤਿਗੁਰੂ ਨੂੰ ਤੋਰਿਆ। ਦਸਮ ਪਾਤਸ਼ਾਹ ਮਹਾਰਾਜ ਜੀ ਨੇ ਜਿਥੇ ਵੱਡੇ-ਵੱਡੇ ਪਰਉਪਕਾਰ ਕੀਤੇ, ਸਰਬੰਸ ਕੁਰਬਾਨ ਕੀਤਾ ਉਥੇ ਇਸ ਸੰਸਾਰ ਦੇ ਭਲੇ ਵਾਸਤੇ, ਤਾਂ ਕਿ ਕਿਸੇ ਤਰ੍ਹਾਂ ਦਾ ਕੋਈ ਭੁਲੇਖਾ ਨਾ ਰਹਿ ਜਾਵੇ, ਕਿਤੇ ਸਿੱਖ ਖੱਬੇ-ਸੱਜੇ ਨਾ ਹੋਣ, ਸ਼ਬਦ ਗੁਰੂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਦਾਸ ਕਈ ਵਾਰ ਬੇਨਤੀ ਕਰਦਾ ਹੈ ਕਿ ਸਾਡਾ ਬਚਾਅ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਕੇ ਹੀ ਹੈ, ਨਹੀਂ ਤਾਂ ਪਤਾ ਨਹੀਂ ਕਿੰਨੇ ਕੁ ਦੇਹਧਾਰੀ ਗੁਰੂ ਹੋ ਜਾਂਦੇ। ਜੇ ਨੌਵੇਂ ਸਤਿਗੁਰੂ ਪਾਤਸ਼ਾਹ ਦੇ ਸਮੇਂ 22 ਮੰਜੀਆਂ ਡਹਿ ਸਕਦੀਆਂ ਸੀ, ਵੈਸੇ ਜੇ ਵਿਚਾਰ ਕਰੀਏ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੱਜ ਤੱਕ ਕਸਰ ਨਹੀਂ ਕਿਸੇ ਨੇ ਕੋਈ ਛੱਡੀ। ਇਹ ਤਾਂ ਦਸਮ ਪਾਤਸ਼ਾਹ ਨੇ ਵੱਡੀ ਬਖਸ਼ਿਸ਼ ਕੀਤੀ ਹੈ –

*ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।*

ਆਓ, ਆਪਣੀਆਂ ਸੁਰਤੀਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਲੈ ਕੇ ਚੱਲੀਏ। ਜਿਥੇ ਦਸਮ ਪਾਤਸ਼ਾਹ ਮਹਾਰਾਜ ਜੀ ਨੇ ਪ੍ਰੀਖਿਆ ਕੀਤੀ ਹੈ, ਗੁਰਸਿੱਖਾਂ ਦੇ ਸੀਸ ਲਏ ਨੇ, ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਬ੍ਰਹਮਗਿਆਨ ਦੀ ਦਾਤ ਬਖਸ਼ੀ ਹੈ। ਉਸ ਵੇਲੇ ਮਹਾਰਾਜ ਨੇ ਆਹ ਬਖਸ਼ਿਸ਼ ਕੀਤੀ ਹੈ, ਆਹ ਬਚਨ ਉਥੇ ਕੀਤੇ –

*ਖ਼ਾਲਸਾ ਮੇਰੋ ਰੂਪ ਹੈ ਖਾਸ।*
*ਖ਼ਾਲਸੇ ਮਹਿ ਹੌਂ ਕਰਹੁੰ ਨਿਵਾਸ।*

*ਸਰਬ ਲੋਹ ਗ੍ਰੰਥ, ਪਾਤਸ਼ਾਹੀ ੧੦*

ਇਹ ਵੱਡੀ ਬਖਸ਼ਿਸ਼ ਕੀਤੀ ਹੈ। ਦਸਮ ਪਾਤਸ਼ਾਹ ਮਹਾਰਾਜ ਜੀ ਆਪਣੇ ਬਚਨਾਂ ਵਿਚ ਕਹਿੰਦੇ ਨੇ ਕਿ ਅਸੀਂ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਵਿਚ ਇਸ ਸੰਸਾਰ 'ਤੇ ਪ੍ਰਗਟ ਹੋਏ। ਜੋ ਸਾਨੂੰ ਹੁਕਮ ਹੋਇਆ ਅਸੀਂ ਉਹ ਕੀਤਾ –

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸਟ ਦੋਖੀਯਨਿ ਪਕਰਿ ਪਛਾਰੋ॥*
*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਿਨ॥* *ਬਚਿਤ੍ਰ ਨਾਟਕ*

ਕਈਆਂ ਦਾ ਵਿਚਾਰ ਹੈ ਕਿ ਬਚਨ ਆਉਂਦੈ ਕਿ 'ਧਰਮ ਚਲਾਵਨ'। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਿਰਮਲ ਪੰਥ ਚਲਾਇਆ, ਧਰਮ ਚਲਾਇਆ। ਉਹ ਜਿਹੜਾ ਪਹਿਲੇ ਸਰੂਪ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਧਰਮ ਚਲਾਇਆ, ਉਸ ਧਰਮ ਨੂੰ ਅੱਗੇ ਚਲਾਉਣੈ, ਮਰਿਯਾਦਾ ਪਰਪੱਕ ਕਰਨੀ ਹੈ, ਕੋਈ ਨਵਾਂ ਧਰਮ ਨਹੀਂ। ਜੋਤ ਓਹੀ ਹੈ, ਜੁਗਤ ਓਹੀ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਤੇ ਦਸਮ ਪਾਤਸ਼ਾਹ ਦੋ ਨਹੀਂ, ਇਕੋ ਰੂਪ ਹਨ। ਇਥੇ ਬਚਨ ਆਇਐ – ***'ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ॥'*** ਆਹ ਕਾਰਜ ਕਰਨੇ ਨੇ। ਉਹਦੇ ਵਾਸਤੇ ਆਪ ਜੀਆਂ ਨੇ ਜਿਹੜਾ ਵਿਸਾਖੀ ਦਾ ਦਿਹਾੜਾ ਸੀ, ਇਹ ਨਿਯਤ ਕੀਤਾ। ਵਿਸਾਖੀ, ਗੁਰੂ ਘਰ ਵਿਚ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਹੈ, ਭਾਈ ਪਾਰੋ ਜੀ ਵਰਗੇ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਦਇਆਲ ਸਤਿਗੁਰੂ ਸਦਾ ਹੀ ਬਖਸ਼ਿਸ਼ਾਂ ਕਰਦੇ ਹੋ, ਅਸਲ ਵਿਚ ਦਿਹਾੜੇ ਹੋਰ ਵੀ ਮਨਾਏ ਜਾਂਦੇ ਸਨ, ਜਦੋਂ ਅਸੀਂ ਪੁਰਾਤਨ ਇਤਿਹਾਸ ਪੜ੍ਹਦੇ ਹਾਂ, ਮਹੀਨੇ ਵਿਚ ਸੰਗਰਾਂਦ ਦਾ ਦਿਹਾੜਾ, ਮੱਸਿਆ ਦਾ ਦਿਹਾੜਾ, ਪੂਰਨਮਾਸੀ ਦਾ ਦਿਹਾੜਾ, ਹੋਰ ਖਾਸ ਦਿਹਾੜੇ ਮਨਾਏ ਜਾਂਦੇ ਸੀ।

ਗੁਰਸਿੱਖਾਂ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਇਕ ਐਸਾ ਦਿਹਾੜਾ ਬਖਸ਼ੋ ਜਦੋਂ ਸਾਰੀਆਂ ਸੰਗਤਾਂ, ਸਾਰੇ ਪ੍ਰਚਾਰਕ ਇਕੱਠੇ ਹੋਣ ਤੇ ਆਪ ਜੀ ਦੀਆਂ ਬਖਸ਼ਿਸ਼ਾਂ ਨਾਲ ਝੋਲੀਆਂ ਭਰੀਆਂ ਜਾਣ ਤੇ ਨਾਲੇ ਸੰਗਤ ਆਪਸ ਵਿਚ ਜੁੜੇਗੀ, ਪ੍ਰਚਾਰਕ ਜੁੜਨਗੇ ਤੇ ਗੁਰਮਤਿ ਦੀਆਂ ਵਿਚਾਰਾਂ ਹੋਣਗੀਆਂ। ਧੰਨ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਕਹਿੰਦੇ, ਭਾਈ ਪਾਰੋ! ਐ ਗੁਰਸਿੱਖੋ! ਤੁਸੀਂ ਆਹ ਭਲੇ ਦੀ ਵਿਚਾਰ ਕੀਤੀ ਹੈ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਵਿਸਾਖੀ ਦਾ ਦਿਹਾੜਾ ਬਖਸ਼ਿਆ। ਉਸ ਵੇਲੇ ਤੋਂ ਵਿਸਾਖੀ ਦਾ ਦਿਹਾੜਾ ਚੜ੍ਹਦੀ ਕਲਾ ਵਿਚ ਮਨਾਇਆ ਜਾਂਦਾ ਸੀ। ਦਸਮ ਪਾਤਸ਼ਾਹ ਜੀ ਨੇ ਵੀ ਇਹ ਦਿਹਾੜਾ ਚੁਣਿਆ। ਇਹਦੇ ਤੋਂ ਪਹਿਲਾਂ ਆਪ ਜੀ ਨੇ ਅੱਡ-ਅੱਡ ਪਰਤਾਵੇ ਲਏ ਨੇ, ਪ੍ਰੀਖਿਆ ਲਈ ਹੈ। ਜਿਹਦੇ ਵਿਚ ਵੈਸ਼ਨੂੰ ਬ੍ਰਾਹਮਣ ਪ੍ਰੀਖਿਆ ਲਈ, ਫੇਲ੍ਹ ਨਿਕਲੇ ਨੇ। ਜਿਹਦੇ ਵਿਚ ਜੋਗੀ, ਸੰਨਿਆਸੀਆਂ ਦੀ ਪ੍ਰੀਖਿਆ ਲਈ, ਉਹ ਵੀ ਫੇਲ੍ਹ ਨਿਕਲੇ ਨੇ। ਸ਼ਕਤੀ ਉਪਾਸ਼ਕ ਜਿਵੇਂ ਪੰਡਤ ਕੇਸੋਦਾਸ ਜਿਹੜਾ ਸੀ, ਮਹਾਰਾਜ! ਜੇਕਰ ਦੇਵਤਾ ਖੁਸ਼ ਹੋ ਜਾਵੇ, ਹਵਨ ਹੋ ਜਾਵੇ, ਪ੍ਰਗਟ ਹੋ ਜਾਵੇ, ਸਾਰੇ ਕਾਰਜ ਹੋ ਜਾਣਗੇ। ਮਹਾਰਾਜ ਕਹਿੰਦੇ, ਦੇਖ ਲੈ ਕਰਕੇ। ਪਹਾੜੀ 'ਤੇ ਚਲੇ ਗਏ, ਕਈ ਦਿਨ ਸਮੱਗਰੀ ਬੜੀ ਫੂਕੀ ਗਈ, ਕੁਛ ਨਹੀਂ ਬਣਿਆ। ਮਹਾਰਾਜ ਕਹਿੰਦੇ, ਕੇਸੋਦਾਸ ਜੀ! ਸਮਾਂ ਤਾਂ ਉਪਰ ਚਲਿਆ

ਗਿਆ। ਉਹਨੇ ਸੋਚਿਆ ਕਿ ਕੋਈ ਐਸੀ ਗੱਲ ਮੈਂ ਕਰਾਂ, ਜਿਹੜੀ ਦਸਮ ਪਾਤਸ਼ਾਹ ਮਹਾਰਾਜ ਨਾ ਕਰਨ ਤੇ ਸਾਡੀ ਜਾਨ ਛੁਟ ਜਾਵੇ।

ਸੱਚੇ ਪਾਤਸ਼ਾਹ! ਬਾਕੀ ਤਾਂ ਸਮੱਗਰੀ ਸਭ ਕੁਝ ਠੀਕ ਹੈ। ਹਵਨ ਠੀਕ ਚੱਲ ਰਿਹੈ ਪਰ ਦੇਵਤੇ ਨੂੰ ਬਲੀ ਦੇਣੀ ਪੈਂਦੀ ਹੈ। ਵਿਦਵਾਨ ਹੋਵੇ, ਉੱਚੀ ਕੁਲ ਦਾ ਹੋਵੇ, ਉਹਦੇ ਵਿਚ ਆਹ ਗੁਣ ਹੋਣ ਸਾਰੇ ਤੇ ਤੁਹਾਨੂੰ ਵੀ ਪਿਆਰਾ ਹੋਵੇ ਤੇ ਜੇ ਉਹਦੀ ਬਲੀ ਦਿਤੀ ਜਾਵੇ ਤੇ ਫੇਰ ਦੇਵਤਾ ਪ੍ਰਗਟ ਹੋ ਜਾਵੇਗਾ। ਦਸਮ ਪਾਤਸ਼ਾਹ ਮੁਸਕਰਾ ਕੇ ਕਹਿਣ ਲੱਗੇ, ਇਹ ਸਾਰੇ ਗੁਣ ਤਾਂ ਤੁਹਾਡੇ ਵਿਚ ਨੇ। ਤੁਸੀਂ ਸਾਨੂੰ ਬੜੇ ਪਿਆਰੇ ਹੋ। ਤਾਂ ਹੀ ਤਾਂ ਤੁਹਾਨੂੰ ਸਮੱਗਰੀ ਦਿਤੀ ਹੈ। ਫੇਰ ਤੁਸੀਂ ਉੱਚੀ ਕੁਲ ਦੇ ਹੋ, ਬ੍ਰਾਹਮਣ ਹੋ, ਵਿਦਵਾਨ ਹੋ, ਜੇ ਦੇਵਤਾ ਇਸ ਤਰ੍ਹਾਂ ਦੇ ਗੁਣਾਂ ਵਾਲੇ ਬੰਦੇ ਦੀ ਬਲੀ ਲੈਣਾ ਚਾਹੁੰਦਾ ਹੈ ਤੇ ਫੇਰ ਤੁਹਾਡੀ ਬਲੀ ਦੇ ਦਿੰਦੇ ਹਾਂ।

ਇਹ ਰਾਤ ਨੂੰ ਹੀ ਭੱਜ ਗਿਆ ਸਾਥੀਆਂ ਨੂੰ ਲੈ ਕੇ। ਮਹਾਰਾਜ ਨੇ ਕਿਹਾ ਕਿ ਸਾਰੀ ਸਮੱਗਰੀ ਸੁੱਟ ਦਿਓ ਉਤੇ। ਬੜੀਆਂ ਲਾਟਾਂ ਨਿਕਲੀਆਂ, ਕਈਆਂ ਨੂੰ ਬੜੇ ਭੁਲੇਖੇ ਲਗ ਗਏ। ਖੈਰ ਇਹ ਵੀ ਫੇਲ੍ਹ ਹੋ ਗਏ। ਰਾਜਿਆਂ ਦੀ ਪ੍ਰੀਖਿਆ ਲਈ, ਰਾਜੇ ਵੀ ਫੇਲ੍ਹ ਹੋ ਗਏ। ਜੋ ਮਸੰਦ ਸਨ, ਗੁਰੂ ਰਾਮਦਾਸ ਜੀ ਪਾਤਸ਼ਾਹ ਤੋਂ ਇਨ੍ਹਾਂ 'ਤੇ ਕ੍ਰਿਪਾ ਹੋਈ ਸੀ। ਉਸ ਵੇਲੇ ਮਸੰਦ ਸ਼ਬਦ ਜਿਹੜਾ ਸੀ, ਬੜਾ ਸਤਿਕਾਰਯੋਗ ਸੀ, ਬੜਾ ਪਿਆਰਾ ਸੀ। ਅੱਜ ਉਲਟਾ ਹੈ, ਅੱਜ ਜੇ ਕਿਸੇ ਨੂੰ ਫਿੱਕਾ ਬੋਲਣਾ ਹੋਵੇ ਤਾਂ ਮਸੰਦ ਸ਼ਬਦ ਉਹਦੇ ਨਾਲ ਜੋੜਿਆ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਮਹਾਰਾਜ ਨੇ ਗੁਰਮੁਖਾਂ ਨੂੰ, ਜਿਹੜੇ ਅਵਸਥਾ ਦੇ ਮਾਲਕ ਸਨ, ਸੇਵਾ ਸਿਮਰਨ ਦੇ ਵਿਚ ਪ੍ਰਪੱਕ ਸਨ, ਉਹਨਾਂ ਦੀਆਂ ਡਿਊਟੀਆਂ ਲਾਈਆਂ ਸਨ ਪ੍ਰਚਾਰ ਵਾਸਤੇ ਤੇ ਉਹ ਪ੍ਰਚਾਰ ਕਰਦੇ ਤੇ ਜੋ ਗੁਰੂ ਚਰਨਾਂ ਵਿਚ ਮਿਲਦਾ, ਉਹ ਸੰਗਤ ਵਿਚ ਲੈ ਕੇ ਆਉਂਦੇ। ਸਹਿਜੇ-ਸਹਿਜੇ ਸਮਾਂ ਆਇਆ ਇਹਨਾਂ ਦੇ ਜੀਵਨ ਵਿਚ ਬਹੁਤ ਗਿਰਾਵਟ ਆ ਗਈ। ਮਸੰਦ ਵੀ ਫੇਲ੍ਹ ਹੋ ਗਏ। ਮੈਂ ਸਿਰਫ ਇਸ਼ਾਰਾ ਹੀ ਕਰ ਰਿਹਾ ਹਾਂ। ਇਹ ਪੰਜ ਫੇਲ੍ਹ ਹੋ ਗਏ। ਗੁਰੂ ਮਹਾਰਾਜ ਨੇ ਹੁਣ ਗੁਰਸਿੱਖਾਂ ਦੀ ਪ੍ਰੀਖਿਆ ਕਰਨੀ ਸੀ, ਉਹਦੇ ਵਾਸਤੇ ਮੇਰੇ ਪਾਤਸ਼ਾਹ ਨੇ ਹੁਕਮਨਾਮੇ ਭੇਜੇ, ਚਿੱਠੀਆਂ ਭੇਜੀਆਂ। ਉਸ ਵੇਲੇ ਸਿੱਖੀ ਦੂਰ ਤਕ ਸੀ। ਕਿਥੇ ਕਾਬਲ, ਕੰਧਾਰ, ਪੇਸ਼ਾਵਰ, ਲੰਕਾ, ਆਸਾਮ, ਬ੍ਰਹਮਾ; ਹਰ ਜਗ੍ਹਾਂ ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਹੁਕਮਨਾਮੇ ਪਹੁੰਚੇ। ਉਥੇ ਲਿਖਿਆ ਕਿ ਜਿਸ ਪਰਿਵਾਰ ਵਿਚ ਚਾਰ ਜੀਅ ਨੇ ਘੱਟੋ-ਘੱਟ ਦੋ ਜ਼ਰੂਰ ਆਇਓ। ਸੱਚੇ ਪਾਤਸ਼ਾਹ ਦੇ ਹੁਕਮਨਾਮੇ ਪੜ੍ਹ ਕੇ ਸੰਗਤਾਂ ਮਸਤਕ ਨਾਲ ਲਾਉਂਦੀਆਂ ਨੇ। ਤਿਆਰੀਆਂ ਕਰ ਰਹੀਆਂ ਨੇ। ਏਧਰ ਸ੍ਰੀ ਅਨੰਦਪੁਰ ਸਾਹਿਬ ਤਿਆਰੀਆਂ ਹੋ ਰਹੀਆਂ ਨੇ, ਸੰਗਤਾਂ ਦੀ ਰਿਹਾਇਸ਼ ਵਾਸਤੇ, ਗੁਰੂ ਕੇ ਲੰਗਰਾਂ ਦੀਆਂ ਤਿਆਰੀਆਂ ਵੱਡੀ ਪੱਧਰ 'ਤੇ ਹੋ ਰਹੀਆਂ ਨੇ। ਓਧਰੋਂ ਸੰਗਤਾਂ ਨੇ ਚਾਲੇ ਪਾ ਦਿਤੇ, ਕਈ-ਕਈ ਮਹੀਨੇ ਲੱਗ ਜਾਂਦੇ ਸੀ, ਪੈਦਲ ਚਲਦਿਆਂ ਨੂੰ। ਅੱਜਕਲ੍ਹ ਵਾਂਗੂੰ ਸਵਾਰੀਆਂ ਦੇ ਇੰਤਜ਼ਾਮ ਨਹੀਂ ਸਨ ਪਰ ਸਾਰਿਆਂ ਦੇ ਅੰਦਰ ਇਕ ਭਾਵਨਾ ਹੈ, ਸੰਗਤਾਂ ਜਗ੍ਹਾ-ਜਗ੍ਹਾ ਵਿਸ਼ਰਾਮ ਕਰਦੀਆਂ ਨੇ, ਫੇਰ ਅੰਮ੍ਰਿਤ ਵੇਲੇ ਚਾਲੇ ਪਾ ਦਿੰਦੀਆਂ ਨੇ। ਐਸੀ ਭਾਵਨਾ ਹੈ ਅੰਦਰ -

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥*
*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥*

*ਅੰਗ- ੧੪੨੬*

ਗੁਰੂ ਦਰਸ਼ਨਾਂ ਦੀ ਅੰਦਰ ਪਿਆਸ ਹੈ, ਖਿੱਚ ਹੈ। ਕਈ ਦਿਨ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਰੌਣਕਾਂ ਲਗ ਗਈਆਂ। ਸ੍ਰੀ ਅਨੰਦਪੁਰ ਸਾਹਿਬ ਬਹੁਤ ਵੱਡੇ ਪੰਡਾਲ ਸਜ ਰਹੇ ਨੇ, ਮੇਰੇ ਸਾਹਿਬ ਜਾਣਦੇ ਨੇ ਕਿ ਕਿੰਨੀ ਸੰਗਤ ਆਉਣੀ ਹੈ। ਜਿਹੜੇ ਅਜੇ ਚੱਲੇ ਵੀ ਨਹੀਂ ਸਨ, ਜਿਹਨਾਂ ਦੇ ਅੰਦਰ ਫੁਰਨੇ ਚੱਲ ਰਹੇ ਸੀ, ਵਿਚਾਰ ਚਲ ਰਹੇ ਸੀ ਕਿ ਜਾਣਾ ਹੈ, ਮੇਰੇ ਸਾਹਿਬ ਉਹਨਾਂ ਨੂੰ ਵੀ ਜਾਣਦੇ ਸੀ ਕਿ ਇਹਨਾਂ ਨੇ ਆਉਣਾ ਹੈ। ਉਹ ਸਮਰੱਥ ਗੁਰੂ ਨੇ। ਕਿਤੇ ਸਵਾ ਲੱਖ ਦਾ ਸ਼ਾਮਿਆਨਾਂ ਆਸਾਮ ਤੋਂ ਆਇਆ ਹੋਇਆ, ਏਧਰ ਕਾਬਲ ਦੀ ਸੰਗਤ ਵਲੋਂ ਢਾਈ ਲੱਖ ਦਾ, ਹੋਰ ਸ਼ਾਮਿਆਨੇ, ਬਹੁਤ ਸੁੰਦਰ ਪੰਡਾਲ ਸਜ ਰਿਹਾ ਹੈ। ਉਹ ਦਿਨ ਆ ਗਿਆ, ਉਸ ਵੇਲੇ ਦਾ ਜਿਹੜਾ ਦਿਨ ਸੀ, ਇਤਿਹਾਸਕਾਰ ਵਿਦਵਾਨਾਂ ਨੇ 30 ਮਾਰਚ ਲਿਖੀ ਹੈ, ਉਸ ਵੇਲੇ ਦੀ ਵਿਸਾਖੀ। ਅੱਜਕੱਲ੍ਹ 13 ਅਪ੍ਰੈਲ ਜਾਂ 14 ਅਪ੍ਰੈਲ ਨੂੰ ਆਉਂਦੀ ਹੈ। ਇਹ ਜਿਹੜੇ ਅੰਗਰੇਜ਼ ਲੋਕ ਨੇ ਇਹ ਉਹਨਾਂ ਨੇ ਦਿਨ ਅੱਗੇ-ਪਿੱਛੇ ਕੀਤੇ ਨੇ। ਹੈ ਤਾਂ ਉਸ ਦਿਨ ਵਿਸਾਖੀ ਦੀ ਸੰਗਰਾਂਦ ਹੀ ਸੀ, ਪਰ ਮਾਰਚ 30 ਸੀ। ਚਾਰ ਵੱਡੇ ਦਰਵਾਜ਼ੇ ਹਨ, ਜਿਥੋਂ ਸੰਗਤਾਂ ਨੇ ਆਉਣੈ। ਅੰਦਰ ਗੁਰਸਿੱਖ ਕੀਰਤਨ ਕਰ ਰਹੇ ਨੇ। ਦਸਮ ਪਾਤਸ਼ਾਹ ਮਹਾਰਾਜ ਬੀਰ ਆਸਣ ਲਾ

ਕੇ ਬੈਠੇ ਨੇ। ਦਸਮ ਪਾਤਸ਼ਾਹ ਮਹਾਰਾਜ ਜਦੋਂ ਵੀ ਦਰਸ਼ਨ ਦਿੰਦੇ, ਬੀਰ ਆਸਣ ਹੀ ਲਾਉਂਦੇ। ਪਹਿਰੇਦਾਰਾਂ ਨੂੰ ਹੁਕਮ ਹੈ ਕਿ ਜਿਨ੍ਹਾਂ ਨੇ ਵੀ ਅੰਦਰ ਆਉਣੈ, ਆਹ ਸ਼ਬਦ ਪੜ੍ਹ ਕੇ ਆਉਣ। ਪਹਿਲਾ ਗੇਟ ਆਇਆ ਪਹਿਰੇਦਾਰਾਂ ਨੇ ਬੇਨਤੀ ਕੀਤੀ, ਆਹ ਉਪਰ ਪੜ੍ਹੋ ਤੇ ਅੰਦਰ ਜਾਓ। ਲਿਖਿਆ ਹੈ –

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਅੰਗ – ੧੪੧੨*

ਦੂਜੇ ਗੇਟ 'ਤੇ ਹੈ –

*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ – ੧੪੧੨*

ਤੀਜੇ ਗੇਟ 'ਤੇ ਹੈ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ – ੧੧੦੨*

ਚੌਥੇ ਗੇਟ 'ਤੇ ਹੈ। ਜਿਸ ਵਕਤ ਪੜ੍ਹਦੇ ਆਉਂਦੇ ਨੇ ਤਾਂ ਸੋਚਦੇ ਨੇ ਕਿ ਹੁਣ ਚੌਥੇ 'ਤੇ ਕੀ ਲਿਖਿਆ ਹੋਵੇਗਾ? ਅੰਦਰ ਖਿਆਲ ਆ ਰਹੇ ਨੇ ਕਿ ਇਹ ਕੋਈ ਵੱਡੀ ਬਖਸ਼ਿਸ਼ ਹੋਣੀ ਹੈ ਤੇ ਚੌਥੇ ਗੇਟ 'ਤੇ ਲਿਖਿਆ ਹੈ –

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*
*ਅੰਗ – ੧੧੦੫*

ਗੁਰੂ ਦੀਆਂ ਸੰਗਤਾਂ ਇਸ ਵਿਚਾਰ ਵਿਚ ਨੇ ਕਿ ਐਡੇ ਵੱਡੇ ਸਮਾਗਮ ਤੇ ਅੱਜ ਬਖਸ਼ਿਸ਼ਾਂ ਵੀ ਮੇਰੇ ਸਤਿਗੁਰੂ ਵੱਡੀਆਂ ਹੀ ਕਰਨਗੇ –

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ – ੭੫੦*

ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨ ਕਰ-ਕਰ ਕੇ ਨਿਹਾਲ ਹੋ ਰਹੀਆਂ ਨੇ –

*ਦਰਸਨੁ ਦੇਖਿ ਜੀਵਾ ਗੁਰ ਤੇਰਾ ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ਅੰਗ – ੭੪੨*
*ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥*
*ਹਉ ਬਲਿਹਾਰੀ ਸਤਿਗੁਰ ਚਰਣਾ ॥ ਅੰਗ – ੫੯੨*

*ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥*
*ਹਉ ਕੁਰਬਾਣੀ ਤੇਰਿਆ ਸੇਵਕਾ*
*ਜਿਨ੍ ਹਰਿ ਨਾਮੁ ਪਿਆਰਾ ॥ ਅੰਗ – ੭੪੭*

ਆਪਣੀ-ਆਪਣੀ ਜਗ੍ਹਾ ਸੰਗਤਾਂ ਸਜ ਰਹੀਆਂ ਨੇ। ਜਿਸ ਵੇਲੇ ਸਾਰੀਆਂ ਸੰਗਤਾਂ ਗੁਰੂ ਦਰਬਾਰ ਵਿਚ ਪਹੁੰਚ ਗਈਆਂ। ਕੀਰਤਨ ਦੀ ਸੰਪੂਰਨਤਾ ਹੋਈ। ਦਸਮ ਪਾਤਸ਼ਾਹ ਮਹਾਰਾਜ ਸਟੇਜ 'ਤੇ ਖੜ੍ਹੇ ਹੋਏ ਨੇ, ਮਿਆਨ ਵਿਚੋਂ ਆਪਣੀ ਸ੍ਰੀ ਸਾਹਿਬ, ਭਗਉਤੀ, ਕੱਢ ਕੇ ਉਪਰ ਲਹਿਰਾਈ। ਓਸ ਵੇਲੇ ਗਰਜਵੀਂ ਅਵਾਜ਼ ਵਿਚ ਆਪ ਜੀ ਨੇ ਆਹ ਬਚਨ ਕੀਤਾ –

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸਟ ਦੋਖਯਨਿ ਪਕਰਿ ਪਛਾਰੋ॥*
*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਿਨ॥ ਬਚਿਤ੍ਰ ਨਾਟਕ*

ਇਕ ਮਜ਼੍ਹਬ ਹੁੰਦੈ, ਇਕ ਧਰਮ ਹੁੰਦੈ। ਇਹ ਸਿੱਖ ਧਰਮ ਹੈ, ਮਜ਼੍ਹਬ ਅਲੱਗ-ਅਲੱਗ ਹਨ। ਜਦੋਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ 'ਤੇ ਮਨਾਇਆ, ਬਾਹਰਲੇ ਪਾਸੇ ਪੰਡਾਲ ਲੱਗੇ ਸੀ ਤੇ ਉਥੇ ਕਈ ਗੁਰਮੁਖ ਪਿਆਰੇ, ਰੱਬ ਦੇ ਪਿਆਰੇ ਆਏ। ਨਜਾਮੂਦੀਨ ਔਲੀਆ ਦੇ ਸਥਾਨ ਤੋਂ, ਦਿੱਲੀ ਤੋਂ ਜਿਹੜਾ ਰੱਬ ਦਾ ਪਿਆਰਾ ਆਇਆ ਉਸ ਨੇ ਦੋ ਬਚਨ ਕਮਾਲ ਦੇ ਕੀਤੇ। ਪਹਿਲਾ ਬਚਨ – ਕਹਿੰਦੇ ਜੇ ਸਾਰਾ ਸੰਸਾਰ, ਇਕ ਧਰਮ ਵਿਚ ਆ ਸਕਦੈ ਤਾਂ ਉਹ ਸਿੱਖ ਧਰਮ ਹੈ। ਦੁਨੀਆਂ ਦੇ ਅੰਦਰ, ਜਿਹਦੇ ਵਿਚ ਸਾਰਾ ਸੰਸਾਰ ਆ ਸਕੇ, ਜੇ ਕੋਈ ਧਰਮ ਹੈ ਤਾਂ ਉਹ ਸਿੱਖ ਧਰਮ ਹੈ। ਜੇ ਸਾਰੇ ਸੰਸਾਰ ਦਾ ਇਕ ਗੁਰੂ ਹੋ ਸਕਦੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ। ਸੋ ਇਹ ਸਿੱਖ ਧਰਮ ਹੈ। ਧਰਮ ਦੇ ਦਸ ਗੁਣ ਹਨ। ਖਿਮਾ ਹੈ, ਅਹਿੰਸਾ ਹੈ, ਦਇਆ ਹੈ, ਸਤਿ ਹੈ, ਸੇਵਾ ਭਾਵ ਹੈ, ਸ਼ੀਲ ਹੈ, ਸ਼ੌਚ ਹੈ, ਧੀਰਜ ਹੈ, ਸੰਤੋਖ ਹੈ, ਪਿਆਰ ਹੈ। ਇਹ ਦਸ ਗੁਣ ਹਨ, ਧਰਮ ਦੇ। ਦਸਮ ਪਾਤਸ਼ਾਹ ਮਹਾਰਾਜ ਕਹਿੰਦੇ, ਇਸ ਕਾਰਜ ਵਾਸਤੇ ਅਸੀਂ ਸੰਸਾਰ 'ਤੇ ਆਏ ਹਾਂ। ਇਸ ਕਾਰਜ ਨੂੰ ਸੰਪੂਰਨ ਕਰਨਾ ਹੈ ਤੇ ਸਾਹਿਬ ਕਹਿੰਦੇ, ਉੱਠੋ! ਇਕ ਸੀਸ ਦੀ ਮੰਗ ਮੇਰੇ ਦਸਮ ਪਾਤਸ਼ਾਹ ਮਹਾਰਾਜ ਨੇ ਕੀਤੀ। ਉਸੇ ਵੇਲੇ ਭਾਈ ਦਇਆ ਰਾਮ ਜੀ ਲਾਹੌਰ ਵਾਲੇ ਉਠੇ।

ਆਪ ਜੀ ਨਾਲ ਮੈਂ ਪਿਆਰੇ ਮਹਾਂਪੁਰਸ਼ਾਂ ਦਾ ਬਚਨ ਸਾਂਝਾਂ ਕਰਦਾ ਹਾਂ। ਆਮ ਤੌਰ 'ਤੇ ਅਸੀਂ ਪੜ੍ਹਦੇ ਤੇ ਸੁਣਦੇ ਹਾਂ ਜਾਂ ਕਹਿੰਦੇ ਵੀ ਹਾਂ ਸਟੇਜਾਂ 'ਤੇ ਕਿ ਪਹਿਲੀ ਅਵਾਜ਼ 'ਤੇ ਕੋਈ ਉਠਿਆ ਹੀ ਨਾ। ਸਭ ਨੇ ਨੀਵੀਆਂ ਪਾ ਲਈਆਂ। ਜੇ ਆਪਾਂ ਇਹ ਗੱਲ ਮੰਨਦੇ ਹਾਂ ਕਿ ਪਹਿਲੀ ਅਵਾਜ਼ 'ਤੇ ਕੋਈ ਉਠਿਆ ਹੀ ਨਹੀਂ ਤਾਂ ਸਿੱਖੀ ਫੇਲ੍ਹ ਹੈ ਫੇਰ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਤੋਂ ਪਹਿਲਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਭਾਈ ਮਤੀ ਦਾਸ ਜੀ ਆਪਣਾ ਤਨ ਆਰੇ ਨਾਲ ਚਿਰਵਾ ਚੁੱਕੇ ਸੀ, ਭਾਈ ਸਤੀ ਦਾਸ ਜੀ, ਉਨ੍ਹਾਂ ਦੇ ਭਰਾ ਉਹਨਾਂ ਨੂੰ ਰੂੰ ਬੰਨ੍ਹ ਕੇ ਸ਼ਹੀਦ ਕੀਤਾ ਸੀ। ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਸੀ। ਸਿੱਖੀ 1699 ਦੀ ਵਿਸਾਖੀ ਨੂੰ ਪੂਰੇ ਜੋਬਨ 'ਤੇ ਸੀ। ਇਹ ਨਹੀਂ ਕਿ ਕੋਈ ਉਠਿਆ ਹੀ ਨਹੀਂ ਹੈ। ਫੇਰ ਕਈ ਕਹਿੰਦੇ ਨੇ ਕਿ ਜੀ, ਦੂਸਰੀ ਅਵਾਜ਼ ਮਾਰੀ ਤਾਂ ਵੀ ਕੋਈ ਨਾ ਉਠਿਆ। ਤੀਸਰੀ ਅਵਾਜ਼ 'ਤੇ ਭਾਈ ਦਇਆ ਰਾਮ ਜੀ ਉੱਠੇ। ਨਹੀਂ, ਨਹੀਂ ਸਾਨੂੰ ਗੁਰਮਤਿ ਦੇ ਅਨੁਸਾਰ ਵਿਚਾਰ ਕਰਨੀ ਚਾਹੀਦੀ ਹੈ। ਪਹਿਲੀ ਅਵਾਜ਼ ਦੇ ਉਤੇ ਹੀ ਭਾਈ ਦਇਆ ਰਾਮ ਜੀ ਉੱਠੇ। ਹੱਥ ਜੋੜੇ ਹੋਏ ਸੱਚੇ ਪਾਤਸ਼ਾਹ ਵਲ ਨੂੰ ਪੜ੍ਹਦੇ ਆ ਰਹੇ ਨੇ। 'ਐਸਿਆਂ ਗੁਰਾਂ ਨੂੰ ਸੀਸ ਕਰਾਂ ਭੇਟ ਆਪਣਾ।'

*ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥*
*ਮੁਲਿ ਨ ਪਾਇਆ ਜਾਇ ਕਿਸੈ ਵਿਟਹੁ*
*ਰਹੇ ਲੋਕ ਵਿਲਲਾਇ ॥*
*ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ*
*ਵਿਚਹੁ ਆਪੁ ਜਾਇ ॥* *ਅੰਗ – ੯੨੧*

ਆਪਣਾ ਆਪ ਭੇਟ ਕੀਤਾ ਤੇ ਮੇਰੇ ਦਸਮ ਪਾਤਸ਼ਾਹ ਮਹਾਰਾਜ ਨੇ ਉਸ ਦਾ ਸੀਸ ਲਿਆ। ਇਥੇ ਦੋ ਵੀਚਾਰਾਂ ਆਮ ਚਲਦੀਆਂ ਆਉਂਦੀ ਨੇ। ਮੈਂ ਅੱਗੇ ਜਾ ਕੇ ਥੋੜ੍ਹੀ ਬੇਨਤੀ ਕਰਾਂ। ਦਸਮ ਪਾਤਸ਼ਾਹ ਦੀ ਸ੍ਰੀ ਸਾਹਿਬ ਖੂਨ ਨੁਚੜਦੀ ਹੋਈ ਫੇਰ ਉਪਰ ਕੀਤੀ ਤੇ ਇਕ ਹੋਰ ਸੀਸ ਦੀ ਮੰਗ ਕੀਤੀ। ਇਹ ਬਚਨ ਸੁਣਦਿਆਂ ਸਾਰ ਭਾਈ ਧਰਮ ਦਾਸ ਜੀ, ਹਸਤਨਾਪੁਰ ਦੇ, ਦਿੱਲੀ ਤੋਂ ਮੇਰਠ ਰੋਡ 'ਤੇ ਇਹ ਨਗਰ ਹੈ, ਉਥੇ ਗੁਰਦੁਆਰਾ ਸਾਹਿਬ ਬਣੇ ਨੇ, ਨਗਰ ਦਾ ਨਾਮ ਹੈ ਹਸਤਨਾਪੁਰ। ਉਹ ਤੁਰੇ ਆਉਂਦੇ ਨੇ ਤੇ ਪੜ੍ਹਦੇ ਆਉਂਦੇ ਨੇ –

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ– ੧੩੭੫*

ਉਸ ਨੇ ਵੀ ਸੀਸ ਭੇਟ ਕੀਤਾ। ਦੂਸਰਾ ਸੀਸ ਲਿਆ ਦਸਮ ਪਾਤਸ਼ਾਹ ਨੇ। ਤੀਸਰੇ ਸੀਸ ਦੀ ਮੰਗ ਕੀਤੀ ਹੈ, ਅਵਾਜ਼ ਸੁਣਦਿਆਂ ਸਾਰ ਭਾਈ ਹਿੰਮਤ ਸਿੰਘ ਜੀ ਦੌੜੇ ਆਉਂਦੇ ਨੇ। ਇਹ ਜਗਨਨਾਥ ਪੁਰੀ ਤੋਂ ਆਏ ਸਨ। ਉਸ ਵੇਲੇ ਆਹ ਪੜ੍ਹਦੇ ਆਉਂਦੇ ਨੇ – ***'ਸਾਹਿਬਾ! ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ, ਮੈਂ ਕੀ ਜਾਣਾ ਤੇਰੀ ਸਾਰ ਨੂੰ।'***

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ਅੰਗ – ੭੨੬*

ਗੁਰੂ ਸਾਹਿਬ ਨੇ ਇਸ ਦਾ ਸੀਸ ਵੀ ਲਿਆ। ਐਨੇ ਨੂੰ ਕੁਛ ਜਿਹੜੇ ਸੀ, ਜਿਨ੍ਹਾਂ ਦੇ ਅੰਦਰ ਪੂਰੀ ਪ੍ਰਤੀਤ ਤੇ ਪ੍ਰੀਤ ਨਹੀਂ ਸੀ, ਉਹਨਾਂ ਦੇ ਸਾਹ ਤੇਜ਼ ਹੋ ਗਏ, ਉਹ ਖਿਸਕਣੇ ਸ਼ੁਰੂ ਹੋ ਗਏ। ਸਾਰੇ ਨਹੀਂ, ਥੋੜ੍ਹੇ ਜਿੰਨੇ। ਕੁਝ ਗੁਰਸਿੱਖ ਜਿਹੜੇ ਸੀ, ਕਈਆਂ ਨੇ ਮਸੰਦ ਲਿਖਿਆ ਹੈ। ਧੰਨ-ਧੰਨ ਮਾਤਾ ਗੁਜਰ ਕੌਰ ਜੀ ਕੋਲ ਗਏ, ਮਾਤਾ ਜੀ! ਅੱਜ ਨਵਾਂ ਹੀ ਕੰਮ ਹੋ ਰਿਹੈ। ਜਾ ਕੇ ਤਾਂ ਦੇਖੋ, ਦਸਮ ਪਾਤਸ਼ਾਹ ਮਹਾਰਾਜ ਗੁਰਸਿੱਖਾਂ ਦੇ ਸੀਸ ਕੱਟ ਰਹੇ ਨੇ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਤੱਕ ਐਸਾ ਹੋਇਐ ਕੀ? ਇਹਦੇ ਬਾਰੇ ਕੁਝ ਸੋਚੋ, ਵਿਚਾਰ ਕਰੋ, ਸਿੱਖਾਂ ਦੇ ਸੀਸ ਕੱਟਣੇ ਸ਼ੁਰੂ ਕਰ ਦਿਤੇ। ਜੇ ਉਹਨਾਂ ਨੇ ਦੇਖਿਆ ਸੀ, ਤਾਂ ਹੀ ਮਾਤਾ ਜੀ ਕੋਲ ਗਏ ਸੀ। ਧੰਨ-ਧੰਨ ਮਾਤਾ ਗੁਜਰ ਕੌਰ ਜੀ, ਜਿਨ੍ਹਾਂ ਦੀ ਕਮਾਈ ਬਹੁਤ ਸੀ, ਜਿਹਦੇ ਬਾਰੇ ਦਸਮ ਪਾਤਸ਼ਾਹ ਮਹਾਰਾਜ ਕਹਿੰਦੇ ਨੇ ਕਿ ਇਹਨਾਂ ਦੀ ਕਮਾਈ ਕਰਕੇ ਹੀ ਸਾਨੂੰ ਇਨ੍ਹਾਂ ਦੇ ਗ੍ਰਿਹਿ ਵਿਖੇ ਪ੍ਰਗਟ ਹੋਣ ਦਾ, ਅਕਾਲ ਪੁਰਖ ਵਲੋਂ ਹੁਕਮ ਹੋਇਆ।

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾਤੇ ਭਏ ਪ੍ਰਸੰਨਿ ਗੁਰਦੇਵਾ॥*
*ਤਿਨ ਪ੍ਰਭ ਜਬ ਆਇਸੁ ਮੁਹਿ ਦੀਆ॥*
*ਤਬ ਹਮ ਜਨਮ ਕਲੂ ਮਹਿ ਲੀਆ॥* ਬਚਿਤ੍ਰ ਨਾਟਕ

ਦੁਨੀਆਂ ਦੇ ਅੰਦਰ ਇਕੋ-ਇਕ ਮਾਤਾ ਧੰਨ-ਧੰਨ ਮਾਤਾ ਗੁਜਰ ਕੌਰ ਜੀ ਸਨ, ਜਿਨ੍ਹਾਂ ਦੀ ਐਨੀ ਕਮਾਈ ਸੀ ਕਿ ਦਸਮ ਪਾਤਸ਼ਾਹ ਮਹਾਰਾਜ ਦੇ ਜੋ

ਮਾਤਾ ਜੀ ਬਣ ਸਕਦੇ ਸੀ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਿਤਾ ਜੀ ਬਣ ਸਕਦੇ ਸੀ। ਹੋਰ ਕਿਸੇ ਮਾਂ ਦੀ ਐਨੀ ਕਮਾਈ ਨਹੀਂ ਸੀ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਾਤਾ, ਮਾਤਾ ਤ੍ਰਿਪਤਾ ਜੀ ਉਹਨਾਂ ਦੀ ਜਨਮਾਂ-ਜਨਮਾਂ ਦੀ ਕਮਾਈ ਸੀ। ਕੇਵਲ ਓਹੀ ਮਾਤਾ ਜੀ ਬਣ ਸਕਦੇ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਬਾਬਾ ਕਲਿਆਣ ਰਾਇ ਜੀ, ਆਮ ਮਹਿਤਾ ਕਾਲੂ ਆਪਾਂ ਕਹੀ ਜਾਂਦੇ ਹਾਂ, ਛੋਟਾ ਨਾਉਂ ਲੈਂਦੇ ਹਾਂ। ਪਿਛਲੇ ਜਨਮਾਂ ਵਿਚ ਉਹਨਾਂ ਨੇ ਐਨੀ ਤਪੱਸਿਆ ਕੀਤੀ, ਕਮਾਈ ਕੀਤੀ ਸੀ, ਉਸ ਵੇਲੇ ਬਚਨ ਲਏ ਸੀ ਓਸ ਮਾਲਕ ਤੋਂ, ਓਸ ਰੱਬ ਤੋਂ, ਉਹ ਬਚਨ ਪੂਰਾ ਕੀਤਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*ਅੰਗ- ੧੩੯੫*

ਸਾਰੇ ਹੀ ਗੁਰੂ ਸਾਹਿਬਾਨ ਦੀਆਂ ਮਾਤਾਵਾਂ ਧੰਨ ਸਨ। ਉਹਨਾਂ ਦੀਆਂ ਕਮਾਈਆਂ ਧੰਨ ਸਨ। ਧੰਨ-ਧੰਨ ਮਾਤਾ ਗੁਜਰ ਕੌਰ ਜੀ ਕਹਿਣ ਲੱਗੇ, ਉਹ ਸਮਰੱਥ ਗੁਰੂ ਨੇ ਤੁਸੀਂ ਭਰੋਸਾ ਰੱਖੋ। ਜੇ ਅੱਜ ਸੀਸ ਕੱਟ ਰਹੇ ਨੇ ਤੇ ਅੱਜ ਬਖਸ਼ਿਸ਼ਾਂ ਵੀ ਵੱਡੀਆਂ ਹੀ ਕਰਨਗੇ।

ਏਧਰ ਦਸਮ ਪਾਤਸ਼ਾਹ ਮਹਾਰਾਜ ਜੀ ਨੇ ਚੌਥੇ ਸੀਸ ਦੀ ਮੰਗ ਕੀਤੀ। ਭਾਈ ਮੋਹਕਮ ਚੰਦ ਜੀ ਦਵਾਰਕਾ ਤੋਂ ਆਏ ਹੋਏ ਸੀ। ਪੜ੍ਹਦੇ ਆਉਂਦੇ ਨੇ-

*ਮਨੁ ਤਨੁ ਤੇਰਾ ਧਨੁ ਭੀ ਤੇਰਾ ॥*
*ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥*
*ਜੀਉ ਪਿੰਡੁ ਸਭੁ ਰਾਸਿ ਤੁਮਾਰੀ*
*ਤੇਰਾ ਜੋਰੁ ਗੋਪਾਲਾ ਜੀਉ ॥* *ਅੰਗ - ੧੦੬*

ਸੀਸ ਭੇਟ ਕੀਤਾ। ਥੋੜ੍ਹੀ ਦੇਰ ਬਾਅਦ ਦਸਵੇਂ ਪਾਤਸ਼ਾਹ ਮਹਾਰਾਜ ਨੇ ਪੰਜਵੇਂ ਸੀਸ ਦੀ ਮੰਗ ਕੀਤੀ। ਭਾਈ ਸਾਹਿਬ ਚੰਦ ਜੀ, ਬਿਦਰ ਤੋਂ ਆਉਂਦੇ ਨੇ। ਇਹ ਜਿਹੜੇ ਗੁਰਮੁਖ ਜਿਵੇਂ ਭਾਈ ਦਇਆ ਰਾਮ ਜੀ ਤਾਂ ਲਾਹੌਰ ਤੋਂ ਹੋ ਗਏ, ਭਾਈ ਧਰਮ ਦਾਸ ਜੀ ਹਸਤਨਾਪੁਰ ਤੋਂ, ਭਾਈ ਹਿੰਮਤ ਰਾਏ ਜੀ ਜਗਨਨਾਥ ਪੁਰੀ ਤੋਂ, ਇਸੇ ਤਰ੍ਹਾਂ ਭਾਈ ਮੋਹਕਮ ਚੰਦ ਜੀ ਦਵਾਰਕਾ ਤੋਂ, ਭਾਈ ਸਾਹਿਬ ਚੰਦ ਜੀ ਬਿਦਰ ਤੋਂ। ਆਹ ਜਿਹੜੇ ਗੁਰਸਿੱਖ ਦੂਰੋਂ ਆਏ ਸੀ, ਇਹਨਾਂ ਦਾ ਪਿਛੋਕੜ ਪੰਜਾਬ ਨਾਲ ਮਿਲਦਾ ਸੀ। ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ, ਇਹਨਾਂ ਦੇ ਵੱਡੇ ਬਜ਼ੁਰਗ ਇਥੋਂ ਹੀ ਗਏ ਸਨ। ਇਹ ਪਹਿਲਾਂ ਗੁਰਸਿੱਖੀ ਵਿਚ ਸਨ।

ਹੁਣ ਭਾਈ ਸਾਹਿਬ ਚੰਦ ਜੀ ਆ ਰਹੇ ਨੇ। ਭਾਈ ਸਾਹਿਬ ਜੀ ਅੰਦਰ ਐਸੀ ਭਾਵਨਾ ਹੈ - ***'ਨਿਭਜੈ ਵਾਹਿਗੁਰੂ ਨਿਭਜੈ ਗੁਰ-ਪੀਰਾਂ ਨਾਲ ,ਮੁਰੀਦਾਂ ਦੀ।'*** -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਆਹ ਅਰਦਾਸ ਹੈ। ਪੰਜਵਾਂ ਸੀਸ ਵੀ ਸੱਚੇ ਪਾਤਸ਼ਾਹ ਜੀ ਨੇ ਲਿਆ। ਥੋੜ੍ਹੀ ਦੇਰ 'ਚ ਹੀ ਸੰਗਤਾਂ ਕੀ ਦੇਖ ਰਹੀਆਂ ਨੇ ਕਿ ਚਿੱਟੇ ਸਾਫ ਵਸਤਰ ਪੰਜਾਂ ਨੂੰ ਮਹਾਰਾਜ ਨੇ ਪਹਿਨਾ ਦਿਤੇ। ਇਥੇ ਦੋ ਵੀਚਾਰਾਂ ਆਮ ਚਲਦੀਆਂ ਨੇ। ਬਹੁਤ ਸਾਰਿਆਂ ਦੇ ਖਿਆਲ ਐਸੇ ਨੇ ਕਿ ਸੱਚੇ ਪਾਤਸ਼ਾਹ ਜੀ ਨੇ ਪਿਛਲੇ ਪਾਸੇ ਸਟੇਜ ਦੇ ਤੰਬੂ ਲਾਇਆ ਸੀ। ਕੁਛ ਵਿਦਵਾਨ ਜਿਹੜੇ ਨੇ ਉਹ ਕਹਿੰਦੇ ਨੇ ਜੇ ਤੁਸੀਂ ਇਹ ਗੱਲ ਮੰਨਦੇ ਹੋ, ਇਹ ਫੇਰ ਗੁਰੂ ਸਾਹਿਬ ਜਾਣਦੇ ਨੇ। ਤੁਸੀਂ ਕਿਸੇ ਗੱਲ 'ਚ ਟੀਕਾ ਟਿਪਣੀ ਨਹੀਂ ਕਰ ਸਕਦੇ। ਪੰਜ ਪਿਆਰੇ ਜਾਣਦੇ ਨੇ ਤੇ ਗੁਰੂ ਸਾਹਿਬ ਜਾਣਦੇ ਨੇ ਫੇਰ। ਕਈਆਂ ਨੇ ਕੁਛ ਐਸੀਆਂ ਗੱਲਾਂ ਲਿਖ ਦਿਤੀਆਂ, ਜਿਹੜੀਆਂ ਗੁਰਮਤਿ ਨਾਲ ਨਹੀਂ ਮਿਲਦੀਆਂ। ਅਬਦੁੱਲ ਤੁਰਾਨੀ, ਜਿਹੜਾ ਔਰੰਗਜ਼ੇਬ ਦਾ ਭੇਜਿਆ ਹੋਇਆ ਜਾਸੂਸ, ਜਿਹੜਾ ਦੋ ਸਾਲ ਤੋਂ ਰਹਿੰਦਾ ਸੀ। ਪਹਿਲਾਂ ਇਹ ਬ੍ਰਾਹਮਣ ਸੀ, ਇਹਨੂੰ ਜ਼ਬਰਦਸਤੀ ਇਸਲਾਮ ਵਿਚ ਲਿਆਂਦਾ। ਔਰੰਗਜ਼ੇਬ ਨੇ ਇਹਦੀ ਡਿਊਟੀ ਲਾਈ ਕਿ ਅਨੰਦਪੁਰ ਦੀਆਂ ਖਬਰਾਂ ਤੂੰ ਮੈਨੂੰ ਦੱਸਿਆ ਕਰ। ਅੱਜ ਵੀ ਸਾਰੇ ਦੇਸ਼ਾਂ 'ਚ ਇਕ ਦੂਜੇ ਜਾਸੂਸ ਅੰਦਰ ਹੁੰਦੇ ਨੇ। ਗੁਪਤ ਰੂਪ 'ਚ ਰਹਿੰਦੇ ਨੇ, ਕਈ ਫੜੇ ਵੀ ਜਾਂਦੇ ਨੇ। ਓਸ ਵੇਲੇ ਵੀ ਜਿਵੇਂ ਜਿਹੜੇ ਗੁਰਸਿੱਖ ਸੀ ਉਹ ਵੀ ਭੇਸ ਬਦਲ ਕੇ ਦਿੱਲੀ ਦੀਆਂ ਸਾਰੀਆਂ ਖਬਰਾਂ ਲੈ ਕੇ ਆਉਂਦੇ ਸਨ ਤੇ ਦਸਮ ਪਾਤਸ਼ਾਹ ਨੂੰ ਦਸਦੇ ਸਨ।

*ਚਲਦਾ.........।'*

# ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*
*ਗੁਰਮੁਖਿ ਪਿਆਰੇ ਆਇ ਮਿਲੁ*
*ਮੈ ਚਿਰੀ ਵਿਛੁੰਨੇ ਰਾਮ ਰਾਜੇ ॥*
*ਮੇਰਾ ਮਨੁ ਤਨੁ ਬਹੁਤੁ ਬੈਰਾਗਿਆ*
*ਹਰਿ ਨੈਣ ਰਸਿ ਭਿੰਨੇ ॥*
*ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ*
*ਮਿਲਿ ਹਰਿ ਮਨੁ ਮੰਨੇ ॥*
*ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥*
*ਅੰਗ - ੪੪੯*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*
*ਅੰਗ - ੧੦੯੪*

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ - ੧੧੦੦*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥*
*ਅੰਗ - ੮੩*

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ- ੭੨੯*

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ - ੯੫੭*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ੨ ॥*
*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*
*ਸਚਾ ਸੁਖੁ ਸਚੀ ਵਡਿਆਈ*
*ਜਿਸ ਕੇ ਸੇ ਤਿਨਿ ਜਾਤੇ ॥ ੩ ॥*
*ਪਖਾ ਫੇਰੀ ਪਾਣੀ ਢੋਵਾ*
*ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ*
*ਤੇਰੇ ਜਨ ਦੇਖਣੁ ਪਾਵਾ ॥ ੪ ॥ ੭ ॥ ੫੪ ॥*
*ਅੰਗ- ੭੪੯*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ। ਸਾਹਿਬ ਦਾ ਓਟ ਆਸਰਾ ਲੈ ਕੇ ਮਹਾਂਪੁਰਸ਼ਾਂ ਦੀ ਯਾਦ ਮਨਾਈ ਜਾ ਰਹੀ ਹੈ। ਯਾਦ ਕੀ ਹੈ? ਇਬਾਦਤ ਹੈ। ਉਹ ਪ੍ਰਮੇਸ਼ਰ ਯਾਦ ਆਉਂਦਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- ੫੨੦*

ਮਹਾਂਪੁਰਸ਼ਾਂ ਨੇ ਜੁਗਤ ਦਸੀ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ- ੩੧੯*

ਉਹ ਅਵਸਥਾ ਦਾ ਨਾਮ ਹੈ।

ਉਸ ਘਰ ਦੇ ਬਾਰੇ ਕਿਹਾ ਹੈ ਜਿਸ ਘਰ ਦੇ ਵਿਚ ਨਿਵਾਸ ਰੱਖ ਕੇ ਇਹ ਸਰੀਰ ਰੂਪੀ ਘਰ ਦੇ ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ ਤੇ ਦਸਵਾਂ ਅੰਦਰ ਨੂੰ ਖੁਲ੍ਹਦਾ ਹੈ। ਜਦੋਂ ਬਾਹਰਲੇ ਦਰਵਾਜ਼ੇ ਬੰਦ ਕਰ ਦਿਤੇ -

*ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥*
*ਅੰਗ- ੬੫੬*

ਫੇਰ ਉਹ ਵਜਦੇ ਨੇ ਅਤੇ ਇਹ ਧੁਨ ਬਣ ਜਾਂਦੀ ਹੈ। ਇਸ ਤਰ੍ਹਾਂ ਮਹਾਂਪੁਰਸ਼ਾਂ ਨੇ ਸੱਤਵੇਂ ਸਮਾਗਮ 'ਤੇ ਜੁਗਤ ਦਰਸਾਈ ਸੀ। ਬੇਅੰਤ ਤਰੀਕੇ ਹਨ। ਜੋ ਸੀਨੇ-ਬ-ਸੀਨੇ ਚਲਿਆ ਆ ਰਿਹਾ ਹੈ - ਬੈਖਰੀ ਬਾਣੀ 'ਚ ਬੋਲ ਕੇ, ਮਧਮਾ 'ਚ ਅੰਦਰ, ਸੁਣਨਾ, ਫੇਰ ਹਿਰਦੇ 'ਚ ਹੋਣਾ, ਪਸੰਤੀ ਬਾਣੀ 'ਚ, ਪਰਾ ਬਾਣੀ 'ਚ, ਫੇਰ ਨਾਭੀ 'ਤੇ ਜ਼ੋਰ ਦੇ ਕੇ ਸਵਾਸ 'ਤੇ ਲੈ ਆਉਣਾ, ਇਹ ਸੱਤਵੇਂ ਸਮਾਗਮ 'ਤੇ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਨੇ ਜੁਗਤ ਦਰਸਾਈ ਕਿ ਕਿਸ ਤਰ੍ਹਾਂ ਕਰਨਾ ਹੈ।

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*

*ਸਫਲ ਤਿਨਾ ਕੇ ਕਾਮਾ ॥ ੧ ॥*
*ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥*
*ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥*
*ਅੰਗ - ੭੪੯*

ਭਾਗਾਂ ਵਾਲੇ, ਉਨ੍ਹਾਂ ਨੂੰ ਕਿਹਾ ਹੈ, ਜਿਹੜੇ ਸਰੀਰ ਰੂਪੀ ਘਰ ਦੇ ਵਿਚ, ਜਿਥੇ ਨਾਮ ਹੈ, ਉਸ ਦੇ ਵਿਚ ਨਿਵਾਸ ਰਖਦੇ ਹਨ। 'ਜਿਨ੍ ਘਰਿ ਧਨੁ ਹਰਿ ਨਾਮਾ ॥' ਗੁਰਬਾਣੀ ਦਸ ਪਾ ਰਹੀ ਹੈ, ਉਸ ਦਰ ਦੀ, ਉਸ ਘਰ ਦੀ, ਜਿਥੇ 'ਨਾਮ' ਹੈ, ਕਿਉਂਕਿ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ - ੬੯੫*

ਉਸ ਘਰ ਦੀ ਜਿਨ੍ਹਾਂ ਨੇ ਖੋਜ ਕੀਤੀ, ਉਹ ਘਰ ਦਾ ਜੋ ਦਰਵਾਜ਼ਾ ਹੈ, ਉਸ ਦਾ ਕੋਡ ਹੈ। ਜਿਵੇਂ ਘਰਾਂ ਦੇ ਦਰਵਾਜ਼ਿਆਂ ਦੇ ਅੱਗੇ ਸਕਿਉਰਟੀ ਲੱਗੀ ਹੁੰਦੀ ਹੈ। ਕੋਡ ਲਾ ਕੇ ਅੰਦਰ ਜਾਇਆ ਜਾਂਦਾ ਹੈ-

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਉਹ ਜਿਹੜੇ ਦਰਵਾਜ਼ੇ ਹਨ ਉਹਨਾਂ ਨੂੰ ਗੁਰੂ ਸ਼ਬਦ ਦੀ ਚਾਬੀ ਲਾਈ ਜਾਂਦੀ ਹੈ। ਚਾਰ ਅੱਖਰਾਂ ਦਾ ਇਹ 'ਵਾਹਿਗੁਰੂ' ਗੁਰਮੰਤ੍ਰ ਹੈ।

ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਇਥੇ ਦੇਖੋ ਕਿੱਡੇ ਵੱਡੇ-ਵੱਡੇ ਆਏ। ਉਹਨਾਂ ਦੀਆਂ ਉਮਰਾਂ ਤਾਂ ਕਰੋੜਾਂ ਸਾਲ ਦੀਆਂ ਨੇ। ਸ਼ਿਵ ਜੀ ਵਰਗੇ ਵੀ ਸਰੀਰ ਕਰਕੇ ਨਹੀਂ ਰਹੇ। ਵਾਰੀ ਆਉਂਦੀ ਹੈ, ਇਥੋਂ ਸਭ ਚਲੇ ਜਾਂਦੇ ਹਨ -

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*
*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*
*ਭਾਈ ਗੁਰਦਾਸ ਜੀ*

ਇਹ ਅਭਿਆਸ ਜਿਵੇਂ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਦਰਸਾਇਆ, ਪੰਜ ਪਿਆਰੇ ਮੂਲਮੰਤ੍ਰ, ਗੁਰਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ, ਜਦੋਂ ਅੰਮ੍ਰਿਤ ਛਕਾਉਂਦੇ ਹਨ। ਮਹਾਂਪੁਰਸ਼, ਜੋ ਇਸ ਅਵਸਥਾ ਦੇ ਮਾਲਕ ਹਨ, ਜੁਗਤ ਦਰਸਾਉਂਦੇ ਹਨ।

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ ॥ ਅੰਗ - ੬*

ਜਿਹੜਾ ਇਸ ਘਰ ਦੇ ਵਿਚ ਘਰ ਦਿਖਾ ਦੇਵੇ, ਉਹ ਸਤਿਗੁਰ ਹੈ, ਉਹ ਹੈ ਬਾਣੀ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ - ੯੮੨*

ਇਸ ਸੰਸਾਰ 'ਤੇ ਤਾਂ ਆਪਾਂ ਥੋੜ੍ਹੀ ਦੇਰ ਵਾਸਤੇ ਆਏ ਹਾਂ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ- ੮੦੮*

ਪਰ ਇਹਦੇ ਵਿਚ ਜੇ ਚਿੱਤ ਲਗ ਜਾਵੇ, ਉਹ ਮੂਰਖਤਾਈ ਹੈ।

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ ਅੰਗ- ੭੦੨*

ਅਸਲ 'ਚ ਤਾਂ ਜੇ ਅੰਤ ਸਮੇਂ ਉਸ ਪ੍ਰਮੇਸ਼ਰ ਦੀ ਯਾਦ ਆ ਗਈ ਫੇਰ ਆਪੇ ਹੀ ਉਸ ਘਰ ਦਾ ਸਿੱਧਾ ਰਸਤਾ ਮਿਲ ਜਾਂਦਾ ਹੈ ਕਿਉਂਕਿ ਦਸਿਆ ਹੈ ਕਿ ਕਿੱਥੇ ਜਾਣਾ ਹੈ - ***'ਅੰਤ ਮਤੇ ਸੋਈ ਗਤੇ।'*** ਪਰ ਜੁਗਤ ਨਾਲ ਨਾਮ ਜਪਿਆ ਜਾਵੇ ਤਾਂ ਫਿਰ ਮੁਕਤ ਹੋ ਜਾਂਦਾ ਹੈ। ਜੜ੍ਹ ਭਰਤ ਮਹਾਂਪੁਰਸ਼ਾਂ ਨੂੰ ਇਕ ਤੋਤੇ ਨੇ ਸਵਾਲ ਕੀਤਾ ਕਿ ਰਾਮ ਦਾ ਨਾਮ ਬੰਧਨ ਕਟਦੈ, ਮੇਰਾ ਤਾਂ ਪਿੰਜਰੇ ਦਾ ਬੰਧਨ ਨਹੀਂ ਕੱਟਿਆ ਗਿਆ। ਜੜ੍ਹ ਭਰਤ ਜੀ ਨੇ ਜੁਗਤ ਦਰਸਾ ਦਿਤੀ ਇਸ਼ਾਰੇ ਨਾਲ। ਉਹਨੂੰ ਸੋਝੀ ਆ ਗਈ ਕਿ ਇਸ ਤਰ੍ਹਾਂ ਸਰੀਰ ਨੂੰ ਢਿੱਲਾ ਛੱਡ, ਗਰਦਨ ਸੁੱਟ ਲੈ, ਘਰਦਿਆਂ ਨੇ ਸੋਚਿਆ ਬਿਮਾਰ ਹੈ। ਬਾਹਰ ਪਿੰਜਰੇ ਤੋਂ ਕੱਢਿਆ ਗਿਆ। ਸੰਤਾਂ ਨੇ ਤਾੜੀ ਮਾਰੀ ਤੇ ਤੋਤਾ ਉਡਾਰੀ ਮਾਰ ਕੇ ਦਰਖ਼ਤ 'ਤੇ ਬੈਠ ਗਿਆ। ਕਹਿੰਦੇ, ਦੇਖਿਆ ਰਾਮ ਨਾਮ ਸਤਿ ਹੈ। ਕਹਿੰਦਾ, ਪਰ ਕੁੰਜੀ ਸੰਤਾਂ ਹੱਥ ਹੈ -

*ਅਨਹਦ ਬਾਣੀ ਪੂੰਜੀ ॥*
*ਸੰਤਨ ਹਥਿ ਰਾਖੀ ਕੂੰਜੀ ॥ ਅੰਗ- ੮੯੪*

ਉਹ ਜੁਗਤ ਦਸ ਦਿੰਦੇ ਨੇ।

ਅੰਤ ਸਮੇਂ ਵੀ ਜੇ ਗੁਰੂ ਦਾ ਮੰਤਰ, ਅਭਿਆਸ ਕਰਦੇ-ਕਰਦੇ, ਗੁਰੂ 'ਤੇ ਵਿਸ਼ਵਾਸ਼, ਭਰੋਸਾ ਲਿਆ ਕੇ ਹੋਵੇ, ਕਹਿੰਦੇ, ਫੇਰ ਉਹ ਰਸਤਾ ਸਿੱਧਾ ਹੈ, ਜਿਵੇਂ free way ਹੁੰਦੈ, ਕੋਈ ਰੁਕਾਵਟ ਨਹੀਂ। ਇਥੇ ਤਾਂ ਚਲੋ ਕਿਤੇ ਨਾ ਕਿਤੇ ਜਾਮ ਵੀ ਲਗ ਜਾਂਦੇ ਨੇ, ਰੁਕਾਵਟ ਹੁੰਦੀ ਹੈ ਪਰ ਉਸ ਰਸਤੇ ਵਿਚ ਕੋਈ ਫੇਰ ਰੁਕਾਵਟ ਨਹੀਂ ਹੁੰਦੀ।

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*

*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ- ੫੨੬*

ਆਪਾਂ ਤਾਂ ਚਿੰਤਾ ਹੋਰ ਹੀ ਕਰੀ ਜਾਂਦੇ ਹਾਂ। ਸਭ ਨੂੰ ਚਿੰਤਾਵਾਂ ਲੱਗੀਆਂ ਪਈਆਂ ਨੇ - stress ਹੈ, ਡਿਪਰੈਸ਼ਨ ਹੈ। ਜੇ ਇਹੀ ਖਿਆਲ ਬਣਿਆ ਰਹਿ ਗਿਆ, ਫੇਰ ਕਿੱਥੇ ਜਾਵਾਂਗੇ, ਕਿਹੜਾ ਰਸਤਾ ਮਿਲੇਗਾ-

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਅੰਤ ਵੇਲੇ ਜੇ ਪੈਸੇ 'ਚ ਸੁਰਤੀ ਬਿਰਤੀ ਰਹਿ ਗਈ ਫਿਰ ਸੱਪ ਬਣਨਾ ਪਵੇਗਾ।

*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਅੰਗ - ੫੨੬*

ਪਰ ਸਾਨੂੰ ਤਾਂ ਭੁੱਲਿਆ ਹੀ ਰਹਿੰਦਾ ਹੈ। ਯਾਦ ਕਰਵਾਉਂਦੇ ਨੇ, ਜਿੰਨੇ ਵੀ ਵੇਦ, ਸ਼ਾਸਤਰ, ਸਿਮ੍ਰਤੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਪਵਿੱਤਰ ਗ੍ਰੰਥ ਨੇ। ਕੀ ਕਹਿ ਰਹੇ ਨੇ -

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ਅੰਗ- ੭੬੧*

*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਇਹਦੇ ਵਿਚ ਜੇ ਬਿਰਤੀ ਰਹਿ ਗਈ ਫਿਰ ਵੇਸਵਾ ਬਣਨਾ ਪਊ।

*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਗ -੫੨੬*

ਸੂਰੀ ਬਣਨਾ ਪਵੇਗਾ।

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਜੇ ਇਹਨਾਂ ਨਾਲ ਪ੍ਰੀਤਾਂ ਪੈ ਗਈਆਂ, ਫੇਰ ਕੀ ਹੋਏਗਾ? ਪ੍ਰੇਤ ਬਣਨਾ ਪਵੇਗਾ।

ਜੇ ਅੰਤ ਸਮਾਂ, ਗੁਰੂ ਨਾਲ ਸੁਰਤੀਆਂ-ਬਿਰਤੀਆਂ ਜੁੜੇ ਹੋਏ ਆਇਆ-

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*

*ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ- ੫੨੬*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਅੰਗ - ੨੯੫*

ਜਿਥੇ ਜਾ ਕੇ ਸਾਰੇ ਹੀ ਦੁਖ ਮੁੱਕ ਜਾਂਦੇ ਨੇ।

'ਪਰਥਾਇ ਸਾਖੀ ਮਹਾ ਪੁਰਖ ਬੋਲਦੇ' ਐਵੇਂ ਤਾਂ ਬੋਲਦੇ ਨਹੀਂ।

*ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥*
*ਅੰਗ - ੭੫੫*

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥*
*ਅੰਗ - ੧੩੮੨*

ਸੁਖੀ ਹੋਵੇ ਫੇਰ ਕਾਹਦੀ ਚਿੰਤਾ -

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥ ਅੰਗ - ੧੮੮*

ਏਸੇ ਚੱਕਰ ਵਿਚ ਫਸੇ ਪਏ ਹਾਂ। ਐਸੀ ਹਾਲਤ ਹੈ -

*ਭੂਮੀਆ ਭੂਮਿ ਊਪਰਿ ਨਿਤ ਲੁਝੈ ॥*
*ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ਅੰਗ - ੧੮੮*

ਕੌਣ ਵੱਡਾ? ਮਾਇਆ ਵਡਿਆਈ? ਨਹੀਂ ਪਿਆਰਿਓ! ਵੱਡਾ ਤਾਂ ਉਹ ਹੈ ਜਿਹਨੇ ਰਾਮ ਦੇ ਨਾਮ ਦੇ ਨਾਲ ਲਿਵ ਲਾ ਲਈ।

ਅੰਤ ਸਮਾਂ ਸਭ 'ਤੇ ਆਉਣਾ ਹੀ ਹੈ। ਇਕੱਠੇ ਆਏ ਨਹੀਂ, ਇਕੱਠੇ ਜਾਣਾ ਨਹੀਂ। ਪਤਾ ਨਹੀਂ ਕਦੋਂ ਕੈਸਾ ਸਮਾਂ ਆ ਜਾਵੇ, ਕਾਰਣ ਬਣ ਜਾਵੇ, ਸਥਾਨ ਆ ਜਾਵੇ।

ਪਿਆਰੇ ਮਹਾਂਪੁਰਸ਼ ਜਦੋਂ ਹਸਪਤਾਲ 'ਚ ਸਨ, ਗਿਣਤੀ ਕਰਨੀ ਉਹਨਾਂ ਨੇ ਚਾਰ ਦਿਨ ਦੀ। 28, 29, 30 ਤੇ 31 ਕਹਿਣਾ ਕਿ 31 ਤਰੀਕ ਅਸੀਂ ਬਿਲਕੁਲ ਠੀਕ ਹੋ ਕੇ ਆਪਣੇ ਘਰ ਨੂੰ ਚਲੇ ਜਾਣਾ ਹੈ, ਕੋਈ ਰੋਗ ਨਹੀਂ ਰਹਿਣਾ। ਅਸੀਂ ਸੋਚਣਾ ਕਿ ਜਿਥੇ ਨਿਵਾਸ ਰਖਦੇ ਨੇ ਉਥੇ ਜਾਣਗੇ। ਪਰ ਉਹ ਹੋਰ ਘਰ ਦੀ ਗੱਲ ਕਰ ਰਹੇ ਸੀ ਕਿਉਂਕਿ ਉਹ ਅੱਖਾਂ ਵੀ ਹੋਰ ਨੇ ਦਿਬ ਅੱਖਾਂ, ਦਿਬ ਕੰਨ -

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥*
*ਅੰਗ- ੫੭੭*

ਪਰ ਸਾਡੀ ਤਾਂ ਐਨੀ ਦ੍ਰਿਸ਼ਟੀ ਨਹੀਂ। ਫੇਰ ਆਪ ਨੇ ਮਾਇਆ ਪਾ ਦੇਣੀ ਸੋਚਣਾ ਕਿ ਇਹ ਕੋਠੀ

ਠੀਕ ਹੋ ਕੇ ਜਾਣ ਦੀ ਗੱਲ ਕਰ ਰਹੇ ਨੇ।

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਅੰਗ- ੭੨੯*

ਜਾਂਦੇ ਤਾਂ ਕਿਤੇ ਨਹੀਂ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ - ੨੭੩*

ਪਰ ਦੁੱਖ ਬਹੁਤ ਆਉਂਦਾ ਹੈ। ਚਾਰ ਵੱਡੇ ਦੁੱਖ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬*

ਇਹੀ ਬਚਨ ਉਹ ਕਰਦੇ ਕਿ -

*ਨਾਨਕ ਦੁਖੀਆ ਸਭ ਸੰਸਾਰ॥*
*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ - ੬੮੭*

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ਅੰਗ - ੧੧੪੦*

ਸਾਰਾ ਸੰਸਾਰ ਹੀ ਦੁਖੀ ਹੈ। ਫੇਰ ਇਹਦਾ ਇਲਾਜ ਵੀ ਸਤਿਗੁਰ ਜੀ ਨੇ ਦੱਸਿਆ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

ਕਿਉਂਕਿ -

*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਸਾਧ ਕੀ ਉਪਮਾ ਰਹੀ ਭਰਪੂਰਿ ॥ ਅੰਗ - ੨੭੨*

ਅਸੀਂ ਤਾਂ ਤਿੰਨਾਂ ਗੁਣਾਂ 'ਚ ਵਰਤਦੇ ਹਾਂ। ਰਜੋ ਗੁਣ, ਤਮੋ ਗੁਣ, ਸਤੋ ਗੁਣ 'ਚ ਪਰ ਜਿਹੜੀ ਸਾਧੂ ਦੀ ਉਪਮਾ ਹੈ, ਉਹ ਤਿੰਨਾਂ ਗੁਣਾਂ ਤੋਂ ਉਪਰ ਹੈ। ਉਹ ਚੌਥੇ ਪਦ 'ਚ ਬਿਰਾਜਦੇ ਨੇ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥*
*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਪਿਆਰੇ ਦੀਆਂ ਯਾਦਾਂ ਨੂੰ ਮਨਾਉਣ ਦੇ ਨਾਲ ਜੀਵਨ ਵਿਚ ਵੀ ਵੈਰਾਗ ਆ ਜਾਂਦਾ ਹੈ ਕਿਉਂਕਿ -

*ਬਿਨੁ ਬੈਰਾਗ ਨ ਛੂਟਸਿ ਮਾਇਆ ॥ ਅੰਗ- ੩੨੯*

ਇਹ ਭੁੱਲ ਨਹੀਂ ਉਤਰਦੀ -

*ਨਾ ਮੈ ਜੋਗ ਧਿਆਨ ਚਿਤੁ ਲਾਇਆ ॥*
*ਬਿਨੁ ਬੈਰਾਗ ਨ ਛੂਟਸਿ ਮਾਇਆ ॥ ਅੰਗ- ੩੨੯*

ਸੋ ਇਹ ਪਿਆਰ, ਵੈਰਾਗ ਦੀਆਂ ਕਹਾਣੀਆਂ ਨੇ ਜਿੰਨੀਆਂ ਮਰਜ਼ੀ ਕਰੀ ਚੱਲੋ, ਉਸ ਤੋਂ ਵੀ ਵੱਧ ਪਿਆਰ ਵੈਰਾਗ ਆਉਂਦਾ ਹੈ, ਜਦੋਂ ਪਿਆਰੇ ਦੀ ਗੱਲ ਸੁਣੀਦੀ ਹੈ।

ਸੋ ਜਾਣਾ ਤਾਂ ਆਪਾਂ ਨੇ ਵੀ ਹੈ ਪਰ ਤਿਆਰੀ ਕਰੀਏ। ਸਿਮਰਨ ਵਿਚ ਜੁੜੀਏ, ਯਾਦ ਵਿਚ ਜੁੜੀਏ।

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਲੋਕ ਮਃ ੩ ॥
ਪੜਿ ਪੜਿ ਪੰਡਿਤ ਬੇਦ ਵਖਾਣਹਿ
ਮਾਇਆ ਮੋਹ ਸੁਆਇ ॥

ਹੇ ਭਾਈ! ਜੋ ਮਾਇਆ ਦੇ ਮੋਹ ਦੇ ਸੁਆਇ=ਪ੍ਰਯੋਜਨ ਵਾ: ਪਦਾਰਥਾਂ ਦੇ ਸੁਆਇ=ਸੁਆਦ ਵਿਚ ਲੱਗ ਕੇ ਪੰਡਿਤ=ਵਿਦਵਾਨ ਬੇਦ=ਵੇਦਾਂ, ਸਾਸਤ੍ਰਾਂ ਆਦਿ ਨੂੰ ਪੜ੍ਹ-ਪੜ੍ਹ ਕੇ ਵਖਾਣਹਿ=ਵਖਿਆਨ ਕਰਦੇ ਹਨ।

ਦੂਜੈ ਭਾਇ ਹਰਿ ਨਾਮੁ ਵਿਸਾਰਿਆ
ਮਨ ਮੂਰਖ ਮਿਲੈ ਸਜਾਇ ॥

ਉਨ੍ਹਾਂ ਨੇ ਦੂਜੇ=ਦ੍ਵੈਤ ਭਾਵ ਵਿਚ ਲੱਗ ਕੇ ਹਰਿ=ਹਰੀ ਵਾਹਿਗੁਰੂ ਦਾ ਨਾਮ ਵਿਸਾਰਿਆ=ਭੁਲਾਇਆ ਹੋਇਆ ਹੈ। ਜਿਸ ਕਰਕੇ ਉਨ੍ਹਾਂ ਮਨ ਦੇ ਮੂਰਖਾਂ ਨੂੰ ਪਰਲੋਕ ਵਿਚ ਸਜਾਇ=ਸਜ਼ਾ ਮਿਲੈ=ਮਿਲਦੀ ਹੈ।

ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ
ਜੋ ਦੇਂਦਾ ਰਿਜਕੁ ਸੰਬਾਹਿ ॥

ਜਿਨਿ=ਜਿਸ ਪਰਮੇਸ਼ਰ ਨੇ ਜੀਉ=ਜੀਵਨ ਭਾਵ ਚੇਤਨ ਸੱਤਾ ਦੇ ਕੇ ਸੂਖਮ ਪਿੰਡੁ=ਸਰੀਰ, ਕਾਰਨ ਦੇਹ, ਅਸਥੂਲ ਸਰੀਰ ਆਦਿਕ ਬਹੁਤ ਕੁਝ ਦਿਤਾ ਹੈ, ਤਿਸੁ=ਉਸ ਵਾਹਿਗੁਰੂ ਨੂੰ ਕਬਹੂੰ=ਕਦੇ ਵੀ ਨ ਚੇਤੈ=ਯਾਦ ਨਹੀਂ ਕੀਤਾ, ਜੋ ਸਾਰਿਆਂ ਨੂੰ ਰਿਜਕੁ=ਰੋਜ਼ੀ ਸੰਬਾਹਿ=ਪਹੁੰਚਾਉਂਦਾ ਹੈ।

ਜਮ ਕਾ ਫਾਹਾ ਗਲਹੁ ਨ ਕਟੀਐ
ਫਿਰਿ ਫਿਰਿ ਆਵੈ ਜਾਇ ॥

ਉਨ੍ਹਾਂ ਦੇ ਗਲਹੁ=ਗਲ ਵਿਚੋਂ ਜਮਾਂ ਦਾ ਫਾਹਾ=ਫੰਧਾ ਕੱਟਿਆ ਨਹੀਂ ਜਾਂਦਾ, ਭਾਵ ਉਹ ਕਦੇ ਮੁਕਤ ਨਹੀਂ ਹੋ ਸਕਦੇ। ਜੀਵ-ਆਤਮਾ ਫਿਰਿ ਫਿਰਿ=ਮੁੜ-ਮੁੜ ਕੇ ਚੌਰਾਸੀ ਦੇ ਗੇੜੇ ਵਿਚ ਆਵੈ=ਆਉਂਦੀ ਜਾਇ=ਜਾਂਦੀ ਭਾਵ ਜੂਨਾਂ ਦੇ ਦੁੱਖ ਵਿਚ ਘੁੰਮਦੀ ਰਹਿੰਦੀ ਹੈ।

ਮਨਮੁਖਿ ਕਿਛੂ ਨ ਸੂਝੈ ਅੰਧੁਲੇ
ਪੂਰਬਿ ਲਿਖਿਆ ਕਮਾਇ ॥

ਐਸੇ ਮਨਮੁਖਾਂ ਨੂੰ ਲੋਕ ਪਰਲੋਕ ਆਦਿ ਦਾ ਕਿਛੂ=ਕੁਝ ਵੀ ਗਿਆਨ ਸੂਝੈ=ਸੁੱਝਦਾ ਨ=ਨਹੀਂ ਹੈ। ਉਨ੍ਹਾਂ ਦੇ ਮਨ ਬੁੱਧੀ ਰੂਪੀ ਨੇਤਰਾਂ ਵਿਚ ਵਿਚਾਰ ਰੂਪੀ ਨਜ਼ਰ ਨਾ ਹੋਣ ਕਰਕੇ ਉਹ ਅਗਿਆਨ ਵਿਚ ਅੰਧੁਲੇ=ਅੰਨ੍ਹੇ ਹੋਏ ਹਨ। ਪੂਰਬਿ=ਪਿਛਲੇ ਕਰਮਾਂ ਦੇ ਅਨੁਸਾਰ ਪਰਮੇਸ਼ਰ ਵੱਲੋਂ ਲਿਖੇ ਹੋਏ ਲੇਖਾਂ ਕਰਕੇ ਹੀ ਉਹ ਕਰਮਾਂ ਨੂੰ ਕਮਾਇ=ਕਮਾਉਂਦੇ ਹਨ। ਉਹ ਆਪਣੇ ਜੀਵਨ ਵਿਚ ਉਹ ਹੀ ਕਮਾਈ ਕਰਦੇ ਹਨ ਜੋ ਉਨ੍ਹਾਂ ਨੂੰ ਪਿਛਲੇ ਕੀਤੇ ਹੋਏ ਕਰਮਾਂ ਦੁਆਰਾ ਵਾਸ਼ਨਾ ਫੁਰਦੀ ਹੈ।

ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ
ਨਾਮੁ ਵਸੈ ਮਨਿ ਆਇ ॥

ਜਿਨ੍ਹਾਂ ਦੇ ਪੂਰੇ ਉੱਤਮ ਭਾਗ ਹਨ ਭਾਵ ਕਿ ਜਿਨ੍ਹਾਂ ਨੇ ਨਿਸ਼ਕਾਮ ਕਰਮ ਕੀਤੇ ਹਨ, ਉਨ੍ਹਾਂ ਦਾ ਸਤਿਗੁਰੂ ਨਾਲ ਮਿਲੈ=ਮਿਲਾਪ ਹੋ ਜਾਂਦਾ ਹੈ ਅਤੇ ਸੁੱਖਾਂ ਦੀਆਂ ਦਾਤਾਂ ਦੇਣ ਵਾਲੇ ਪਰਮੇਸ਼ਰ ਦਾ ਨਾਮ ਉਨ੍ਹਾਂ ਦੇ ਮਨ ਵਿਚ ਆਇ=ਆ ਕੇ ਵਸੈ=ਵਸ ਜਾਂਦਾ ਹੈ।

ਸੁਖੁ ਮਾਣਹਿ ਸੁਖੁ ਪੈਨਣਾ
ਸੁਖੇ ਸੁਖਿ ਵਿਹਾਇ ॥

ਉਹ ਪਰਮੇਸ਼ਰ ਦੇ ਨਾਮ ਨੂੰ ਸਰਵਣ ਕਰਨ ਰੂਪ ਸੁਖ ਮਾਣਹਿ=ਮਾਣਦੇ ਹਨ, ਸੱਚੇ ਨਾਮ ਦਾ ਮੰਨਣ ਕਰਨ ਰੂਪ ਪੈਨਣਾ=ਪਹਿਨਣ ਦਾ ਸੁਖ ਮਾਣਦੇ ਹਨ। ਸੁੱਖ ਦੇ ਵਿਚ ਹੀ ਨਿਧਿਆਸਣ ਭਾਵ ਕਮਾਈ ਕਰਦੇ ਹਨ। ਸੁਖ ਵਿਚ ਹੀ ਤੱਤ ਤ੍ਵੰ ਪਦ ਦਾ ਸੰਸ਼ੋਧਨ ਕਰਦੇ ਹਨ। ਇਉਂ ਉਨ੍ਹਾਂ ਦਾ ਸਮਾਂ ਜੀਵਨ-ਮੁਕਤੀ ਦੇ ਅਨੰਦ ਰੂਪ ਸੁੱਖ ਹੀ ਸੁੱਖ ਵਿਚ ਵਿਹਾਇ=ਬਤੀਤ ਹੁੰਦਾ ਹੈ।

ਨਾਨਕ ਸੋ ਨਾਉ ਮਨਹੁ ਨ ਵਿਸਾਰੀਐ
ਜਿਤੁ ਦਰਿ ਸਚੈ ਸੋਭਾ ਪਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ=ਉਸ ਤੱਤਪਦ ਦੇ ਲੱਖਯ ਅਰਥ ਰੂਪ ਪਰਮੇਸ਼ਰ ਦੇ ਨਾਮ ਨੂੰ ਕਦੇ ਵੀ ਆਪਣੇ ਮਨ ਤੋਂ ਵਿਸਾਰੀਐ=ਵਿਸਾਰਨਾ ਨਹੀਂ ਚਾਹੀਦਾ। ਜਿਤੁ=ਜਿਸ ਨਾਮ ਕਰਕੇ ਇਹ ਜੀਵ

ਸਚੈ=ਸੱਚੇ ਅਕਾਲ ਪੁਰਖ ਦੇ ਸੱਚਖੰਡ ਰੂਪੀ ਦਰਿ=ਦੁਆਰ ਵਿਚ ਸੋਭਾ=ਵਡਿਆਈ ਪਾਉਂਦਾ ਹੈ।

ਮਃ ੩ ॥
ਸਤਿਗੁਰੁ ਸੇਵਿ ਸੁਖੁ ਪਾਇਆ
ਸਚੁ ਨਾਮੁ ਗੁਣਤਾਸੁ ॥

ਜਿਨ੍ਹਾਂ ਨੇ ਸਤਿਗੁਰੂ ਦਾ ਸੇਵਿ=ਸੇਵਨ ਕੀਤਾ ਹੈ, ਉਨ੍ਹਾਂ ਨੇ ਆਤਮਕ ਅਨੰਦ ਰੂਪ ਸੁਖ ਨੂੰ ਪਾਇਆ ਹੈ। ਉਨ੍ਹਾਂ ਨੇ ਸੱਚਾ ਨਾਮ ਜੋ ਗੁਣਾਂ ਦਾ ਤਾਸੁ=ਖਜ਼ਾਨਾ ਹੈ, ਉਸ ਦੇ ਸੁਖ ਸਰੂਪ ਨੂੰ ਪਾ ਲਿਆ ਹੈ।

ਗੁਰਮਤੀ ਆਪੁ ਪਛਾਣਿਆ
ਰਾਮ ਨਾਮ ਪਰਗਾਸੁ ॥

ਉਨ੍ਹਾਂ ਨੇ ਹੀ ਗੁਰਮਤੀ=ਗੁਰਾਂ ਦੀ ਸਿੱਖਿਆ ਦੁਆਰਾ ਆਪਣਾ ਆਪ ਪਛਾਣਿਆ=ਪਛਾਣ ਲਿਆ ਹੈ ਅਤੇ ਉਨ੍ਹਾਂ ਦੇ ਹਿਰਦੇ ਅੰਦਰ ਰਾਮ=ਪਰਮੇਸ਼ਰ ਦੇ ਨਾਮ ਦਾ ਪਰਗਾਸੁ=ਚਾਨਣਾ ਹੋ ਜਾਂਦਾ ਹੈ ਅਥਵਾ ਜਿਨ੍ਹਾਂ ਨੇ ਗੁਰਮਤਿ ਦੁਆਰਾ ਆਪਣਾ ਸਤ ਚਿਤ ਅਨੰਦ ਸਰੂਪ ਪਛਾਣ ਲਿਆ ਹੈ, ਉਨ੍ਹਾਂ ਨੂੰ ਗੁਰਮਤਿ ਦੁਆਰਾ ਰਾਮ=ਪਰਮੇਸ਼ਰ ਦੇ ਨਾਮ ਦਾ ਪਰੁ=ਵਿਸ਼ੇਸ਼ ਕਰਕੇ ਗਾਸੁ=ਪ੍ਰਕਾਸ਼ ਹੋ ਗਿਆ ਹੈ।

ਸਚੋ ਸਚੁ ਕਮਾਵਣਾ
ਵਡਿਆਈ ਵਡੇ ਪਾਸਿ ॥

ਜੋ ਸੱਚ ਦਾ ਸ੍ਰਵਨ ਅਤੇ ਮੰਨਣ ਕਰਕੇ ਸੱਚ ਨਾਮ ਨੂੰ ਕਮਾਵਣਾ=ਕਮਾਉਣਾ ਕਰਦੇ ਹਨ, ਉਨ੍ਹਾਂ ਨੂੰ ਵੱਡੇ ਅਕਾਲ ਪੁਰਖ ਪਾਸਿ=ਕੋਲੋਂ ਵਡਿਆਈ ਪ੍ਰਾਪਤ ਹੋਈ ਹੈ।

ਜੀਉ ਪਿੰਡੁ ਸਭੁ ਤਿਸ ਕਾ
ਸਿਫਤਿ ਕਰੇ ਅਰਦਾਸਿ ॥

ਜੀਉ=ਜੀਵ ਅਤੇ ਸੂਖਮ ਸਰੀਰ, ਪਿੰਡੁ=ਅਸਥੂਲ ਸਰੀਰ ਆਦਿ ਸਭੁ=ਸਾਰਾ ਕੁਝ ਤਿਸ=ਉਸ ਵਾਹਿਗੁਰੂ ਕਾ=ਦਾ ਹੀ ਬਖਸ਼ਿਆ ਹੋਇਆ ਹੈ। ਗੁਰਮੁਖ ਜਨ ਉਸ ਅਕਾਲ ਪੁਰਖ ਵਾਹਿਗੁਰੂ ਦੀ ਸਿਫਤਿ=ਜਸ ਵਡਿਆਈ ਕਰਦੇ ਹਨ ਅਤੇ ਜੀਵਨ ਮੁਕਤੀ ਦੇ ਅਨੰਦ ਵਾਸਤੇ ਪਰਮੇਸ਼ਰ ਅੱਗੇ ਸਦਾ ਅਰਦਾਸਿ=ਬੇਨਤੀਆਂ ਕਰਦੇ ਰਹਿੰਦੇ ਹਨ।

ਸਚੈ ਸਬਦਿ ਸਾਲਾਹਣਾ
ਸੁਖੇ ਸੁਖਿ ਨਿਵਾਸੁ ॥

ਜਿਨ੍ਹਾਂ ਨੇ ਗੁਰੂ ਦੇ ਸਚੈ=ਸੱਚੇ ਸਬਦਿ=ਉਪਦੇਸ਼ ਨੂੰ ਸਾਲਾਹਣਾ=ਵਡਿਆਉਣਾ ਕੀਤਾ ਹੈ, ਉਨ੍ਹਾਂ ਨੂੰ ਲੋਕ ਪਰਲੋਕ ਵਿਚ ਸੁਖ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਦਾ ਸੁਖ ਸਰੂਪ ਵਿਚ ਹੀ ਨਿਵਾਸੁ=ਵਾਸਾ ਹੁੰਦਾ ਹੈ।

ਜਪੁ ਤਪੁ ਸੰਜਮੁ ਮਨੈ ਮਾਹਿ
ਬਿਨੁ ਨਾਵੈ ਧ੍ਰਿਗੁ ਜੀਵਾਸੁ ॥

ਮਨੈ ਮਾਹਿ=ਮਨ ਵਿਚ ਹਰ ਸਮੇਂ ਵਾਹਿਗੁਰੂ ਨੂੰ ਜਪਣਾ।

ਰਸਨਾ ਦੁਆਰਾ ਵਡਿਆਈ ਕਰਕੇ ਜਪੁ=ਜਾਪ ਕਰਨਾ ਅਤੇ ਸਰੀਰ ਕਰਕੇ ਗੁਰੂ ਦੀ ਸੇਵਾ ਰੂਪ ਤਪੁ=ਤਪੱਸਿਆ ਕਰਨੀ, ਸੰਜਮੁ=ਇੰਦਰੀਆਂ ਦਾ ਦਮਨ ਕਰਨਾ, ਮਨ ਵਿਚ ਐਸਾ ਯਤਨ ਕਰਨਾ। ਜੇਕਰ ਸਿਮਰਨ ਮਨ ਵਿਚ ਵਸ ਜਾਵੇ ਤਾਂ ਉਸ ਦੇ ਸਾਰੇ ਜਪ, ਤਪ ਅਤੇ ਇੰਦਰੀਆਂ ਦੇ ਦਮਨ ਰੂਪ ਸਾਧਨ ਦੇ ਯਤਨ ਸਫਲੇ ਹੋ ਜਾਂਦੇ ਹਨ। ਜੇਕਰ ਮਨ ਵਿਚ ਪਰਮੇਸ਼ਰ ਦਾ ਨਾਮ ਨਹੀਂ ਹੈ ਤਾਂ ਕਿਸੇ ਦੇਵੀ ਦੇਵਤੇ ਦਾ ਮੰਤਰ ਪੜ੍ਹਨ ਰੂਪ ਜਪ ਕਰਨਾ ਅਤੇ ਸਰੀਰ ਕਰਕੇ ਭੁੱਖਾ ਤਿਹਾਇਆ, ਵਰਤ ਆਦਿ ਰੱਖਣੇ, ਮੌਨ ਧਾਰ ਲੈਣੇ, ਇਸ ਪ੍ਰਕਾਰ ਨਾਮ ਤੋਂ ਬਿਨਾਂ ਜੀਵਾਸੁ=ਜੀਵਨ ਜਿਉਣਾ ਧ੍ਰਿਗੁ=ਧਿਰਕਾਰ ਹੈ।

ਗੁਰਮਤੀ ਨਾਉ ਪਾਈਐ
ਮਨਮੁਖ ਮੋਹਿ ਵਿਣਾਸੁ ॥

ਗੁਰਮਤੀ=ਗੁਰੂ ਦੀ ਸਿੱਖਿਆ ਦੁਆਰਾ ਹੀ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਪਾਈਐ=ਪ੍ਰਾਪਤ ਹੁੰਦਾ ਹੈ। ਮਨਮੁਖ ਲੋਕ ਦੇਹ ਦੇ ਅਤੇ ਸਾਕ ਸੰਬੰਧੀਆਂ ਦੇ ਮੋਹ ਵਿਚ ਹੀ ਆਪਣਾ ਜੀਵਨ ਵਿਣਾਸੁ=ਨਾਸ਼ ਕਰ ਲੈਂਦੇ ਹਨ। ਉਹ ਵਾਹਿਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਨਹੀਂ ਕਰਦੇ।

ਜਿਉ ਭਾਵੈ ਤਿਉ ਰਾਖੁ ਤੂੰ
ਨਾਨਕੁ ਤੇਰਾ ਦਾਸੁ ॥ ੨ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਅਕਾਲ ਪੁਰਖ! ਜਿਉਂ=ਜਿਵੇਂ ਤੈਨੂੰ ਭਾਵੈ=ਭਾਉਂਦਾ ਭਾਵ ਚੰਗਾ ਲਗਦਾ ਹੈ, ਤਿਉ=ਤਿਵੇਂ ਸਾਰੇ ਸੰਸਾਰ ਦੇ ਜੀਵਾਂ ਨੂੰ ਤੂੰ ਰਾਖੁ=ਰੱਖਣਾ ਕਰ ਅਥਵਾ ਜਿਵੇਂ ਤੈਨੂੰ ਭਾਉਂਦਾ ਹੈ, ਤਿਉ=ਉਵੇਂ ਹੀ ਤੂੰ ਸਾਡੀ ਰਾਖੁ=ਰੱਖਿਆ ਕਰ। ਮੈਂ ਤੇਰਾ ਦਾਸੁ=ਸੇਵਕ ਹਾਂ।

ਪਉੜੀ ॥
ਸਭੁ ਕੋ ਤੇਰਾ ਤੂੰ ਸਭਸੁ ਦਾ

ਤੂੰ ਸਭਨਾ ਰਾਸਿ ॥

ਹੇ ਪਰਮੇਸ਼ਰ! ਸਭ ਕੋ=ਕੋਈ ਤੇਰਾ ਹੀ ਹੈ ਅਤੇ ਤੂੰ ਸਭਸੁ=ਸਾਰਿਆਂ ਦਾ ਮਾਲਕ ਹੈਂ ਅਤੇ ਤੂੰ ਹੀ ਸਭਨਾ=ਸਾਰਿਆਂ ਨੂੰ ਪ੍ਰਾਣਾਂ ਰੂਪੀ, ਪੁੰਨਾਂ ਰੂਪੀ, ਮਨੁੱਖਾ ਦੇਹੀ ਰੂਪੀ ਰਾਸਿ=ਪੂੰਜੀ ਦਿੰਦਾ ਹੈ ਵਾ: ਬ੍ਰਹਮ ਗਿਆਨ ਦੀ, ਭਗਤੀ ਦੀ, ਸ਼ਰਧਾ ਰੂਪ ਰਾਸਿ=ਪੂੰਜੀ ਦਿੰਦਾ ਹੈ।

ਸਭਿ ਤੁਧੈ ਪਾਸਹੁ ਮੰਗਦੇ
ਨਿਤ ਕਰਿ ਅਰਦਾਸਿ ॥

ਹੇ ਅਕਾਲ ਪਰਮੇਸ਼ਰ! ਸਭ ਕੋ=ਕੋਈ ਤੇਰਾ ਹੀ ਹੈ ਅਤੇ ਤੂੰ ਸਭਸੁ=ਸਾਰਿਆਂ ਦਾ ਮਾਲਕ ਹੈਂ ਅਤੇ ਤੂੰ ਹੀ ਸਭਨਾ=ਸਾਰਿਆਂ ਨੂੰ ਪ੍ਰਾਣਾਂ ਰੂਪੀ, ਪੁੰਨਾਂ ਰੂਪੀ, ਮਨੁੱਖਾ ਦੇਹੀ ਰੂਪੀ ਰਾਸਿ=ਪੂੰਜੀ ਦਿੰਦਾ ਹੈਂ ਵਾ: ਬ੍ਰਹਮ ਗਿਆਨ ਦੀ, ਭਗਤੀ ਦੀ, ਸ਼ਰਧਾ ਰੂਪ ਰਾਸਿ=ਪੂੰਜੀ ਦਿੰਦਾ ਹੈਂ।

ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ
ਇਕਨਾ ਦੂਰਿ ਹੈ ਪਾਸਿ ॥

ਜਿਨ੍ਹਾਂ ਉਪਰ ਤੇਰੀ ਬਖਸ਼ਿਸ਼, ਕਿਰਪਾ ਮਿਹਰ ਹੈ, ਉਨ੍ਹਾਂ ਨੂੰ ਸਭੁ ਕਿਛੁ=ਸਾਰਾ ਕੁਝ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥ ਮਿਲੈ=ਮਿਲ ਜਾਂਦੇ ਹਨ ਅਤੇ ਇਕਨਾ=ਕਈਆਂ ਨੂੰ ਤੂੰ ਦੂਰ ਜਾਪਦਾ ਹੈਂ।

ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ
ਮਨਿ ਵੇਖਹੁ ਕੋ ਨਿਰਜਾਸਿ ॥

ਹੇ ਅਕਾਲ ਪੁਰਖ! ਤੁਧੁ=ਤੇਰੇ ਤੋਂ ਬਾਝਹੁ=ਬਿਨਾਂ ਹੋਰ ਕੋ=ਕੋਈ ਥਾਉ=ਥਾਂ ਨਹੀਂ=ਨਹੀਂ ਹੈ ਕਿ ਜਿਸ ਪਾਸਹੁ=ਕੋਲੋਂ ਅਸੀਂ ਮੰਗੀਐ=ਮੰਗਣਾ ਕਰੀਏ।

ਜੇਕਰ ਮਨ ਵਿਚ ਕੋਈ ਸੰਸਾ ਹੈ ਤਾਂ ਨਿਰਜਾਸਿ=ਨਿਰਣਾ ਕਰਕੇ ਵੇਖ ਲਉ ਕਿ ਜਿਤਨੇ ਵੀ ਦੇਵੀ- ਦੇਵਤੇ ਹਨ, ਉਹ ਸਾਰੇ ਹੀ ਪਰਮੇਸ਼ਰ ਅਕਾਲ ਪੁਰਖ ਦੇ ਮੰਗਤੇ ਹਨ।

ਸਭਿ ਤੁਧੈ ਨੋ ਸਾਲਾਹਦੇ
ਦਰਿ ਗੁਰਮੁਖਾ ਨੋ ਪਰਗਾਸਿ ॥ ੯ ॥

ਹੇ ਪਰਮੇਸ਼ਰ! ਸਭਿ=ਸਾਰੇ ਹੀ ਤੁਧੈ=ਤੇਰੇ ਨੋ=ਤਾਈ ਹੀ ਸਾਲਾਹਦੇ=ਸਲਾਹੁੰਦੇ ਹਨ। ਤੇਰੇ ਸਤਿਸੰਗਤ ਰੂਪੀ ਦਰਿ=ਦੁਆਰੇ ਤੋਂ ਹੀ ਗੁਰਮੁਖ ਜਨਾਂ ਨੋ=ਨੂੰ ਗਿਆਨ ਦਾ ਪਰਗਾਸਿ=ਚਾਨਣਾ ਹੋਇਆ ਹੈ।

*'ਚਲਦਾ...............।'*

*(ਪੰਨਾ 10 ਦੀ ਬਾਕੀ)*

*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ਅੰਗ - ੨੬੪*

ਹੁਣ ਸੱਚੇ ਪਾਤਸ਼ਾਹ ਅਰਦਾਸ ਵਿਚ ਜੁੜਨ ਦੀ ਪ੍ਰੇਰਨਾ ਦਿੰਦੇ ਹਨ -

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥

ਸੱਚੇ ਪਾਤਸ਼ਾਹ! ਦੁਨੀਆਵੀ ਪਦਾਰਥ ਨਾਸ਼ਵਾਨ ਹਨ। ਰੂਹ ਦੇ ਨਾਲ ਨਿਭਣ ਵਾਲੇ ਨਹੀਂ ਹਨ। ਕੇਵਲ ਤੇਰਾ ਹੀ ਪਿਆਰ ਹੈ ਜੋ ਮਿਲਾਪ ਕਰਾਉਣ ਦੇ ਸਮਰੱਥ ਹੈ। ਅਰਦਾਸ ਹੈ ਕਿ ਆਪਣਾ ਮਿਲਾਪ ਬਖਸ਼ੋ।

ਸਤਿਗੁਰੂ ਦਾ ਬਿਰਧ ਹੈ ਕਿ ਉਹ ਆਪਣੇ ਪਿਆਰਿਆਂ ਨੂੰ ਮੇਲ ਲੈਂਦੇ ਹਨ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਅੰਗ- ੯੫੭*

ਹੁਣ ਆਖਰੀ ਤੁੱਕ ਵਿਚ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ -

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

ਪਹਿਲੀ ਆਰੰਭਤਾ ਦੀ ਤੁਕ ਵਿਚ ਵੀ ਵੈਸਾਖ ਦਾ ਜ਼ਿਕਰ ਹੈ ਤੇ ਹੁਣ ਆਖਰੀ ਤੁਕ ਵਿਚ ਵੀ ਵੈਸਾਖ ਦੀ ਵਿਚਾਰ ਹੈ। ਭਾਵ ਪਹਿਲਾਂ ਜਿਵੇਂ ਸਾਖਾ ਮੂਲ ਨਾਲੋਂ ਟੁੱਟ ਜਾਂਦੀ ਹੈ, ਕਿਵੇਂ ਧੀਰਜ ਧਰਦੀ ਹੈ। ਹੁਣ ਜੋ ਸਾਖਾ ਮੂਲ ਨਾਲ ਜੁੜ ਜਾਂਦੀ ਹੈ ਉਹ ਹਰੀ ਭਰੀ ਹੋ ਕੇ ਸੁਹਾਵਣੀ ਹੋ ਜਾਂਦੀ ਹੈ। ***'ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ '*** ਸੋ ਵੈਸਾਖ ਉਨ੍ਹਾਂ ਲਈ ਸੁਹਾਵਣਾ ਹੈ ਜਿਨ੍ਹਾਂ ਨੂੰ ਪ੍ਰੀਤਮ ਦਾ ਮਿਲਾਪ ਹੋ ਗਿਆ ਹੈ।

ਸੋ ਬਾਰਹ ਮਾਹਾ ਰਾਹੀਂ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ ਟੁੱਟਣ ਵਿਚ ਦੁਖ ਹਨ, ਖੁਸ਼ਕੀ ਹੈ, ਮਿਲਾਪ ਵਿਚ ਸੁਖ ਹਨ, ਖੇੜਾ ਹੈ, ਵਿਗਾਸ ਹੈ। ਸੋ ਅਰਦਾਸ ਹੈ ਸਭਨਾਂ ਨੂੰ ਮਿਲਾਪ ਪ੍ਰਾਪਤ ਹੋਵੇ।

*ਦੇਹੁ ਸਜਣ ਆਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ॥ ਅੰਗ - ੧੫੭*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-55)*

### 8. ਬੀਜੀ ਦਾ ਸਿੰਧ ਪਹੁੰਚਣਾ ਅਤੇ ਵਾਪਸੀ

ਜਦੋਂ ਇਹ ਖਤ ਧਮੋਟ ਪਹੁੰਚਿਆ ਤਾਂ ਜਥੇਦਾਰ ਸਰਦਾਰ ਕਰਤਾਰ ਸਿੰਘ ਜੀ ਨੇ ਸਾਰੇ ਪਰਿਵਾਰ ਨਾਲ ਇਸ ਬਾਰੇ ਗੱਲ ਕੀਤੀ ਤੇ ਬੀਜੀ ਨੂੰ ਵੀ ਸਾਰਾ ਬਿਰਤਾਂਤ ਦਸਿਆ। ਬੀਜੀ ਕਹਿਣ ਲੱਗੇ ਪਿਤਾ ਜੀ! ਤੁਸੀਂ ਮੈਨੂੰ ਜਲਦੀ ਭੇਜ ਦਿਓ, ਗੁਰੂ ਕ੍ਰਿਪਾ ਅਤੇ ਆਪ ਜੀ ਦੇ ਅਸ਼ੀਰਵਾਦ ਸਦਕਾ ਮੈਂ ਉਨ੍ਹਾਂ ਨੂੰ ਆਪਣੇ ਪਿਤਾ ਜੀ (ਸੰਤ ਹੀਰਾ ਸਿੰਘ ਜੀ) ਦੀ ਮਿਸਾਲ ਦੇ ਕੇ ਗ੍ਰਿਹਸਤ ਵਿਚ, ਭਗਤੀ ਦੇ ਪੱਖ ਨੂੰ ਸਮਝਾਉਣ ਦਾ ਯਤਨ ਕਰਾਂਗੀ। ਤੁਰਨ ਲੱਗਿਆਂ ਘਰੋਂ ਅਰਦਾਸ ਕੀਤੀ, ਇਸ ਤਰ੍ਹਾਂ ਨਾਲ ਪਿਤਾ ਜੀ ਨੇ ਆਪ ਨੂੰ ਲੁਧਿਆਣਾ ਰੇਲਵੇ ਸਟੇਸ਼ਨ ਤੇ ਜਾ ਕੇ ਸਿੰਧ ਜਾਣ ਵਾਲੀ ਗੱਡੀ ਤੇ ਬਿਠਾ ਦਿਤਾ। ਉਸ ਵੇਲੇ ਭਾਵੇਂ ਇਹ ਅੰਗ੍ਰੇਜ਼ੀ ਹਕੂਮਤ ਦਾ ਅਮਨ-ਅਮਾਨ ਦਾ ਸਮਾਂ ਸੀ ਪਰ ਫੇਰ ਵੀ ਇਕੱਲੀ ਨੌਜਵਾਨ ਬੀਬੀ ਵਾਸਤੇ ਬੜੇ ਸਾਹਸ, ਦਲੇਰੀ, ਆਤਮ ਵਿਸ਼ਵਾਸ਼ ਅਤੇ ਚੁਣੌਤੀ ਭਰਿਆ ਕੰਮ ਸੀ। ਇਹ ਵੀ ਹਰ ਕੋਈ ਨਹੀਂ ਕਰ ਸਕਦਾ, ਜਿਸ 'ਤੇ ਬਖਸ਼ਿਸ਼ ਹੋਵੇ ਓਹੀ ਕਰ ਸਕਦਾ ਹੈ। ਸੋ ਪਿਆਰੇ ਬੀਜੀ ਵਾਹਿਗੁਰੂ ਭਰੋਸੇ ਨਾਮ ਤੇ ਗੁਰਬਾਣੀ ਦਾ ਚਿੰਤਨ ਕਰਦੇ ਹੋਏ ਗੋਠ ਚੰਦਾ ਸਿੰਘ ਵਿਖੇ ਪਹੁੰਚ ਗਏ। ਇਸ ਤਰ੍ਹਾਂ ਨਾਲ ਅਚਨਚੇਤ ਉਨ੍ਹਾਂ ਦਾ ਐਨਾ ਪੰਧ ਤਹਿ ਕਰਕੇ ਪਹੁੰਚਣਾ, ਸਾਰਿਆਂ ਵਾਸਤੇ ਅਚੰਭਾ ਸੀ। ਸਾਰਾ ਪਰਿਵਾਰ ਅਤੇ ਖਾਸ ਕਰਕੇ ਮਾਤਾ ਸੁੱਖ ਕੌਰ ਅਤੇ ਬਾਪੂ ਚੰਦਾ ਸਿੰਘ ਤਾਂ ਖੁਸ਼ੀ ਵਿਚ ਫੂਲੇ ਨਹੀਂ ਸਨ ਸਮਾਉਂਦੇ। ਸਭ ਨੇ ਬੀਜੀ ਦਾ ਨਿੱਘਾ ਸਵਾਗਤ ਕੀਤਾ, ਸੁੱਖ-ਸਾਂਦ ਪੁੱਛੀ ਅਤੇ ਆਉ-ਭਗਤ ਕੀਤੀ ਅਤੇ ਸਾਰਾ ਪਰਿਵਾਰ ਸੇਵਾ ਕਰਨ ਲਈ ਆਦਰ ਸਹਿਤ ਚਾਈਂ-ਚਾਈਂ ਅੱਗੇ ਪਿੱਛੇ ਘੁੰਮ ਰਿਹਾ ਸੀ। ਉਸ ਵੇਲੇ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਨੇੜੇ ਦੇ ਪਿੰਡ ਕਿਸੇ ਕੰਮ ਗੋਚਰੇ ਗਏ ਹੋਏ ਸਨ। ਘਰ ਪਹੁੰਚਣ ਉਪਰੰਤ ਹੀ ਉਨ੍ਹਾ ਨੂੰ ਬੀਜੀ ਦੇ ਆਉਣ ਦਾ ਪਤਾ ਲੱਗਾ ਕਿ ਉਹ ਧਮੋਟ ਤੋਂ ਆ ਗਏ ਹਨ। ਜਦੋਂ ਪਰਸਪਰ ਮਿਲੇ ਤਾਂ ਬੀਜੀ ਨੇ ਆਦਰ ਸਹਿਤ ਚਰਨਾਂ 'ਤੇ ਮੱਥਾ ਟੇਕਿਆ, ਬਾਬਾ ਜੀ ਨੇ ਧਮੋਟ ਪਰਿਵਾਰ ਦੀ ਰਾਜ਼ੀ-ਖੁਸ਼ੀ ਪੁੱਛੀ ਅਤੇ ਬੀਜੀ ਤੋਂ ਅਚਾਨਕ ਆਉਣ ਦਾ ਕਾਰਨ ਪੁੱਛਿਆ?

ਬੀਜੀ ਕਹਿਣ ਲੱਗੇ ਕਿ ਮੈਂ ਆਪਣੀ ਮਰਜ਼ੀ ਨਾਲ ਨਹੀਂ ਆਈ, ਸਗੋਂ ਮਾਤਾ ਜੀ-ਪਿਤਾ ਜੀ ਦੀ ਆਗਿਆ ਨਾਲ ਆਈ ਹਾਂ ਤੇ ਉਨ੍ਹਾਂ ਨੇ ਹੀ ਮੈਨੂੰ ਇਥੇ ਭੇਜਿਆ ਸੀ ਕਿ ਆਪ ਜੀ ਇਕ ਭੋਰਾ ਬਣਵਾ ਕੇ ਛੇ ਮਹੀਨੇ ਦੇ ਤਪ ਵਾਸਤੇ ਬੈਠ ਕੇ ਸੰਤ ਬਣਨ ਵਾਲੇ ਹੋ। ਬਾਬਾ ਜੀ ਕਹਿਣ ਲੱਗੇ ਠੀਕ ਹੈ, ਮੇਰਾ ਇਰਾਦਾ ਵੀ ਇਸੇ ਤਰ੍ਹਾਂ ਹੈ ਕਿ ਭਗਤੀ ਹੋਰ ਕਰੀਏ, ਪ੍ਰਭੂ ਦੀ ਜਿੰਨੀ ਬੰਦਗੀ ਕੀਤੀ ਜਾਵੇ, ਥੋੜ੍ਹੀ ਹੈ। ਬੀਜੀ ਕਹਿਣ ਲੱਗੇ ਕਿ ਜਦੋਂ ਭੋਰੇ ਤੋਂ ਬਾਹਰ ਨਿਕਲੋਗੇ, ਲੋਕਾਂ ਦੀ ਭੀੜ ਇਕੱਠੀ ਹੋਵੇਗੀ, ਦਰਸ਼ਨਾਂ ਵਾਸਤੇ ਲਾਈਨਾਂ ਲੱਗਣਗੀਆਂ, ਲੋਕੀ ਭੇਟਾ ਰੱਖ ਕੇ ਮੱਥੇ ਟੇਕਣਗੇ। ਭੇਟਾ ਦਾ ਭਾਰ ਸਾਡੇ ਸਿਰ 'ਤੇ ਚੜ੍ਹੇਗਾ, ਅਸੀਂ ਸੰਤ ਨਹੀਂ ਬਣਨਾ, ਕਿਸੇ ਅੱਗੇ ਹੱਥ ਅੱਡ ਕੇ ਲੈਣਾ ਨਹੀਂ ਸਗੋਂ ਆਪਣੀ ਕਿਰਤ ਵਿਚੋਂ ਦਾਨ ਦੇ ਕੇ ਭਲਾ ਮਨਾਉਣਾ ਹੈ ਅਤੇ ਸੰਤਾਂ ਦੀ ਸੇਵਾ ਕਰਨੀ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ - ੧੨੪੫*

ਆਪ ਜੀ ਤਾਂ ਸਭ ਕੁਝ ਜਾਣਦੇ ਹੋ, ਮੈਂ ਆਪ ਜੀ ਨੂੰ ਕੀ ਸਮਝਾ ਸਕਦੀ ਹਾਂ ਕਿਉਂਕਿ ਤੁਸੀਂ ਤਾਂ ਪਹਿਲਾਂ ਹੀ ਜਮਾਂਦਰੂ ਸੰਤ ਹੋ। ਤੁਹਾਡੀ ਪਿਛਲੇ ਜਨਮਾਂ ਦੀ ਵੀ ਭਗਤੀ ਹੈ ਤੇ ਇਸ ਜਨਮ ਵਿਚ ਵੀ ਘੱਟ ਨਹੀਂ ਹੈ। ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੇ ਜੋ ਤੁਹਾਨੂੰ ਬਚਨ ਕਰਿਆ ਸੀ ਮੈਨੂੰ ਮਾਤਾ ਜੀ ਨੇ ਦੱਸਿਆ ਸੀ ਤੇ ਉਨ੍ਹਾਂ ਦੇ ਆਦੇਸ਼ ਅਨੁਸਾਰ ਪਹਿਲਾਂ ਹੀ ਛੇ ਮਹੀਨੇ ਦਾ ਤਪ ਮਾਨਸਾ (ਜਵਾਹਰ ਕੀ ਕੋਠੀ) ਕਰ ਚੁੱਕੇ ਹੋ। ਜਦੋਂ ਆਪ ਧਮੋਟ ਦੇ ਦੀਵਾਨ ਵਿਚ ਉਥੋਂ ਸਿੱਧੇ ਆ ਕੇ ਮਿਲੇ ਸੀ ਉਸ ਬਾਰੇ ਵੀ ਮੈਨੂੰ ਮਾਤਾ ਜੀ ਨੇ ਦੱਸਿਆ ਸੀ। ਸੰਤ ਮਹਾਰਾਜ ਜੀ ਨੇ ਆਪ ਜੀ ਨੂੰ ਬਚਨ ਕੀਤਾ ਸੀ ਕਿ ਰੂਹਾਨੀ ਸਫਰ ਵਿਚ, ਜਿਹੜਾ ਇਕ ਕਦਮ ਬਾਕੀ ਸੀ, ਉਸ ਨੂੰ ਤੁਸੀਂ ਸਫਲਤਾ ਪੂਰਵਕ ਤਹਿ ਕਰ ਲਿਆ ਹੈ।

ਹੁਣ ਗ੍ਰਿਹਸਤ ਵਿਚ ਉਦਾਸੀ ਧਾਰਨ ਕਰਕੇ, ਬੱਚਿਆਂ ਦੀ ਪਾਲਣਾ ਕਰਕੇ, ਸੇਵਾ ਤੇ ਸਿਮਰਨ ਵਿਚ ਲੱਗ ਕੇ ਇਸ ਨੂੰ ਹੋਰ ਪਰਪੱਕ ਅਤੇ ਸਫਲਾ ਕਰੋ।

ਮੇਰੇ ਪਿਤਾ ਜੀ (ਸੰਤ ਹੀਰਾ ਸਿੰਘ ਜੀ) ਵੀ ਗ੍ਰਿਹਸਤੀ ਹੁੰਦੇ ਹੋਏ ਬ੍ਰਹਮ ਗਿਆਨ ਦੀ ਅਵਸਥਾ ਵਿਚ ਵਿਚਰਦੇ ਸਨ। ਅਸੀਂ ਪੰਜ ਭੈਣ-ਭਰਾ ਹਾਂ, ਸਭ ਦੀ ਪਾਲਣਾ ਵੀ ਕੀਤੀ, ਭਗਤੀ ਵੀ ਕੀਤੀ ਅਤੇ ਸਾਰੀਆਂ ਸ਼ਕਤੀਆਂ ਦੇ ਮਾਲਕ ਸਨ, ਜੋ ਬਚਨ ਕਰਦੇ, ਪੂਰਾ ਹੋ ਜਾਂਦਾ ਸੀ। ਗ੍ਰਿਹਸਤ ਵਿਚ ਉਦਾਸ ਰਹਿ ਕੇ ਗੁਰਮੁਖ ਪਦ ਦੀ ਪ੍ਰਾਪਤੀ ਕੀਤੀ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਵਿਚ ਰਹਿ ਕੇ ਨਿਸ਼ਕਾਮ ਕੀਰਤਨ ਦੀ ਸੇਵਾ, ਅਖੰਡਪਾਠ ਦੀ ਸੇਵਾ ਕਰਦੇ ਰਹੇ ਅਤੇ ਪੰਥ ਪ੍ਰਚਾਰ ਲਈ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਸਿੰਘਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਂਦੇ ਰਹੇ ਸਨ। ਇਤਨੇ ਹਰਮਨ ਪਿਆਰੇ ਸਨ ਕਿ ਉਨ੍ਹਾਂ (ਭਾਈ ਸਾਹਿਬ ਰਣਧੀਰ ਸਿੰਘ ਜੀ) ਨੇ ਪਿਤਾ ਜੀ ਨੂੰ 'ਸੰਤ' ਦੀ ਉਪਾਧੀ ਨਾਲ ਨਿਵਾਜਿਆ ਹੈ।

ਮੇਰੀ ਵੀ ਆਪ ਜੀ ਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਆਪ ਵੀ ਉਨ੍ਹਾਂ ਵਰਗੇ ਸੰਤ ਬਣੋ ਅਤੇ ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਕਥਾ-ਕੀਰਤਨ ਕਰਕੇ ਕਲਗੀਆਂ ਵਾਲੇ ਪਾਤਸ਼ਾਹ ਜੀ ਦੀ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਨ ਦੀ ਸੇਵਾ ਕਰੋ। ਜਿਵੇਂ ਆਪ ਜੀ ਨੇ ਇਸ ਇਲਾਕੇ (ਸਿੰਧ) ਵਿਚ ਵੀ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ ਉਸੇ ਤਰ੍ਹਾਂ ਨਾਲ ਇਸ ਉੱਦਮ ਨੂੰ ਜਾਰੀ ਰੱਖੋ। ਮੈਂ ਵਾਅਦਾ ਕਰਦੀ ਹਾਂ ਕਿ ਆਪ ਦੀ ਭਗਤੀ ਵਿਚ ਕਦੇ ਵਿਘਨ ਨਹੀਂ ਬਣਾਂਗੀ ਸਗੋਂ ਹਰ ਕਦਮ ਤੇ ਆਪ ਦਾ ਪੂਰਨ ਸਾਥ ਦਿਆਂਗੀ। ਮੈਂ ਵੀ ਇਹੀ ਚਾਹੁੰਦੀ ਹਾਂ ਕਿ ਜਿਵੇਂ ਰਾਜੇ ਜਨਕ ਜੀ ਨੇ ਨਰਕਾਂ ਦੇ ਕੁੰਡ ਖਾਲੀ ਕਰ ਦਿਤੇ ਸਨ ਤੁਸੀਂ ਵੀ ਜਿਹੜੇ ਪ੍ਰਾਣੀ ਗੁਰਮਤਿ ਦੇ ਰਾਹ ਤੋਂ ਭਟਕ ਕੇ, ਗੁਰੂ ਪ੍ਰਮੇਸ਼ਰ ਨੂੰ ਭੁੱਲ ਕੇ, ਨਰਕਾਂ ਵਾਲਾ ਜੀਵਨ ਗੁਜ਼ਾਰ ਰਹੇ ਹਨ, ਉਨ੍ਹਾਂ ਨੂੰ ਗੁਰੂ ਦਾ ਉਪਦੇਸ਼ ਸੁਣਾ ਕੇ, ਗੁਰਮਤਿ ਜੀਵਨ ਦੀ ਸੋਝੀ ਦੇ ਕੇ, ਪ੍ਰਭੂ ਭਗਤੀ ਵਾਲੇ, ਨਾਮ ਰਸ ਵਾਲੇ ਅਤੇ ਸੇਵਾ ਸਿਮਰਨ ਵਾਲੇ ਗੁਰਸਿੱਖ ਬਣਾਉਣ ਦਾ ਯਤਨ ਕਰੋ। ਇਸ ਕਰਕੇ ਜੋ ਆਪ ਜੀ ਦੇ ਮਨ ਵਿਚ ਭੋਰੇ ਵਿਚ ਬੈਠ ਕੇ ਤਪ ਕਰਨ ਦਾ ਜਿਹੜਾ ਫੁਰਨਾ ਹੈ ਉਸ ਦਾ ਤਿਆਗ ਕਰੋ ਅਤੇ ਮਨੁੱਖਤਾ ਦੀ ਸੇਵਾ ਕਰਕੇ ਗੁਰ ਉਪਦੇਸ਼ ਨੂੰ ਦ੍ਰਿੜ੍ਹ ਕਰਵਾਓ।

ਇਹ ਬਚਨ ਖੁਦ ਆਪ ਮਹਾਂਪੁਰਸ਼ ਦਸਿਆ ਕਰਦੇ ਸਨ ਕਿ ਤੁਹਾਡੇ ਬੀਜੀ (ਰਣਜੀਤ ਕੌਰ ਜੀ) ਦੇ ਇਹ ਭੋਲੇ ਤੇ ਸਿੱਧੇ ਸਾਦੇ ਬੋਲ ਸੁਣ ਕੇ ਮੇਰੇ ਮਨ 'ਤੇ ਬਹੁਤ ਅਸਰ ਹੋਇਆ। ਗੁਰਮਤਿ ਦੀ ਕਸਵੱਟੀ ਤੇ ਪਰਖ ਕੇ ਮੈਂ ਸਹਿਮਤੀ ਪ੍ਰਗਟ ਕੀਤੀ ਕਿ ਠੀਕ ਸਲਾਹ ਦੇ ਰਹੇ ਹਨ ਤੇ ਮੈਂ ਭੋਰੇ ਵਿਚ ਬੈਠਣ ਦਾ ਆਪਣਾ ਇਰਾਦਾ ਬਦਲ ਦਿਤਾ। ਥੋੜ੍ਹੇ ਦਿਨਾਂ ਵਿਚ ਹੀ ਬੀਜੀ ਪਰਿਵਾਰ ਵਿਚ ਘੁਲ ਮਿਲ ਗਏ ਅਤੇ ਆਪ ਹੀ ਅੱਗੇ ਹੋ ਕੇ ਸਾਰਾ ਕੰਮ ਨਜਿੱਠਦੇ ਸਨ। ਮਾਤਾ ਸੁਖ ਕੌਰ ਦੇ ਮਨ੍ਹਾਂ ਕਰਨ ਤੇ ਵੀ ਘਰੇਲੂ ਕੰਮਾਂ ਵਿਚ ਹੱਥ ਵਟਾਉਣ ਲੱਗੇ। ਮਾਤਾ ਸੁਖ ਕੌਰ ਬਥੇਰਾ ਮਨ੍ਹਾਂ ਕਰਦੇ ਕਿ ਕੰਮ, ਘਰ ਦੀਆਂ ਬੀਬੀਆਂ ਨੇ ਕਰ ਲੈਣਾ ਹੈ ਪਰ ਆਪ ਹਮੇਸ਼ਾ ਮੂਹਰੇ ਹੋ ਕੇ ਲੱਗ ਜਾਂਦੇ ਸਨ। ਹੁਣ ਜਿਥੇ ਕਿਤੇ ਵੀ ਮਹਾਂਪੁਰਖ ਕਥਾ ਕੀਰਤਨ ਦੁਆਰਾ ਸੰਗਤਾਂ ਵਿਚ ਗੁਰਮਤਿ ਦੀ ਜਾਗਰੂਕਤਾ ਲਿਆ ਰਹੇ ਸਨ, ਉਥੇ ਬੀਜੀ ਨੇ ਵੀ ਆਪਣਾ ਯੋਗਦਾਨ ਪਾਉਣਾ ਸ਼ੁਰੂ ਕੀਤਾ। ਬੀਜੀ ਨੇ ਦੇਖਿਆ ਕਿ ਘਰਾਂ ਵਿਚ ਜਿਹੜੀਆਂ ਬੀਬੀਆਂ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਫਜ਼ੂਲ ਗੱਲਾਂ ਵਿਚ ਸਮਾਂ ਬਰਬਾਦ ਕਰਦੀਆਂ ਸਨ ਉਨ੍ਹਾਂ ਨੂੰ ਇਕੱਠਿਆਂ ਕਰਕੇ ਗੁਰਮੁਖੀ ਪੜ੍ਹਾਉਣ ਤੇ ਲਿਖਣ ਦੀ ਸਿੱਖਿਆ ਦੇਣੀ ਸ਼ੁਰੂ ਕਰਨੀ ਚਾਹੀਦੀ ਹੈ। ਮਾਤਾ ਸੁਖ ਕੌਰ ਦੀ ਆਗਿਆ ਤੇ ਮਹਾਂਪੁਰਖਾਂ ਤੋਂ ਸੇਧ ਲੈ ਕੇ ਬੀਬੀਆਂ ਨੂੰ ਗੁਰਮੁਖੀ ਲਿਪੀ ਦੀ ਸਿਖਲਾਈ ਸ਼ੁਰੂ ਕਰ ਦਿਤੀ। ਜਿਹੜੀਆਂ ਬੀਬੀਆਂ ਸਿੱਖ ਲੈਂਦੀਆਂ ਉਨ੍ਹਾਂ ਨੂੰ ਨਾਲ ਦੀ ਨਾਲ ਗੁਰਬਾਣੀ ਪੜ੍ਹਨ ਦੀ ਸੰਥਿਆ ਦੇ ਕੇ ਜਪੁਜੀ ਸਾਹਿਬ ਆਦਿ ਵੀ ਕੰਠ ਕਰਵਾਉਣਾ ਸ਼ੁਰੂ ਕਰ ਦਿਤਾ। ਕੇਵਲ ਇਤਨਾ ਹੀ ਨਹੀਂ ਸਗੋਂ ਘਰ ਦੀ ਸੰਭਾਲ-ਸਫਾਈ ਬਾਰੇ, ਰਸੋਈ ਤਿਆਰ ਕਰਦਿਆਂ ਸੁਚ-ਸੰਜਮ ਦੀ ਪਵਿੱਤਰਤਾ ਤੇ ਮਹਾਨਤਾ ਬਾਰੇ ਵੀ ਦਸਦੇ ਰਹਿੰਦੇ ਸਨ। ਬਸਤਰਾਂ ਦੀ ਸਫਾਈ ਤੇ ਰੱਖ-ਰਖਾਈ ਬਾਰੇ ਅਤੇ ਆਪਣੇ ਆਲੇ-ਦੁਆਲੇ ਦੀ ਸਫਾਈ ਬਾਰੇ ਵੀ ਗੱਲਬਾਤ ਕਰਦੇ ਰਹਿੰਦੇ ਸਨ। ਬੀਬੀਆਂ ਨੂੰ ਦਸਦੇ ਕਿ ਹਮੇਸ਼ਾ ਚੰਗੀ ਤਰ੍ਹਾਂ ਹੱਥ ਧੋ ਕੇ ਸੁੱਚੇ ਕਰੋ, ਫੇਰ ਭੋਜਨ ਬਣਾਓ ਅਤੇ ਵਰਤਾਓ। ਖਾਣ ਵਾਲੇ ਪਦਾਰਥਾਂ ਨੂੰ ਮੱਖੀ-ਮੱਛਰ ਬੈਠਣ ਤੋਂ ਬਚਾਵ ਲਈ ਢੱਕ ਕੇ ਰੱਖੋ ਤਾਕਿ ਬਿਮਾਰੀ ਦੇ ਕਿਰਮ ਨਾ ਪੈਦਾ ਹੋਣ। ਰਸੋਈ ਵਿਚ ਲੰਗਰ ਤਿਆਰ ਕਰਦਿਆਂ ਨਾਲ ਦੀ ਨਾਲ ਵਾਹਿਗੁਰੂ ਮੰਤਰ ਜਾਂ ਮੂਲ ਮੰਤਰ ਦਾ ਜਾਪ ਕਰਦੇ ਰਹੋ।

ਇਸ ਇਲਾਕੇ ਵਿਚ ਧਾੜਵੀ ਲੋਕ ਪੱਕੀ ਜਾਂ ਵੱਡੀ ਹੋਈ ਫਸਲ ਦੀ ਚੋਰੀ ਕਰਦੇ ਸਨ। ਮਹਾਂਪੁਰਖਾਂ ਨੇ ਸਿੰਘਾਂ ਨੂੰ ਸਾਵਧਾਨ ਕੀਤਾ, ਉਥੇ ਪਿੰਡਾਂ ਵਿਚ

ਜਾ ਕੇ, ਜਥੇ ਬਣਾ ਕੇ, ਲੋਕਾ ਨੂੰ ਆਪਣੀ ਸਵੈ-ਸੁਰੱਖਿਆ ਤੇ ਧਾੜਵੀਆਂ ਨਾਲ ਮੁਕਾਬਲਾ ਕਰਕੇ, ਉਨ੍ਹਾਂ ਨੂੰ ਭਜਾਉਣ ਦੀ ਵੀ ਟਰੇਨਿੰਗ ਦੇ ਕੇ ਆਤਮ ਨਿਰਭਰ ਬਣਾਇਆ। ਇਸ ਜਥੇ ਵਿਚ ਸ਼ਾਮਿਲ ਹੋ ਕੇ ਬੀਜੀ ਵੀ ਪਿੰਡ-ਪਿੰਡ ਜਾਂਦੇ ਅਤੇ ਉਥੇ ਬੀਬੀਆਂ ਨੂੰ ਇਕੱਤਰ ਕਰਕੇ, ਪੁਰਾਤਨ ਸਿੰਘ ਬੀਬੀਆਂ ਦੀ ਬਹਾਦਰੀ ਦੇ ਕਾਰਨਾਮੇ ਸੁਣਾ ਕੇ ਜੋਸ਼ ਭਰਦੇ ਅਤੇ ਉਨ੍ਹਾਂ ਨੂੰ ਦੁਸ਼ਮਣ ਤੋਂ ਆਪਣੀ ਰੱਖਿਆ ਆਪ ਕਰਨ ਲਈ, ਦੌੜ ਅਤੇ ਕਸਰਤ ਆਦਿ ਕਰਵਾਉਂਦੇ। ਬੀਬੀਆਂ ਨੂੰ ਸਵੈ-ਰੱਖਿਆ ਲਈ ਕਕਾਰ ਪਹਿਨਣ ਤੇ ਸ਼ਸ਼ਤਰ (ਕਿਰਪਾਨ) ਉਪਰ ਦੀ ਪਾਉਣ ਵਾਸਤੇ ਉਤਸ਼ਾਹਿਤ ਕਰਦੇ। ਬਚਨ ਕਰਦੇ ਕਿ ਜਦੋਂ ਦੁਸ਼ਮਨ-ਚੋਰ ਤੁਹਾਡੀ ਕਿਰਪਾਨ ਪਾਈ ਵੇਖੇਗਾ ਤਾਂ ਬਿਨਾਂ ਕੁਝ ਸੋਚਿਆਂ, ਉਹ ਦੂਰੋਂ ਹੀ ਭੱਜ ਜਾਇਆ ਕਰੇਗਾ। ਇਸ ਤਰ੍ਹਾਂ ਨਾਲ ਸਿੱਖੀ ਫੈਲਣ ਨਾਲ ਸਾਰਾ ਇਲਾਕਾ ਜਾਗਰੂਕ ਹੋ ਗਿਆ ਤੇ ਧਾੜਵੀ ਤੇ ਚੋਰਾਂ ਤੋਂ ਛੁਟਕਾਰਾ ਮਿਲ ਗਿਆ। ਸਾਰੇ ਇਲਾਕੇ ਵਿਚ ਸੁਖ ਸ਼ਾਂਤੀ ਵਰਤ ਗਈ ਤੇ ਹੁਣ ਜਦੋਂ ਧਾੜਵੀ ਤੇ ਚੋਰਾਂ ਨੂੰ ਫੜ ਕੇ ਪੁਲੀਸ ਦੇ ਪੇਸ਼ ਕੀਤਾ, ਸਜ਼ਾ ਮਿਲੀ ਤਾਂ ਉਨ੍ਹਾਂ ਨੇ ਵੀ ਲੋਕਾਂ ਤੇ ਪੁਲੀਸ ਦੇ ਡਰ ਕੇ ਚੋਰੀ ਦਾ ਧੰਦਾ ਤਿਆਗ ਦਿਤਾ। ਇਸ ਤਰ੍ਹਾਂ ਨਾਲ ਇਸ ਸੁਭਾਗ ਜੋੜੀ ਨੇ ਇਲਾਕੇ ਦੀ ਧਾਰਮਿਕ ਤੇ ਸਮਾਜਿਕ ਤੌਰ 'ਤੇ ਸੇਵਾ ਕਰਕੇ, ਸਿੰਧ ਦੇ ਇਸ ਖਿੱਤੇ ਨੂੰ ਸਵਰਗ ਦਾ ਨਮੂਨਾ ਬਣਾ ਦਿਤਾ।

ਮੈਨੂੰ (ਲੇਖਕ ਨੂੰ) ਇਕ ਬੀਬੀ, ਜਿਸ ਦਾ ਨਾਮ ਪਿਆਰ ਕੌਰ ਸੀ, ਰਤਵਾੜਾ ਸਾਹਿਬ ਆਈ ਹੋਈ ਸੀ, ਉਹ ਵੀ ਸਿੰਧ ਵਿਚ ਬੀਜੀ ਦੀ ਸੰਗਤ ਵਿਚ ਰਹਿ ਕੇ ਆਈ ਸੀ, ਨੇ ਦਸਿਆ ਕਿ ਕੁਝ ਸਮਾਂ ਬਾਬਾ ਜੀ, ਮਾਤਾ ਸੁਖੀ ਦੀ ਬੇਨਤੀ ਕਰਨ ਤੇ ਉਸ ਦੇ ਗ੍ਰਿਹ ਟਿਕੇ ਸਨ ਅਤੇ ਬੀਜੀ ਵੀ ਨਾਲ ਹੀ ਹੁੰਦੇ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਬਾਬਾ ਜੀ ਨੂੰ ਪ੍ਰਸ਼ਾਦਾ ਛਕਾਉਣਾ ਤੇ ਬਾਅਦ ਵਿਚ ਸਾਰੇ ਛਕਦੇ ਸਨ। ਬੀਜੀ ਨੇ ਕਹਿਣਾ ਬੀਬੀਓ! ਪਹਿਲਾਂ ਜਿਹੜੇ ਖੇਤਾਂ ਵਿਚ ਕੰਮ ਕਰਦੇ ਆਏ ਹਨ, ਉਨ੍ਹਾਂ ਨੂੰ ਛਕਾਇਆ ਕਰੋ।

ਸੋ ਗੁਰੂ ਦੇ ਪਿਆਰੇ ਪਰਉਪਕਾਰੀ ਹੁੰਦੇ ਹਨ ਜਿਥੇ ਵੀ ਜਾਣ, ਗੁਰੂ ਪ੍ਰੇਮ ਦਾ ਛੱਟਾ ਦੇ ਕੇ, ਅਪਣੱਤ ਦੀਆਂ ਪੀਡੀਆਂ ਗੰਢਾਂ ਪਾ ਕੇ, ਆਤਮਿਕ ਸਾਂਝ ਪੈਦਾ ਕਰ ਦਿੰਦੇ ਹਨ, ਜਿਸ ਕਰਕੇ ਉਹ ਸਭ ਨੂੰ ਪਿਆਰੇ ਲਗਦੇ ਹਨ।

*ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ*
*ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥ ਅੰਗ - ੫੫੫*

ਇਸ ਕਰਕੇ ਆਪ ਜੀ ਸਭ ਦੇ ਹਰਮਨ ਪਿਆਰੇ ਬਣ ਕੇ ਦਿਲਾਂ ਤੇ ਰਾਜ ਕਰਦੇ ਸੀ। ਸਮਾਂ ਆਪਣੀ ਚਾਲ ਚਲਦਾ ਗਿਆ ਤੇ ਇਸ ਤਰ੍ਹਾਂ ਨਾਲ ਸੇਵਾ ਤੇ ਪਰਉਪਕਾਰ ਕਰਦਿਆਂ ਤਿੰਨ ਸਾਲ ਕਦੋਂ ਬੀਤ ਗਏ, ਪਤਾ ਹੀ ਨਹੀਂ ਲੱਗਾ। ਇਸ ਸਮੇਂ ਦੌਰਾਨ ਆਪ ਜੀ ਨੇ ਇਲਾਕੇ ਦੀ ਕਾਇਆ-ਕਲਪ ਕਰ ਦਿਤੀ। ਗੁਰਸਿੱਖੀ ਪ੍ਰਚਾਰ ਦੇ ਨਾਲ-ਨਾਲ ਆਤਮ ਵਿਸ਼ਵਾਸ਼, ਬਹਾਦਰੀ ਅਤੇ ਸਵੈਮਾਨ ਦੇ ਸਬਕ ਨੂੰ ਦਿੜ੍ਹ ਕਰਵਾਇਆ। ਹੁਣ ਉਸ ਇਲਾਕੇ ਵਿਚ ਆਪ ਜੀ ਨੇ ਪਿਆਰ ਦੀ ਐਸੀ ਸੁਗੰਧੀ ਵੰਡ ਦਿਤੀ ਕਿ ਆਪ ਜਿਧਰ ਵੀ ਜਾਂਦੇ, ਉਥੇ ਹੀ ਸੰਗਤ ਝੱਟ ਇਕੱਤਰ ਹੋ ਕੇ ਰੂਹਾਨੀ ਬਚਨਾਂ ਨੂੰ ਸਰਵਣ ਕਰਨ ਵਾਸਤੇ ਉਤਾਵਲੀ ਰਹਿੰਦੀ ਸੀ। ਜਿਸ ਤਰ੍ਹਾਂ ਆਪ ਜੀ ਸਭ ਨੂੰ ਪਿਆਰ ਵੰਡਦੇ, ਉਸੇ ਤਰ੍ਹਾਂ ਨਾਲ ਸੰਗਤ ਵੀ ਆਪ ਨੂੰ ਪਿਆਰ ਕਰਕੇ, ਗਦ-ਗਦ ਹੁੰਦੀ ਸੀ। ਆਪ ਜੀ ਦੇ ਸਿੱਖੀ ਪ੍ਰਚਾਰ ਸਦਕਾ ਇਸ ਇਲਾਕੇ ਵਿਚ ਲੋਕਾਂ ਦੇ ਸੁਭਾਅ ਬਦਲ ਚੁਕੇ ਸਨ ਅਤੇ ਆਪਸੀ ਭਾਈਚਾਰੇ ਦਾ ਵਾਤਾਵਰਨ ਪੈਦਾ ਹੋ ਚੁੱਕਿਆ ਸੀ। ਆਪ ਜੀ ਮਹਿਸੂਸ ਕਰ ਰਹੇ ਸਨ ਕਿ ਹੁਣ ਇਥੇ ਸਿੱਖੀ ਦਾ ਬੂਟਾ ਵਧੇਗਾ-ਫੁਲੇਗਾ ਕਿਉਂਕਿ ਇਨ੍ਹਾਂ ਨੂੰ ਗੁਰਮਤਿ ਦੇ ਸਿਧਾਂਤ ਤੇ ਉਦੇਸ਼ ਕਾਫੀ ਹੱਦ ਤਕ ਸਮਝ ਪੈ ਚੁਕੇ ਹਨ। ਇਸ ਲਈ ਹੁਣ ਮੇਰਾ ਕਾਰਜ ਵੀ ਇਥੇ ਰਹਿਣ ਦਾ, ਪੂਰਾ ਹੁੰਦਾ ਜਾਪਦਾ ਹੈ।

ਇਸ ਪ੍ਰਕਾਰ ਉਥੇ ਰਹਿੰਦਿਆਂ, ਸੰਤ ਮਹਾਰਾਜ (ਈਸ਼ਰ ਸਿੰਘ ਜੀ) ਦਾ ਜ਼ਿਕਰ, ਅਕਸਰ ਆਪ ਦੋਵਾਂ ਜੀਆਂ ਵਿਚਕਾਰ ਵੀ ਅਤੇ ਸੰਗਤ ਨਾਲ ਪ੍ਰਵਚਨ ਕਰਦਿਆਂ, ਚਲਦਾ ਰਹਿੰਦਾ ਸੀ। ਦੋਵਾਂ ਜੀਆਂ ਨੂੰ ਪਿਆਰੇ ਦੀ ਯਾਦ ਹਰ ਪਲ, ਹਰ ਛਿਨ ਦਿਲ ਨੂੰ ਟੁੰਬ ਕੇ ਦਰਸ਼ਨਾਂ ਦੀ ਤਾਂਘ ਪੈਦਾ ਕਰ ਰਹੀ ਸੀ। ਬੀਜੀ ਵੀ ਆਪ ਜੀ ਨੂੰ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਲਈ ਅਤੇ ਘਰ ਵਾਪਿਸ ਜਾਣ ਵਾਸਤੇ ਬਾਰ-ਬਾਰ ਪ੍ਰੇਰਦੇ ਅਤੇ ਬੇਨਤੀ ਕਰਦੇ ਰਹਿੰਦੇ ਸੀ। ਇਸ ਲਈ ਹੁਣ ਆਪ ਜੀ ਨੇ ਵਾਪਿਸ ਜਾਣ ਦਾ ਫੈਸਲਾ ਲਿਆ ਤੇ ਸਰਦਾਰ ਚੰਦਾ ਸਿੰਘ ਅਤੇ ਮਾਤਾ ਸੁਖ ਕੌਰ ਜੀ ਨੂੰ ਇਸ ਬਾਰੇ ਦਸਿਆ। ਕਹਿਣ ਲੱਗੇ ਕਿ ਹੁਣ ਸਾਨੂੰ ਆਗਿਆ ਦੇਵੋ, ਤੁਸੀਂ ਸਾਨੂੰ ਦੋਵਾਂ ਨੂੰ ਸਾਡੇ, ਮਾਂ-ਪਿਓ ਵਾਲਾ ਪਿਆਰ ਦਿਤਾ ਹੈ। ਆਪ ਨੇ ਅਤੇ ਆਪ ਦੇ ਪਰਿਵਾਰ ਨੇ ਕਦੀ ਵੀ ਸਾਨੂੰ, ਓਪਰੇਪਨ ਦਾ ਅਹਿਸਾਸ ਨਹੀਂ ਹੋਣ ਦਿਤਾ ਜਿਸ ਲਈ ਮੈਂ ਆਪ ਦਾ ਬਹੁਤ ਰਿਣੀ ਹਾਂ। ਗੁਰੂ ਮਹਾਰਾਜ ਜੀ ਨੇ, ਜੋ ਇਸ ਇਲਾਕੇ ਵਿਚ ਦਾਸ ਤੋਂ ਜੋ ਸੇਵਾ ਕਰਵਾਈ ਹੈ, ਉਸ ਵਿਚ ਆਪ ਦੇ ਯੋਗਦਾਨ ਤੇ

ਸਾਥ ਦੇਣ ਲਈ ਵੀ ਮੈਂ ਆਪ ਸਭ ਦਾ ਬਹੁਤ ਧੰਨਵਾਦੀ ਹਾਂ। ਮੈਂ ਤਾਂ ਪ੍ਰਦੇਸੀ ਹਾਂ ਪਰ ਆਪ ਨੇ ਪੁੱਤਰਾਂ ਵਾਲਾ ਪਿਆਰ ਤੇ ਸਤਿਕਾਰ ਦਿਤਾ ਹੈ। ਮੇਰੀ ਧਰਮ ਪਤਨੀ ਨੂੰ ਵੀ ਆਪ ਨੇ ਓਪਰਾਪਨ ਮਹਿਸੂਸ ਨਹੀਂ ਹੋਣ ਦਿਤਾ, ਆਪਣੀ ਧੀ ਵਾਲਾ ਪਿਆਰ ਦਿਤਾ ਹੈ। ਅਸੀਂ ਦੋਵੇਂ ਜੀਅ ਆਪ ਦੇ ਪਿਆਰ ਭਰੇ ਵਤੀਰੇ ਅਤੇ ਅਪਣੱਤ ਤੋਂ ਬਹੁਤ ਖੁਸ਼ ਹਾਂ, ਜਿਸ ਕਰਕੇ ਅਸੀਂ ਜੀਵਨ ਭਰ ਆਪ ਨੂੰ ਭੁਲਾ ਨਹੀਂ ਸਕਾਂਗੇ। ਹੁਣ ਮੇਰਾ ਪਿਆਰਾ ਖਿੱਚ ਰਿਹਾ ਹੈ ਤੇ ਉਸ ਨੇ ਮੈਨੂੰ ਕਿਸੇ ਹੋਰ ਥਾਂ ਭੇਜਣਾ ਹੈ। ਇਸ ਲਈ ਬੇਨਤੀ ਹੈ ਕਿ ਸਾਨੂੰ ਇਜਾਜ਼ਤ ਦਿਓ ਅਤੇ ਆਪਣਾ ਅਸ਼ੀਰਵਾਦ ਦੇ ਕੇ ਵਿਦਾ ਕਰੋ।

ਇਹ ਸੁਣ ਕੇ ਮਾਤਾ ਸੁੱਖ ਕੌਰ ਤੇ ਸਰਦਾਰ ਚੰਦਾ ਸਿੰਘ ਨੂੰ ਸਦਮਾ ਜਿਹਾ ਲੱਗਾ ਤੇ ਉਨ੍ਹਾਂ ਦੇ ਨੇਤਰਾਂ 'ਚੋਂ ਪਿਆਰ ਦਾ ਜਲ ਵਹਿ ਤੁਰਿਆ। ਮਾਤਾ ਕਹਿਣ ਲੱਗੀ ਬੇਟਾ! ਮੈਂ ਤੈਨੂੰ ਸੱਤਵਾਂ ਪੁੱਤਰ ਬਣਾਇਆ ਹੈ ਇਹ ਕਹਿ ਕੇ ਗਲੇ ਨਾਲ ਲੱਗ ਕੇ ਉੱਚੀ-ਉੱਚੀ ਰੋਣ ਲੱਗ ਪਈ ਤੇ ਸਾਰਾ ਟੱਬਰ ਇਕੱਠਾ ਹੋ ਗਿਆ। ਮਾਤਾ ਦੇ ਸਾਰੇ ਪੁੱਤਰ ਕਹਿਣ ਲੱਗੇ, ਅਸੀਂ ਤੁਹਾਨੂੰ ਕਿਵੇਂ ਭੇਜ ਸਕਦੇ ਹਾਂ? ਤੁਸੀਂ ਸਾਨੂੰ ਜੀਵਨ ਜਿਉਣ ਦਾ ਨਵਾਂ-ਨਰੋਆ ਢੰਗ ਬਖਸ਼ਿਆ ਹੈ ਇਸ ਲਈ ਸਾਡੀ ਬੇਨਤੀ ਮੰਨ ਕੇ ਇਥੇ ਹੀ ਰਹੋ। ਆਪ ਜੀ ਸਭ ਨੂੰ ਧਰਵਾਸ ਦੇ ਕੇ ਕਹਿਣ ਲੱਗੇ ਕਿ ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਕੁਝ ਦਿਨ ਹੋਰ ਰੁਕ ਜਾਂਦਾ ਹਾਂ ਪਰ ਮੈਂ ਪਰਦੇਸੀ ਹਾਂ, ਮੇਰਾ ਜਾਣਾ ਲਾਜ਼ਮੀ ਹੈ। ਹੁਣ ਮਾਤਾ ਸੁੱਖ ਕੌਰ ਨੇ ਪਤੀ ਚੰਦਾ ਸਿੰਘ ਨਾਲ ਗੱਲ ਕੀਤੀ ਕਿ ਸੰਤ ਪੁੱਤਰ ਨੇ ਰੁਕਣਾ ਨਹੀਂ, ਜੋ ਮੈਂ ਪਹਿਲੇ ਦਿਨ ਵਾਅਦਾ ਕੀਤਾ ਹੈ ਉਹ ਪੂਰਾ ਕਰਨਾ ਹੈ। ਇਕ ਮੁਰੱਬਾ ਜ਼ਮੀਨ ਦੀ ਆਮਦਨ ਦੇ ਕੇ ਅਤੇ ਨੂੰਹ ਰਾਣੀ ਨੂੰ ਪੂਰੇ ਮਾਣ ਸਤਿਕਾਰ ਨਾਲ ਵਿਦਾ ਕਰਨਾ ਹੈ। ਸੋ ਇਸ ਤਰ੍ਹਾਂ ਜਦੋਂ ਤੁਰਨ ਲੱਗੇ ਤਾਂ ਬੀਜੀ ਵਾਸਤੇ ਤੇ ਮਹਾਂਪੁਰਸ਼ਾਂ ਵਾਸਤੇ ਵਸਤਰ ਆਦਿ ਭੇਟ ਕੀਤੇ ਅਤੇ ਨਕਦੀ ਭੇਟਾ ਜੋ ਆਮਦਨ ਦੀ ਬਣਦੀ ਸੀ, ਭੇਟ ਕੀਤੀ। ਮਹਾਂਪੁਰਸ਼ ਇਹ ਸਭ ਕੁਝ ਸਵੀਕਾਰ ਕਰਨ ਵਾਸਤੇ ਤਿਆਰ ਨਹੀਂ ਸਨ ਪਰ ਉਨ੍ਹਾਂ ਦੇ ਪਿਆਰ, ਵੈਰਾਗ ਤੇ ਸ਼ਰਧਾ ਅੱਗੇ ਵਸ ਨਹੀਂ ਚੱਲਿਆ। ਮਹਾਂਪੁਰਸ਼ਾਂ ਤੇ ਬੀਜੀ ਦੇ ਵਾਪਿਸ ਜਾਣ ਦੀ ਖਬਰ ਸਾਰੇ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਸਭ ਦੇ ਚਿਤ ਉਦਾਸ ਹੋ ਰਹੇ ਸਨ। ਹੁਣ ਉਹ ਘੜੀ-ਪਲ ਆ ਗਿਆ ਜਦੋਂ ਆਪ ਦੋਵੇਂ ਜੀਅ ਨਵਾਬਸ਼ਾਹ ਰੇਲਵੇ ਸਟੇਸ਼ਨ ਵੱਲ ਨੂੰ ਤੁਰਨ ਲੱਗੇ, ਸਾਰੇ ਪਰਿਵਾਰਾਂ ਨੇ, ਬੀਬੀਆਂ- ਭਾਈਆਂ ਨੇ, ਵਗਦੇ ਹੰਝੂਆਂ ਨਾਲ ਵਿਦਾ ਕੀਤਾ। ਬੀਜੀ ਦੇ ਨਾਲ ਮਾਤ ਸੁਖ ਕੌਰ ਜੀ ਗੱਡੇ ਤੇ ਬੈਠ ਗਏ ਤੇ ਮਹਾਂਪੁਰਸ਼ ਘੋੜੀ ਤੇ ਸਵਾਰ ਹੋ ਗਏ ਤੇ ਇਸ ਤਰ੍ਹਾਂ ਜਦੋਂ ਤੁਰੇ ਜਾ ਰਹੇ ਸਨ ਤਾਂ ਥਾਂ-ਥਾਂ ਤੇ ਸੰਗਤਾਂ ਦਰਸ਼ਨ ਕਰਨ ਵਾਸਤੇ ਖੜ੍ਹੀਆਂ ਹੋ ਗਈਆਂ ਤੇ ਮਹਾਂਪੁਰਸ਼ ਸਭ ਨੂੰ ਹੱਥ ਜੋੜਦੇ ਹੋਏ, ਧੀਰਜ ਦੇ ਕੇ ਸਹਜੇ-ਸਹਜੇ ਕਾਫਲੇ ਦੇ ਅੱਗੇ ਹੋ ਕੇ ਚਲਦੇ ਜਾ ਰਹੇ ਸਨ। ਸੰਗਤਾਂ ਦੇ ਪਿਆਰ ਦਾ ਠਾਠਾਂ ਮਾਰਦਾ ਸਮੁੰਦਰ ਇਕ ਅਜੀਬ ਕਰੁਣਾਮਈ ਦ੍ਰਿਸ਼ ਪੇਸ਼ ਕਰ ਰਿਹਾ ਸੀ ਕਿਉਂਕਿ ਸਭ ਦੇ ਨੇਤਰਾਂ ਵਿਚ ਮਹਾਂਪੁਰਸ਼ਾਂ ਤੇ ਬੀਜੀ ਦੇ ਵਿਛੋੜੇ ਦਾ ਜਲ ਵਹਿ ਰਿਹਾ ਸੀ। ਸਾਰੀ ਸੰਗਤ ਦੇ ਮਨ ਵਿਚ ਇਕੋ ਸਵਾਲ ਬਾਰ-ਬਾਰ ਆਉਂਦਾ ਸੀ ਕਿ ਹੁਣ ਪਤਾ ਨਹੀਂ ਇਹਨਾਂ ਪਰਉਪਕਾਰੀ ਗੁਰਮੁਖ ਪਿਆਰਿਆਂ ਦੇ ਦਰਸ਼ਨ ਕਦੋਂ ਹੋਣਗੇ, ਹੁਣ ਸਾਨੂੰ ਕੌਣ ਗੁਰ ਉਪਦੇਸ਼ ਬਖਸ਼ ਕੇ ਸਾਡੀ ਰਹਿਨੁਮਾਈ ਕਰੇਗਾ, ਪਿਆਰੇ ਦੇ ਮਿੱਠੇ ਅਮੋਲਕ ਬਚਨ ਕਦੋਂ ਸੁਣਾਂਗੇ?

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*

*ਅੰਗ - ੪੩੯*

ਸਟੇਸ਼ਨ 'ਤੇ ਪਹੁੰਚ ਕੇ ਦੋਵੇਂ ਜੀਅ, ਸਭ ਨੂੰ ਪਿਆਰ ਨਾਲ ਗੁਰ ਫਤਹਿ ਬੋਲ ਕੇ, ਰੇਲ ਗੱਡੀ ਦੇ ਡੱਬੇ ਵਿਚ ਸਵਾਰ ਹੋ ਗਏ। ਮਾਤਾ ਸੁਖ ਕੌਰ ਤੇ ਸਾਰਾ ਪਰਿਵਾਰ ਇੰਜ ਮਹਿਸੂਸ ਕਰ ਰਿਹਾ ਸੀ, ਜਿਵੇਂ ਉਨ੍ਹਾਂ ਕੋਲੋਂ ਕੋਈ ਪਿਆਰੀ ਵਸਤੂ ਖੁਸ ਗਈ ਹੋਵੇ। ਠੰਡੀਆਂ ਆਹਾਂ ਭਰਦੇ ਤੇ ਅਸੀਸਾਂ ਦਿੰਦੇ ਹੋਏ ਮਾਤਾ ਸੁਖ ਕੌਰ ਜੀ, ਘਰ ਵਾਪਿਸ ਪਰਤ ਆਏ। ਗੁਰਮੁਖ ਪਿਆਰੇ ਦੇ ਮਿਲਾਪ ਤੇ ਸਾਥ ਦੇ ਇਹ ਕੀਮਤੀ ਪਲ, ਅਨੰਦ ਸਰੂਪ ਬਣ ਕੇ, ਪ੍ਰਭੂ ਪਿਆਰ ਦਾ ਹੁਲਾਰਾ ਦਿੰਦੇ ਹੋਏ ਸਦਾ ਲਈ ਇਕ ਮਿੱਠੀ ਤੇ ਅਭੁੱਲ ਯਾਦ ਬਣ ਕੇ ਹਰ ਇਕ ਦੇ ਦਿਲ ਦੀਆਂ ਗਹਿਰਾਈਆਂ ਵਿਚ ਉੱਕਰੇ ਗਏ ਕਿਉਂਕਿ ਜੋ ਪ੍ਰਭੂ ਦਾ ਬਣ ਜਾਂਦਾ ਹੈ, ਸਾਰਾ ਸੰਸਾਰ ਉਸ ਦਾ ਹੋ ਜਾਂਦਾ ਹੈ ਤੇ ਉਸ ਨੂੰ ਪਿਆਰ ਕਰਦਾ ਹੈ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥* *ਅੰਗ- ੧੩੮੨*

ਸੋ ਗੁਰੂ ਪਿਆਰੇ ਜਿਥੇ ਵੀ ਜਾਂਦੇ ਹਨ ਉਥੇ ਦੀ ਸੰਗਤ ਦੇ ਦਿਲਾਂ ਉਤੇ ਆਪਣੇ ਗੁਰਮੁਖ ਜੀਵਨ ਦੀ ਗਹਿਰੀ ਛਾਪ ਲਾ ਕੇ, ਅਭੁੱਲ ਯਾਦ ਬਣ ਜਾਂਦੇ ਹਨ।

*'ਚਲਦਾ.............।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-55 )*

ਰਾਤ ਤਾਂ ਘਰ-ਘਰ ਖੁਸ਼ੀਆਂ ਵਿਚ ਲੰਘੀ, ਅਗਲੇ ਦਿਨ ਹੋਰ ਸੂਫ਼ੀ, ਫਕੀਰ, ਸਿੱਧ ਆਦਿ ਪੂਰਨ ਦੀ ਖੂਹੀ ਤੇ ਮਹੰਤ ਤੇ ਸਾਧੂ ਮਹਿਮਾ ਸੁਣ ਕੇ ਆਏ, ਮਿਲੇ ਤੇ ਵਾਰਤਾਲਾਪ ਕਰਕੇ ਕ੍ਰਿਤ-ਕ੍ਰਿਤ ਹੋਏ। ਸਤਿਗੁਰ ਦੇ ਸੱਚ, ਸਫਾਈ, ਅੰਦਰੋਂ-ਬਾਹਰੋਂ ਏਕਤਾ ਦੇ ਪਿਆਰ ਨਾਲ ਸਾਰੇ ਪ੍ਰੇਮ ਪ੍ਰਾਪਤ ਕਰਕੇ ਗਏ। ਇਨ੍ਹਾਂ ਲੋਕਾਂ ਦੇ ਦਿਲਾਂ ਵਿਚ ਸੁਖ ਤੇ ਸਾਹਸ ਵਧਿਆ।

ਅਗਲੇ ਦਿਨ ਮੂਲਾ ਸਤਿਗੁਰ ਦੇ ਦਰਸ਼ਨ ਨੂੰ ਆਯਾ, ਜਿਸ ਨੇ ਮਰਦਾਨੇ ਨੂੰ ਲਿਖ ਕੇ ਦਿਤਾ ਸੀ ਕਿ ਮਰਨਾ ਸੱਚ ਹੈ ਤੇ ਜੀਊਣਾ ਕੂੜ ਹੈ। ਹੁਣ ਉਸ ਨੂੰ ਬੀ ਪਤਾ ਲਗ ਗਿਆ ਸੀ ਕਿ ਉਹ ਵਪਾਰੀ ਕੌਣ ਸੀ ਜੋ ਦੋ ਪੈਸੇ ਨੂੰ ਸੱਚ ਤੇ ਝੂਠ ਵਿਹਾਜਦਾ ਸੀ। ਇਹ ਸੱਜਣ ਕੁਛ ਵੈਰਾਗੀ ਤੇ ਕੁਛ ਵਿਚਾਰਵਾਨ ਸੀ, ਆਚਰਨ ਦਾ ਬੀ ਭਲਾ ਸੀ, ਪਰੰਤੂ ਜੀਵਨ ਕਣੀ ਦਾ ਜਾਣੂ ਨਹੀਂ ਸੀ। ਕੀਰਤੀ ਸੁਣ ਕੇ ਇਹ ਸੱਜਣ ਬੀ ਦਰਸ਼ਨਾਂ ਲਈ ਆਯਾ। ਸਤਿਗੁਰ ਨੇ ਪਛਾਣਿਆ ਕਿ ਇਹ ਮਰਨ ਨੂੰ ਸੱਚ ਤੇ ਜੀਵਨ ਨੂੰ ਝੂਠ ਜਾਣਨ ਵਾਲਾ ਹੈ। ਇਸ ਦੀ ਮੱਤ ਤੇ ਪਾਪ ਦਾ ਪੜਦਾ ਨਹੀਂ ਪੈਣਾ ਚਾਹੀਦਾ, ਪਰ ਨਾਮ ਬਿਨਾ, ਹਉਂ ਦੇ ਛੌੜ ਨਹੀਂ ਕੱਟੇ ਜਾਂਦੇ, ਹੁਣ ਇਸ ਨੂੰ ਨਾਮ ਦਾ ਰੰਗ ਚੜ੍ਹੇ ਤਾਂ ਚੰਗਾ ਹੋਵੇ। ਸੋ ਦਾਤੇ ਨੇ ਉਸ ਨੂੰ ਨਾਮ ਦਾਨ ਦਿਤਾ, ਹੁਕਮ ਹੋਇਆ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥* *ਅੰਗ - ੧੪੨*

ਮੂਲੇ ਦੇ ਅੰਦਰ ਜਦ ਪ੍ਰਕਾਸ਼ ਹੋਇਆ ਨਾਮ ਦਾ ਤਾਂ ਮਨ ਸੁਖ ਵਿਚ ਆਇਓਸੁ। ਅੰਦਰ ਇਕ ਰਸ ਦੀ ਲਹਿਰ ਤੇ ਅੰਦਰਲੇ ਹੁਸਨ ਦੀ ਪ੍ਰਤੀਤੀ ਦੀ ਲਹਿਰ ਛਿੜ ਪਈ। ਆਪ ਉੱਚਾ ਤੇ ਸੁੱਚਾ ਹੋ ਗਿਆ। ਦਿਨ ਰਾਤ ਨਾਮ ਵਿਚ ਰੰਗ ਬੱਝ ਗਿਆ। ਮੂਲੇ ਨੂੰ ਇਸ ਰਸ ਦੇ ਆਇਆਂ ਸੋਝੀ ਆਈ ਕਿ ਵੈਰਾਗ ਭਲਾ ਤਾਂ ਹੈ ਪਰ ਉਹ ਮਾਯਾ ਦੀ ਮੈਲ ਧੋਣ ਦਾ ਸਾਧਨ ਹੈ, ਵੈਰਾਗ ਪ੍ਰਾਪਤੀ ਨਹੀਂ ਹੈ। ਹਾਂ, ਵੈਰਾਗ ਭਲਿਆਈ ਹੈ, ਆਤਮ ਰੰਗ ਦੀ ਪਾਹ ਬੀ ਹੈ, ਪਰ ਰੰਗ ਨਾਮ ਹੈ। ਨਾਮ ਦੀ ਕਣੀ, ਜੀਵਨ ਕਣੀ, ਜਦ ਅੰਦਰ ਧਸਦੀ ਹੈ, ਤਾਂ ਆਪਾ ਰਸ ਰੂਪ ਹੋ ਜਾਗ ਉਠਦਾ ਹੈ ਤੇ ਆਪੇ ਵਿਚ ਉੱਚਾ ਹੋ ਕੇ ਆਪੇ ਤੋਂ ਭਿੰਨ ਵਿਚ ਰਸਦਾ ਨਹੀਂ, ਰਸੀਆ ਤੇ ਸੁਖੀਆ ਹੋ ਜਾਂਦਾ ਹੈ। ਮੂਲੇ ਨੂੰ ਸਤਿਗੁਰ ਦੇ ਚਰਨਾਂ ਨਾਲ ਐਤਨਾ ਪਿਆਰ ਹੋ ਗਿਆ ਕਿ ਉਹ ਘਰ ਤੋਂ ਉਦਾਸ ਹੋ ਗਿਆ। ਕੀਰਤਨ, ਸਤਿਸੰਗ ਤੇ ਰੱਬੀ ਜੋਤ ਗੁਰੂ ਨਾਨਕ ਦੇ ਦਰਸ਼ਨ, ਉਸ ਨੂੰ ਮੋਹ ਗਏ। ਜਦੋਂ ਸਤਿਗੁਰੂ ਜੀ ਸਿਆਲਕੋਟ ਤੋਂ ਤੁਰੇ ਤਦ ਮੂਲਾ ਨਾਲ ਹੀ ਗਿਆ ਅਰ ਕਈ ਵੇਰ ਦੇਸ਼ ਪ੍ਰਦੇਸ਼ ਸੇਵਾ ਕਮਾਉਂਦਾ ਤੇ ਕ੍ਰਿਤਾਰਥ ਹੁੰਦਾ ਰਿਹਾ ਤੇ ਨਾਮ ਦੇ ਪ੍ਰਚਾਰ ਵਿਚ ਸੇਵਾਦਾਰ ਰਿਹਾ। ਕਾਬਲ ਜਦ ਸਤਿਗੁਰੂ ਜੀ ਗਏ ਹਨ ਤਾਂ ਮੂਲਾ ਸਤਿਗੁਰ ਦੇ ਸ਼ਬਦ ਲਿਖਿਆ ਕਰਦਾ ਸੀ।

ਹੁਣ ਗੁਰੂ ਬਾਬੇ ਨੇ ਰੂਪੇ ਨੂੰ ਓਥੇ ਹੀ ਛੱਡਿਆ, ਜੋ ਦੜਪ ਦੇ ਇਲਾਕੇ ਵਿਚ ਫਿਰੇ, ਸੱਚ ਦਾ ਸਿੰਙੀਨਾਦ ਵਜਾਵੇ ਤੇ ਨਾਮ ਦਾਨ ਬਖਸ਼ੇ। ਆਪ ਗੁਰੂ ਬਾਬਾ ਜੀ ਮਰਦਾਨੇ ਅਰ ਮੂਲੇ ਨੂੰ ਨਾਲ ਲੈ ਕੇ ਪੰਜਾਬ ਦੇ ਦੱਖਣ ਨੂੰ ਹੋ ਟੁਰੇ।

## 48. ਗੋਸ਼ਟ ਮੀਆਂ ਮਿੱਠਾ

ਪਠਾਣੀ ਤਲਵਾਰ ਮਹਿਮੂਦ ਗਜ਼ਨਵੀ ਤੋਂ ਸੂਤੀ ਗਈ ਅਜੇ ਮਿਆਨ ਨਹੀਂ ਗਈ ਹੋਈ, ਚਾਹੇ ਚਾਰ ਸਦੀਆਂ ਹਿੰਦੀਆਂ ਨੂੰ ਪਰਜਾ ਤੇ ਪਠਾਨਾਂ ਨੂੰ ਰਾਜਾ ਹੋ ਗਿਆਂ ਬੀ ਬੀਤ ਚੁੱਕੀਆਂ ਹਨ। ਹਾਂ, ਉਹ ਤਲਵਾਰ ਜੋ ਦੀਨ ਦੇ ਨਾਮ ਤੇ ਸੂਤੀ ਗਈ ਸੀ ਅਜੇ ਬੀ ਉਸੇ ਤਲਵਾਰ ਤੋੜ ਨਾਮ ਤੇ ਸੂਤੀ ਖੜੀ ਹੈ। ਇਕ ਪਾਸੇ ਤਾਂ ਇਹ ਹਿੰਦ ਨੂੰ ਇਸਲਾਮ ਵਿਚ ਧੱਕ ਰਹੀ ਹੈ, ਦੂਜੇ ਪਾਸੇ ਫਕੀਰੀ ਜ਼ੁਬਾਨ ਅਰਥਾਤ ਉਪਦੇਸ਼ ਦੀ ਤਲਵਾਰ, ਮਿਆਨ ਵਿਚ ਹੀ ਵਸਦੀ ਤੇ ਓਥੋਂ ਹੀ ਵਾਰ ਕਰਦੀ ਹਿੰਦ ਨੂੰ ਇਸਲਾਮ ਵਿਚ ਦਾਖਲ ਕਰ ਰਹੀ ਹੈ। ਸ਼ਰਈ ਇਸਲਾਮ ਨੇ ਵੇਦਾਂਤ ਦੇ ਜੰਗ ਦੀ ਚੱਸ, ਆਪਣੇ ਵਿਚ ਲੈ ਕੇ, ਸੂਫੀ ਅੱਖਰਾਂ ਦਾ ਸਿਰਨਾਵਾਂ ਉਤੇ ਲਾ ਕੇ ਤੇ ਇਨਸਾਨੀ ਲੋੜਾਂ ਦੀਆਂ ਤ੍ਰੇੜਾਂ ਤੱਕ-ਤੱਕ ਕੇ ਆਪਣੇ ਦੀਨੀ ਆਸ਼ਿਆਂ ਨੂੰ, ਤ੍ਰੇੜਾਂ ਵਿਚ ਵਾੜ-ਵਾੜ ਕੇ ਹਿੰਦੂ ਚਟਾਨ ਦੇ ਟੁਕੜੇ ਕਰ-ਕਰ ਤੋੜਨੇ ਤੇ ਆਪਣੇ ਵਿਚ ਜ਼ਜ਼ਬ ਕਰਨ ਦਾ ਨਵਾਂ ਤਰੀਕਾ ਬੀ ਸਦੀਆਂ ਤੋਂ

ਜਾਰੀ ਕਰ ਰੱਖਿਆ ਹੈ। ਧਾਗੇ, ਤਵੀਤ, ਮੰਤਰ-ਜੰਤਰ, ਰੱਖਾਂ, ਫੂਕਾਂ, ਝਾੜੇ, ਭੂਤਾਂ ਨੂੰ ਕੀਲਣਾ, ਦੰਦ ਪੀੜਾ ਨੂੰ ਕਕੇ ਜੜਨੇ ਸੀਤਲਾ ਨੂੰ ਸੁਆਹ ਦੇਣੀ ਆਦਿਕ ਗੱਲਾਂ ਬੀ ਮੁਸਲਮਾਨ ਮੁਲਾਣੇ ਤੇ ਫਕੀਰ ਹੁਣ ਕਰ ਰਹੇ ਹਨ। ਮਾਵਾਂ ਦੇ ਪੁੱਤ੍ਰ-ਪ੍ਰੇਮ ਦੇ ਵਲਵਲਿਆਂ ਨੂੰ ਠੰਢ ਪਾਉਣ ਦੇ ਪੰਜ ਟਬਰ ਕਬੀਲਿਆਂ ਵਿਚ ਧਸ ਜਾਣਾ, ਇਕ ਵਸੀਲਾ ਬਣ ਰਹੇ ਹਨ। ਏਹ ਲੋਕ ਰੀਤਿ ਪੈਣ ਦਾ ਜਦੋਂ ਦਾਉ ਫਬ ਗਿਆ ਮੁੰਡਾ ਕਿ ਕੁੜੀ ਤ੍ਰੀਮਤ ਕਿ ਨੱਢਾ, ਜੋ ਅਸਰ ਹੇਠ ਆਇਆ, ਦਾਖਲ ਇਸਲਾਮ। ਜੇ ਅੱਗੋਂ ਰੌਲਾ ਰੱਪਾ, ਜ਼ੋਰ ਧੱਕਾ ਕੁਛ ਹੋਇਆ ਤਾਂ ਸਦਾ ਸੂਤੀ ਇਸਲਾਮੀ ਤਲਵਾਰ ਸ਼ਰ੍ਹਾ ਦੇ ਮਸਲੇ ਤੇ ਕਾਜ਼ੀ ਦੇ ਦਿਤੇ ਫਤਵਿਆਂ ਦੀ ਸੂਰਤ ਵਿਚ ਝੱਟ ਬਿਜਲੀ ਦੀ ਤੇਜ਼ੀ ਨਾਲ ਪੈਣ ਨੂੰ ਤਿਆਰ।

ਭਾਵੇਂ ਪਠਾਣਾਂ ਦੀਆਂ ਕਈ ਖਾਨਾਂ ਜੰਗੀਆਂ ਹੋ ਚੁਕੀਆਂ, ਗੁਲਾਮ, ਖਿਲਜੀ, ਤੁਗਲਕ ਤੇ ਲੋਧੀ ਕਈ ਘਰਾਣੇ ਰਾਜ-ਸਿੰਘਾਸਨ ਪਰ ਵਾਰੋ-ਵਾਰੀ ਇਕ ਦੂਜੇ ਨੂੰ ਮਾਰਦੇ ਕੁੱਟਦੇ ਆਪੋ ਵਿਚ ਲੜਦੇ-ਭਿੜਦੇ ਰਹੇ ਪਰ ਹਿੰਦੀਆਂ ਨੇ ਇਨ੍ਹਾਂ ਦੀਆਂ ਖਾਨਾਂ ਜੰਗੀਆਂ ਤੋਂ ਕੋਈ ਲਾਭ ਉਠਾ ਕੇ ਆਪਾ ਨਾ ਸੰਭਾਲਿਆ। ਇਕ ਵੇਰੀ ਜੁ ਢੱਠੇ ਸੋ ਢੱਠੇ ਮੁੜ ਨਾ ਸੁਰਤ ਸੰਭਾਲੀ, ਨਾ ਪਾਸਾ ਪਰਤਿਆ। ਪੈਂਦੀਆਂ ਗਈਆਂ ਤੇ ਖਾਂਦੇ ਗਏ ਤੇ ਪੀੜ ਨੂੰ ਹਾਇ-ਹਾਇ ਤੇ ਰੋਣ ਦੀ ਝੀਣੀ ਬਾਣ ਵਿਚ ਝਲੀ ਗਏ, ਨਾ ਜਥੇਬੰਦੀ ਆਈ, ਨਾ ਸਾਂਝੇ ਕੰਮ ਲਈ ਕੁਰਬਾਨੀ ਦਾ ਅੰਗੂਰ ਫੁੱਟਿਆ।

ਹਿੰਦੀ ਪਰਜਾ ਦਾ ਕੀ ਹਾਲ ਹੈ? ਇਨ੍ਹਾਂ ਵਿਚ ਕੋਈ ਜਥੇਬੰਦੀ ਨਹੀਂ, ਅਸੀਂ ਹਿੰਦੀ ਹਾਂ ਦਾ ਕੋਈ ਭਾਵ ਨਹੀਂ। ਮਜੂਰੀ, ਵਿਹਾਰ ਕਾਰ ਨਾਲ ਆਪੇ ਦੇ ਦਿਨ ਕਿਵੇਂ ਚੰਗੇ ਲੰਘ ਜਾਣ, ਇਸ ਰੋੜ੍ਹੇ ਵਿਚ ਸਭ ਕੋਈ ਹੈ ਤੇ ਇਹ ਰੋੜ੍ਹੇ ਖੁਦੀ ਦੀ ਸ਼ਕਲ ਲੈ ਕੇ ਆਪੋ ਵਿਚ ਤ੍ਰੇੜ ਤੋਂ ਤ੍ਰੇੜ ਦੇ ਰਹੇ ਹੈਨ, ਵਿਦਿਆ-ਸਰਬ ਸਾਧਾਰਣ ਦੀ ਵਿਦਿਆ ਹੈ ਨਹੀਂ। ਕੋਈ ਚੋਟੀ ਦਾ ਵਿਦਵਾਨ ਹੈ ਤਾਂ ਉਹ ਖੁਸ਼ਕ ਵੇਦਾਂਤ ਦੇ ਦਿਲ ਤੇ ਪੱਠਿਆਂ ਨੂੰ ਸੁਸਤ ਤੇ ਉਮਾਹ ਰਹਿਤ ਕਰ ਦੇਣ ਵਾਲੇ ਅਸਰ ਹੇਠ ਇਕ ਹੋਰ ਤਰ੍ਹਾਂ ਦੀ ਖੁਦਗਰਜ਼ੀ ਦੇ ਜੀਵਨ ਵਿਚ ਜੀਉ ਰਿਹਾ ਹੈ। ਜਾਨਵਰ ਵਾਂਗੂੰ ਨਹੀਂ ਪਰ ਬਨਸਪਤੀ ਵਾਂਗੂੰ ਖਾ ਪੀ, ਮੌਲ ਰਿਹਾ ਹੈ, ਪਰ ਬਿਨ ਸਾਹਸ ਤੇ ਬਿਨ ਜੀਵਨ ਰੌ ਦੇ ਮਰ ਰਿਹਾ ਹੈ। ਹਾਂ, ਫੋਕਾ ਨਿਰਾ ਖਿਆਲੀ ਵੇਦਾਂਤ ਵਿਦਵਾਨਾਂ ਨੂੰ ਖੱਸੀ ਤੇ ਹਮਦਰਦੀ ਤੋਂ ਸੱਖਣਾ ਇਕ ਬ੍ਰਿਛ-ਬੂਟੇ ਵਰਗਾ, ਭਾਵ ਰਹਿਤ ਜੀਵਨ ਦੇ ਰਿਹਾ ਹੈ। ਫਕੀਰ, ਗੁਸਾਈਂ, ਸਾਧੂ, ਭਿਖੂ ਤੇ ਰਮਤੇ ਉਪਦੇਸ਼ਕ ਜਾਨਾਂ ਪਾਵਣ, ਆਚਰਨ ਉੱਚੇ ਕਰਨ, ਉੱਚੇ ਜੀਵਨ ਦੀ ਰੌ ਵਿਛਾ ਦੇਣ ਦੀ ਥਾਂ ਕੇਵਲ ਮੰਗਤੇ ਹੋ ਰਹੇ ਹਨ। ਭੇਖ ਮਾਤ੍ਰ ਨਾਲ ਕਿ ਸਰਾਪ ਦੇ ਡਰਾਵੇ ਨਾਲ, ਅਸੀਸ ਤੇ ਵਰ ਦੇ ਲੋਭ ਨਾਲ ਕਿ ਧਾਗੇ, ਜੰਤਰਾਂ, ਬੀਰਾਰਾਧਨ ਦੇ ਤਰੀਕਿਆਂ ਨਾਲ ਲੋਕਾਂ ਦੀਆਂ ਪੀੜਾਂ ਹਰਨ ਦੇ ਭੁਲੇਵੇ ਦੇ-ਦੇ ਕੇਵਲ ਪੇਟ ਪੂਜਾ ਦਾ ਕਾਰਜ ਸਾਧ ਰਹੇ ਹਨ। ਕਿਸੇ ਸਾਧੂ ਨੇ ਅੰਬਾਂ ਦੇ ਦਰਖਤਾਂ ਥੱਲੇ ਸੁਹਣੇ-ਸੁਹਾਵੇ ਟਿਕਾਣੇ ਚੁਮਾਸਾ ਗੁਜ਼ਾਰ ਲਿਆ, ਕਿਸੇ ਰਮਣੀਕ ਪਹਾੜੀ ਕੋਹ ਕਿ ਹੋਰ ਕਿਸੇ ਨਿੱਘ ਆਸਰੇ ਸਿਆਲ ਬਿਤਾ ਲਿਆ, ਕਿਸੇ ਨੇ ਕਿਸੇ ਸੁਹਾਵੇ ਨਦੀ ਕਿਨਾਰੇ ਯਾ ਪਰਬਤਾਂ ਦੀ ਸ਼ਿਖਰੇ ਉਨ੍ਹਾਲ ਬਿਤਾ ਲਿਆ, ਜਿੱਥੇ ਜਿਵੇਂ ਦਾਉ ਫਬ ਗਿਆ ਕੂਲੀ ਗੁੱਲੀ ਜੁੱਲੀ ਪੈਦਾ ਕਰ ਲਈ। ਹਾਂ, ਇਹੋ ਜੇਹੀ ਰੁੱਲੀ, ਡੁੱਲੀ, ਢਿੱਲੀ, ਡਿੱਗੀ, ਨਿਮਾਣੀ ਨਿਤਾਣੀ ਪਰਜਾ, ਪਰ ਪਠਾਣੀ ਤਲਵਾਰ ਹਕੂਮਤ ਕਰ ਰਹੀ ਹੈ। ਕੋਈ-ਕੋਈ ਰਾਜ ਸ਼੍ਰੇਣੀ ਵਿਚ ਬੀ ਚਮਕਦਾ ਹੈ ਪਰ ਹਾਕਮਾਂ ਦੇ ਤਾਬਿਆ, ਉਹਨਾਂ ਦੇ ਰੁਖ, ਰੌਂ ਦੇ ਅਨੁਸਾਰ ਤੇ ਉਨ੍ਹਾਂ ਦੇ ਵਤੀਰੇ ਦਾ ਸਹਾਈ ਹੋ ਕੇ! ਉਸ ਦਾ ਹੁਕਮ ਹਾਸਲ ਹਿੰਦੀ ਪਰਜਾ ਨਾਲ ਦਰਦ ਵਾਲਾ ਨਹੀਂ ਬਣਦਾ, ਸਗੋਂ ਜਿਵੇਂ ਗੁਲਾਮਾਂ ਵਿਚੋਂ ਗੁਲਾਮਾਂ ਦਾ ਥਾਪਿਆ ਸਰਦਾਰ, ਗੁਲਾਮਾਂ ਦੇ ਮਾਲਕ ਕੋਲੋਂ ਆਪਣਿਆਂ ਤੇ ਵਧੀਕ ਜ਼ੁਲਮ ਕਰਦਾ ਹੈ, ਤਿਵੇਂ ਏਹ ਮਨਸਬਦਾਰ ਆਪਣਿਆਂ ਨੂੰ ਵਧੇਰੇ ਦੁਖਦਾਈ ਹੋ ਰਹੇ ਹਨ। ਅਵਿਦਿਆ ਦਾ ਇਕ ਪਾਸੇ ਅੰਧਕਾਰ ਹੈ, ਦੂਜੇ ਪਾਸੇ ਜ਼ੋਰ ਜ਼ੁਲਮ ਦਾ ਗੁਬਾਰ ਧੂਆਂਧਾਰ ਹੈ।

ਇਸ ਹਾਲਤ ਵਿਚ, ਇਸ ਬੀਮਾਰ ਪਰਜਾ ਦੇ ਵਿਚਕਾਰ ਇਕ ਜੀਉਂਦੀ ਜਿੰਦ ਕਿਤੋਂ ਆ ਨਿਕਲੀ ਹੈ। ਉਹ ਸੁਹਾਵੀ, ਚਮਕੀਲੀ, ਰੰਗੀਲੀ ਪਿਆਰਾਂ ਵਾਲੀ ਜਿੰਦੜੀ-ਗੁਰ ਨਾਨਕ ਜਿੰਦੜੀ ਹੈ। ਕੂਲੀ ਕੂਲੀ, ਪਿਆਰੀ-ਪਿਆਰੀ, ਸੁਹਣੀ-ਸੁਹਣੀ ਪਰ ਨਿੱਗਰ-ਨਿੱਗਰ, ਅਹਿੱਲ-ਅਹਿੱਲ ਹੀਰੇ ਨਾਲੋਂ ਕੁਰਾੜੀ ਤੇ ਰੇਸ਼ਮ ਨਾਲੋਂ ਨਰਮ। ਹਾਂ, ਇਹ ਮਲੂਕ ਤੇ ਜ਼ੋਰਦਾਰ ਜਿੰਦੜੀ ਇਸ ਸੋਈ ਪ੍ਰਜਾ ਵਿਚ ਰੱਬੀ ਗਿਆਨ ਤੇ ਵਿਦਿਆ ਦਾ ਦੀਵਾ ਬਾਲ ਬੈਠੀ ਹੈ। ਸਰਬ ਸਾਧਾਰਣ ਹਾਂ, ਆਮ ਪਰਜਾ ਨੂੰ ਉਹਨਾਂ ਦੀ ਬੋਲੀ ਵਿਚ ਉੱਚੇ-ਉੱਚੇ ਖਿਆਲ, ਜਾਨ ਪਾਉਣ ਵਾਲੇ ਭਾਵ ਆਪੇ ਨੂੰ ਸੰਭਾਲ ਕੇ ਜੀਉ ਪੈਣ ਵਾਲੀ ਅੰਦਰਲੀ ਪ੍ਰਤੀਤੀ ਦੇ ਰਹੀ ਹੈ। ਆਪਣੀ ਬੋਲੀ ਵਿਚ ਵਿਦਿਆਵਾਨ ਹੋ ਜਾਣ ਦੀ ਨੀਂਹ ਧਰੀਸੂ। ਆਪਣਾ ਸਾਹਿਤ ਬਖਸ਼ ਦਿਤਾ ਸੁ, ਨਾਲ ਧਰਮਸਾਲ ਥਾਪੀਸੂ ਜਿਥੇ ਕਿ ਮੁੱਢਲੀ ਵਿਦਿਆ ਮਿਲੇ, ਜਿੱਥੇ ਕਿ ਸੁੱਚਾ

